# ਖਾਲਸਾ ਰਾਜ ਦੇ ਉਸਰਈਏ



ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

Sri Satguru Jagjit Singh Ji eLibrary NamdhariElibrary@gmail.com

# ਖਾਲਸਾ ਰਾਜ ਦੇ ਉਸਰਈਏ

## ਭਾਗ ੨

ਬਾਬਾ ਪ੍ਰੇਮ ਸਿੰਘ ਹੋਤੀ

ਲਾਹੌਰ ਬੁਕ ਸ਼ਾਪ
ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

# Khalsa Raj de Usraia (History)

By Baba Prem Singh Hoti

ਕੀਮਤ 75 ਰੁਪਏ

**ਪ੍ਰਕਾਸ਼ਕ :** ਤੇਜਿੰਦਰਬੀਰ ਸਿੰਘ
ਲਾਹੌਰ ਬੁਕ ਸ਼ਾਪ
2, ਲਾਜਪਤ ਰਾਇ ਮਾਰਕੀਟ
ਲੁਧਿਆਣਾ
ਫੋਨ ਨੰ: 740738

**ਛਾਪਕ :** ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ ਸ਼ਹਿਰ

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਇਹ ਪੁਸਤਕ ਉਨ੍ਹਾਂ Unknown ਨਾ - ਮਾਲੂਮ ਕੌਮੀ
ਪ੍ਰਵਾਨਿਆਂ ਦੀ ਪਾਵਨ ਰੂਹਾਂ ਦੇ ਸਮਰਪਣ
ਕਰਦਾ ਹਾਂ, ਜਿਨ੍ਹਾਂ ਖਾਲਸਾ ਰਾਜ
ਦੀ ਉਸਾਰੀ ਲਈ ਆਪਾ
ਵਾਰਿਆ ਪਰ ਅੱਜ ਉਨ੍ਹਾਂ
ਬੀਰਾਂ ਦੇ ਨਾਮ ਕੋਈ
ਨਹੀਂ ਜਾਣਦਾ।

ਬਾਬਾ ਪ੍ਰੇਮ ਸਿੰਘ

Sri Satguru Jagjit Singh Ji eLibrary NamdhariElibrary@gmail.com

ਡਾਇਮੰਡ ਜੁਬਲੀ ਵਰ੍ਹੇ (1940–2000) ਦੇ ਮੌਕੇ ਤੇ
ਲਾਹੌਰ ਬੁਕ ਸ਼ਾਪ ਦੇ ਬਾਨੀ
ਤੇ ਪੰਜਾਬੀ ਪ੍ਰਕਾਸ਼ਨ ਦੇ ਬਾਬਾ ਬੋਹੜ
ਸ. ਜੀਵਨ ਸਿੰਘ ਨੂੰ ਸਮਰਪਿਤ

Sri Satguru Jagjit Singh Ji eLibrary NamdhariElibrary@gmail.com

# ਆਰੰਭਕ ਬੇਨਤੀ

ਸੰਸਾਰ ਦੇ ਪ੍ਰਸਿਧ ਵਿਦਵਾਨ ਇਸ ਨੁਕਤੇ ਪਰ ਸਹਿਮਤ ਹਨ ਕਿ ਫੁਟ ਦੀ ਮਾਰ ਨਾਲ ਨਿਤਾਨੀ ਹੋ ਚੁਕੀ ਕਿਸੇ ਕੌਮ ਨੂੰ ਸਤਾਣਾ ਕਰਕੇ ਮੁੜ ਜਥੇਬੰਦ ਕਰਨ ਲਈ ਕੇਵਲ ਇਕੋ ਸਾਧਨ ਹੈ ਅਤੇ ਉਹ ਹੈ ਬੀਰ-ਪੂਜਾ।

ਮਹਾਂ-ਪੁਰਖਾਂ ਦੇ ਕਾਰਨਾਮੇ ਉਹ ਸੰਜੀਵਨੀ ਬੂਟੀ ਹੈ ਜਿਸ ਨਾਲ ਠੰਡੇ ਲਹੂ ਵਿਚ ਮੁੜ ਤਪਸ਼ ਰਗਾਂ ਵਿਚ ਮੁੜ ਜੀਵਨ ਸ਼ਕਤੀ ਛਲਕੇ ਖਾਣ ਲਗਦੀ ਹੈ।

ਹੀਰੋ-ਪੂਜਨ ਉਹ ਅਹਿਲ ਨੀਂਹ ਪੱਥਰ ਹੈ ਜਿਸ ਪਰ ਉਸਰਿਆ ਕੌਮੀਅਤ ਦਾ ਕੋਟ ਸਦਾ ਅਜਿੱਤ ਰਹਿੰਦਾ ਹੈ।

ਇਸ ਗੱਲ ਦੇ ਮੰਨਣ ਤੋਂ ਕਿਸੇ ਨੂੰ ਇਨਕਾਰ ਨਹੀਂ ਕਿ ਜਿੰਨੇ ਵਧ ਮਹਾਂਬੀਰਾਂ ਨੂੰ ਖਾਲਸੇ ਜਨਮ ਦਿੱਤਾ, ਸ਼ਾਇਦ ਹੀ ਕਿਸੇ ਹੋਰ ਨੇ ਪੈਦਾ ਕੀਤੇ ਹੋਣ। ਪਰ ਨਾਲ ਹੀ ਇਹ ਵੀ ਅਵਸ਼ ਮੰਨਣਾ ਪੈਂਦਾ ਹੈ ਕਿ ਇਨ੍ਹਾਂ ਮਹਾਨ-ਹਸਤੀਆਂ ਦੇ ਬੇ-ਮਿਸਾਲ ਕਾਰਨਾਮਿਆਂ ਦੇ ਇਤਿਹਾਸ ਲਿਖਣ ਵਿਚ ਵੀ ਜਿੰਨੀ ਵਧ ਬੇ-ਪਰਵਾਹੀ ਖਾਲਸੇ ਨੇ ਕੀਤੀ ਹੈ ਕਿਸੇ ਹੋਰ ਕੌਮ ਨੇ ਨਹੀਂ ਕੀਤੀ।

ਕਈ ਉੱਘੇ ਵਿਚਾਰਵਾਨਾਂ ਦੀ ਡੂੰਘੀ ਵਿਚਾਰ ਦਾ ਸਾਰ ਇਹ ਹੈ ਕਿ ਅਸਾਡੇ ਵਿਚ ਜਥੇਬੰਦੀ ਦੀ ਕਮੀ ਅਤੇ ਧਰਮ ਵਲੋਂ ਅਰੁਚੀ ਦਾ ਮੂਲ ਕਾਰਨ ਅਸਾਡੇ ਨੌਜਵਾਨਾਂ ਦਾ ਆਪਣੇ ਮਹਾਂ ਬੀਰਾਂ ਦੇ ਕਾਰਨਾਮਿਆਂ ਤੋਂ ਅਨਜਾਣ ਹੋਣਾ ਹੈ।

ਭਾਵੇਂ ਅਸੀਂ ਆਪਣੀ ਅਨਗਹਿਲੀ ਦੇ ਕਾਰਨ ਆਪਣੇ ਇਤਿਹਾਸ ਦਾ ਬਹੁਤ ਸਾਰਾ ਮਸਾਲਾ ਗਵਾ ਬੈਠੇ ਹਾਂ ਪਰ ਜੇ ਕਦੇ ਹੁਣ ਵੀ ਪੰਥ ਇਧਰ ਧਿਆਨ ਦੇਵੇ ਤਾਂ ਅਜੇ ਵੀ ਬਹੁਤ ਬਚ ਸਕਦਾ ਹੈ।

ਯਾਦ ਰਹੇ ਕੁਦਰਤ ਦਾ ਇਹ ਨਿਯਮ ਅਟੱਲ ਹੈ ਕਿ ਸਮਾਂ ਕਿਸੇ ਲਈ ਖਲੋ ਕੇ ਉਡੀਕ ਨਹੀਂ ਕਰਦਾ। ਇਹ ਆਪਣੀ ਤਿੱਖੀ ਚਾਲੇ ਭਜਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਅਸਾਡੇ ਬ੍ਰਿਧ ਸੰਸਾਰ ਤੋਂ ਕੂਚ ਕਰਦੇ ਚਲੇ ਜਾ ਰਹੇ ਹਨ। ਉਹ ਆਪਣੇ ਭਰਪੂਰ ਸੀਨਿਆਂ ਵਿਚ ਕੌਮ ਦਾ ਬਹੁਮੁੱਲਾ ਖਜ਼ਾਨਾ ਆਪਣੇ ਨਾਲ ਲੋਪ ਕਰ ਰਹੇ ਹਨ।

ਇਸ ਖ਼ਤਰੇ ਤੋਂ ਪ੍ਰਭਾਵਤ ਹੋਕੇ ਮੈਂ ਆਪਣੇ ਵਲੋਂ ਯਤਨ ਕੀਤਾ ਹੈ ਕਿ ਇਸ ਗੁੰਮ ਹੋ ਰਹੇ ਕੌਮੀ ਜਵਾਹਰਾਂ ਦੇ ਭੰਡਾਰ ਨੂੰ ਜਿਥੋਂ ਤਕ ਹੋ ਸਕੇ ਸੁਰਖਿਅਤ ਕਰ ਲਿਆ ਜਾਏ।

ਇਸ ਵਕਤ ਇਹ ਖਾਲਸਾ ਰਾਜ ਦੇ ਉਸਰਈਏ ਦੀ ਦੂਜੀ ਪੁਸਤਕ ਹਾਜ਼ਰ ਹੈ। ਇਸ ਵਿਚ ਉਨ੍ਹਾਂ ਕੌਮੀ ਸ਼ਮ੍ਹਾਂ ਦੇ ਪਰਵਾਨਿਆਂ ਦੇ ਕਾਰਨਾਮੇ ਹਨ, ਜਿਨ੍ਹਾਂ ਆਪਣੇ ਪਿਆਰੇ ਪੰਥ ਦੀ ਸ਼ਾਨ ਨੂੰ ਉਚਿਆਂ ਕਰਨ ਅਤੇ ਪੰਜਾਬੀਆਂ ਨੂੰ ਗੈਰਾਂ ਦੀ ਗੁਲਾਮੀ ਤੋਂ ਅਜ਼ਾਦੀ ਦਿਵਾਉਣ ਲਈ, ਕਫਨ ਸਿਰਾਂ ਪਰ ਬੰਨ੍ਹ ਕੇ ਆਪਣੇ ਆਪ ਨੂੰ ਨਿਛਾਵਰ ਕੀਤਾ।

ਇਸ ਤਰ੍ਹਾਂ ਇਕ ਸਾਂਝੇ ਖਾਲਸਾ ਰਾਜ ਦੀ ਨੀਂਹ ਰਖੀ ਜਿਸ ਵਿਚ ਸਭ ਕਿਸੇ ਨੂੰ ਆਪੋ ਆਪਣੇ ਧਾਰਮਕ ਅਤੇ ਰਾਜਸੀ ਹੱਕ ਪ੍ਰਾਪਤ ਸਨ।

ਇਸ ਲੜੀ ਦੀ ਤੀਜੀ ਪੁਸਤਕ, ਜਿਸ ਵਿਚ ਖਾਲਸਾ ਦੇ ਮੁਲਕੀ ਪ੍ਰਬੰਧ ਬਾਰੇ ਸਣੇ-ਵੇਰਵੇ ਲਿਖਿਆ ਗਿਆ ਹੈ, ਛੇਤੀਂ ਹੀ ਛਪ ਰਹੀ ਹੈ। ਜਿਸ ਤੋਂ ਸਪੱਸ਼ਟ ਹੋ ਜਾਏਗਾ ਕਿ ਖਾਲਸਾ ਨਾ ਕੇਵਲ ਮੈਦਾਨਿ-ਜੰਗ ਵਿਚ ਤੇਗਾਂ ਮਾਰਨ ਦਾ ਹੀ ਧਨੀ ਸੀ ਸਗੋਂ ਪ੍ਰਬੰਧਕ ਯੋਗਤਾ ਲਈ ਵੀ ਆਪਣੀ ਨਜ਼ੀਰ ਆਪ ਸੀ।

ਬਾਬਾ ਪ੍ਰੇਮ ਸਿੰਘ

ਹੋਤੀ ਮਰਦਾਨ

ਜੂਨ ੧੯੪੪

Sri Satguru Jagjit Singh Ji eLibrary NamdhariElibrary@gmail.com

# ਖਾਲਸਾ ਰਾਜ ਦੇ ਉਸਰਈਏ ਬਾਰੇ ਵਿਦਵਾਨਾਂ ਦੀ ਰਾਏ

ਇਤਿਹਾਸ ਨੂੰ ਜੀਵਨ ਚਰਿਤ੍ਰਾਂ ਵਿਚ ਨਿਰਪੂਣ ਕਰਨਾ ਇਕ ਹੁਨਰ ਹੈ। ਤਵਾਰੀਖ ਏਸ ਤਰ੍ਹਾਂ ਸਾਹਿਤ ਦਾ ਹੁਸਨ-ਜਾਮਾ ਪਹਿਨਕੇ ਕੋਮਲ ਹੁਨਰ ਦੀ ਰੰਗ ਬਰੰਗੀ ਫਬਨ ਦਵਾਰਾ ਡੂੰਘੇ ਅਸਰ ਵਾਲੀ ਹੋ ਜਾਂਦੀ ਹੈ। ਕੌਮੀ ਲਹਿਰ ਨੂੰ ਪੈਦਾ ਕਰਨ ਵਾਲੇ ਲੇਖਕ ਏਸ ਤਰੀਕੇ ਨੂੰ ਵਰਤਦੇ ਹਨ।

ਬਾਬਾ ਪ੍ਰੇਮ ਸਿੰਘ ਜੀ ਵੀ ਇਤਿਹਾਸਕ ਮਸਾਲੇ ਨੂੰ ਜੀਵਨ ਕਥਾ ਵਿਚ ਵਰਤਦੇ ਹਨ, ਆਪ ਦੀ ਲਿਖਣ-ਸ਼ੈਲੀ ਦੇ ਉਪਰਲੇ ਪੱਧਰ ਦੇ ਹੇਠਾਂ ਕੌਮੀ ਪਿਆਰ ਦੀ ਡੂੰਘਾਈ ਹੈ। ਇਸ ਜਜ਼ਬੇ ਦੇ ਅਸਰ ਦੇ ਹੇਠ ਸਿਧੇ ਸਾਧੇ ਲਫਜ਼ਾਂ ਨਾਲ ਉਹ ਨਮੂਨੇ ਚਿਤਰੇ ਜਾਂਦੇ ਹਨ ਜਿਨ੍ਹਾਂ ਦੇ ਅੰਦਰ ਕੌਮੀ ਤੇ ਧਾਰਮਿਕ ਪ੍ਰਾਣ ਸਾਹ ਲੈਂਦੇ ਪ੍ਰਤੀਤ ਹੁੰਦੇ ਹਨ। ਇਤਿਹਾਸ ਇਕ ਜੀਊਂਦੀ ਜਾਗਦੀ ਵਸਤੂ ਬਣ ਜਾਂਦੀ ਹੈ ਤੇ ਪਾਠਕ ਨੂੰ ਪਤਾ ਲਗਦਾ ਹੈ ਕਿ ਜਿਨ੍ਹਾਂ ਵੱਡਿਆਂ ਦਾ ਉਹ ਹਾਲ ਪੜ੍ਹ ਰਿਹਾ ਹੈ ਉਹ ਕੋਈ ਓਪਰੇ ਬੰਦੇ ਨਹੀਂ, ਸਗੋਂ ਉਹ ਉਸ ਦੇ ਆਪਣੇ ਬਜ਼ੁਰਗ ਹਨ ਤੇ ਜੋ ਵਿਰਸੇ ਵਿਚ ਉਸ ਲਈ 'ਫਖਰ ਦੀ ਦੌਲਤ' ਛਡ ਗਏ ਹਨ, ਜਿਸ ਦੌਲਤ ਨੂੰ ਹੁਣ ਉਸ ਨੇ ਹੋਰ ਵਧਾਉਣਾ ਹੈ ਤੇ ਇਸ ਤਰ੍ਹਾਂ ਇਕ ਭਾਰੀ ਖਜ਼ਾਨਾ ਅਗਲੀਆਂ ਨਸਲਾਂ ਲਈ ਵਸੀਅਤ ਕਰਨਾ ਹੈ।

ਡਾ: ਬਲਬੀਰ ਸਿੰਘ ਬੀ. ਐਸ-ਸੀ.
ਡੀ. ਆਈ. ਸੀ., ਪੀ. ਐਚ. ਡੀ (ਲੰਡਨ)

"Khalsa Raj De Usraie" has a great value as an historical literature in homely Punjabi. The author has been very successful in presenting history in simple and attractive language.

(Sd) Charan Singh M. Sc.
Vice Principal
Khalsa College, Amritsar

Sri Satguru Jagjit Singh Ji eLibrary NamdhariElibrary@gmail.com

# ਤਤਕਰਾ


| | |
|---|---|
| **ਸਰਦਾਰ ਫ਼ਤਹ ਸਿੰਘ ਮਾਨ** | ੧੫ |
| ਮਾਨ ਘਰਾਣਾ | ੧੫ |
| ਮੇਰੀ ਵਰੀ ਦੇ ਤੇਵਰ | ੧੫ |
| ਸ: ਫ਼ਤਹ ਸਿੰਘ ਮਾਨ | ੧੬ |
| ਸ਼ਾਹਜਾਦਾ ਖੜਗ ਸਿੰਘ ਦੀ ਮੁਸਾਹਿਬੀ | ੧੬ |
| ਕਾਂਗੜੇ ਦੇ ਮੈਦਾਨਿ ਜੰਗ ਵਿੱਚ | ੧੭ |
| ਗੋਰਖਿਆਂ ਦੇ ਸੁਪਨੇ | ੧੭ |
| ਗੋਰਖਿਆਂ ਪਰ ਫ਼ਤਹ | ੧੮ |
| ਡਸਕੇ ਦੇ ਸੰਗ੍ਰਾਮ ਵਿਚ ਫਟੜ ਹੋਣਾ | ੧੮ |
| ਮੁੜ ਜ਼ਖਮੀ ਹੋਣਾ | ੧੮ |
| ਮੁਲਕੀ ਪ੍ਰਬੰਧ ਦੀ ਯੋਗਤਾ | ੧੯ |
| ਸਾਹੀਵਾਲ ਦਾ ਨਾਜ਼ਮ ਮੁਕੱਰਰ ਹੋਣਾ | ੧੯ |
| ਮਨਕੇਰੇ ਦੀ ਕਿਲਾਦਾਰੀ ਤੇ ਨਿਜ਼ਾਮਤ | ੧੯ |
| ਖ਼ਤਰਨਾਕ ਸੇਵਾ | ੧੯ |
| ਬੰਨੂੰ ਦੀ ਫ਼ਤਹ | ੨੦ |
| ਦਿਲਾਸਾ ਖਾਨ ਦੀ ਬਗ਼ਾਵਤ | ੨੦ |
| ਦਿਲਾਸਾ ਖਾਨ ਦਾ ਫਟੜ੍ਹ ਹੋਣਾ | ੨੨ |
| ਬੰਨੂੰ ਦੀ ਲੜਾਈ ਬਾਰੇ ਪਸ਼ਤੋ ਜੰਗੀ ਗੀਤ | ੨੨ |
| ਇਸ ਗੀਤ ਦੀ ਉਥਾਨਕਾ ਤੇ ਵੇਰਵਾ | ੨੨ |
| ਅਸਲੀ ਗੀਤ | ੨੩ |
| ਅੰਤਮ ਸੇਵਾ | ੨੪ |
| ਰਾਜਾ ਗੁਲਾਬ ਸਿੰਘ ਦਾ ਵਿਸਾਹ ਘਾਤ | ੨੫ |
| ਸਰਦਾਰ ਫ਼ਤਹ ਸਿੰਘ ਦਾ ਆਪਾ ਵਾਰਨਾ | ੨੫ |




Sri Satguru Jagjit Singh Ji eLibrary NamdhariElibrary@gmail.com

ਖਾਲਸੇ ਦਾ ਜੋਸ਼ ੨੬

ਰਾਜਾ ਗੁਲਾਬ ਸਿੰਘ ਦੀ ਗ੍ਰਿਫ਼ਤਾਰੀ ਤੇ ਜੁਰਮਾਨਾ ੨੬

**ਸ: ਜੈ ਸਿੰਘ ਮਾਨ ੨੭**

ਮੁਗਲ ਚੱਕ ਦਾ ਨਾਮ ਘਰਾਣਾ ੨੭

ਆਪਣੇ ਤਿੰਨੇ ਪੁੱਤ੍ਰ ਸਮਰਪਣ ਕਰਨੇ ੨੭

ਸ. ਮੇਹਰ ਸਿੰਘ ਦੀ ਨਿਰਭੈਤਾ ੨੭

ਫਟੜ ਹੋਣਾ ੨੮

ਕਸ਼ਮੀਰ ਦੀ ਦੁਖੀ ਪਰਜਾ ੨੮

ਸ. ਮੇਹਰ ਸਿੰਘ ਮਾਨ ਦੀ ਕੁਰਬਾਨੀ ੩੦

ਸ. ਜੋਧ ਸਿੰਘ ਮਾਨ ਦੀ ਬੀਰਤਾ ੩੧

ਮੁਹੰਮਦ ਅਜ਼ੀਮ ਖ਼ਾਨ ਦੀ ਦ੍ਰਿਸ਼ਟੀ ੩੨

ਖਾਲਸੇ ਨੂੰ ਨਜ਼ਰਾਨਾ ਦੇਣਾ ਤੇ ਈਨ ਮੰਨਣਾ ੩੨

ਸ਼ੇਰਿ ਪੰਜਾਬ ਦੀ ਪ੍ਰਵਾਨਗੀ ੩੨

ਸ. ਜੋਧ ਸਿੰਘ ਦੇ ਹੋਰ ਕਾਰਨਾਮੇ ੩੪

ਸ. ਦੀਵਾਨ ਸਿੰਘ ਮਾਨ ਦੀ ਦਿਲਾਵਰੀ ੩੪

ਸ: ਸਦਾ ਸਿੰਘ ਦੀ ਕੁਰਬਾਨੀ ੩੪

ਸਿਰ ਧੜ ਦੀ ਬਾਜ਼ੀ ੩੪

ਹਥੋ ਹਥ ਲੜਾਈ ਵਿਚ ਫੱਟੜ ਹੋਣਾ ੩੪

ਬੇਮਿਸਾਲ ਸੋਹਣਾ ਸਰਦਾਰ ੩੫

ਜਰਨੈਲ ਰਤਨ ਸਿੰਘ ੩੬

ਮਾਂਗਲੀ ਦੀ ਫ਼ਤਹ ਤੇ ਸ: ਰਤਨ ਸਿੰਘ ੩੬

ਸ: ਰਤਨ ਸਿੰਘ ਦਾ ਫੱਟੜ ਹੋਣਾ ੩੭

ਸ਼ੇਰਿ ਪੰਜਾਬ ਦੀ ਪ੍ਰਸੰਨਤਾ ੩੭

ਬਹਾਦਰ ਸਰਦਾਰ ਪਹਾੜ ਸਿੰਘ ਮਾਨ ੩੮

ਅਦੁਤੀ ਨਿਰਭੈਤਾ ਦਾ ਕਾਰਨਾਮਾ ੩੮

ਜੀਵਨ ਦਾ ਛੇਕੜਲਾ ਸੰਗਰਾਮ ੩੯

ਹਰੀ ਸਿੰਘ ਮਾਨ ਸ: ਹੁਕਮਾ ਸਿੰਘ ਦੀ ਸੌਂਪਣੀ ਵਿਚ ੩੯
ਸਰਹਾਲੀਏ ਮਾਨ ਸਰਦਾਰ ੪੦
**ਸ. ਫ਼ਤਹ ਸਿੰਘ ਕਾਲਿਆਂ ਵਾਲਾ ੪੧**
ਸ: ਫ਼ਤਹ ਸਿੰਘ ਤੇ ਚਠਿਆਂ ਦੀ ਸੋਧ ੪੧
ਚਠਿਆਂ ਦਾ ਸ਼ਾਹ ਜ਼ਮਾਨ ਨੂੰ ਸੱਦਣਾ ੪੨
ਸ਼ੇਰਿ ਪੰਜਾਬ ਦਾ ਦੁਖ ਮਨਾਣਾ ੪੩
ਇਕ ਅਸਚਰਜ ਘਟਨਾ ੪੩
ਖਾਲਸੇ ਦੇ ਤੇਜ ਦਾ ਵੈਰੀਆਂ ਪਰ ਪ੍ਰਭਾਵ ੪੩
ਚਠਿਆਂ ਪਰ ਮਹਾਰਾਜ ਦੀ ਕ੍ਰਿਪਾ ਦ੍ਰਿਸ਼ਟੀ ੪੪
ਸ: ਫ਼ਤਹ ਸਿੰਘ ਤੇ ਲਾਹੌਰ ਦੀ ਫ਼ਤਹ ੪੫
ਸ: ਫ਼ਤਹ ਸਿੰਘ ਦੀਆਂ ਹੋਰ ਘਾਲਾਂ ੪੫
ਸ: ਫ਼ਤਹ ਸਿੰਘ ਦੀ ਨਰੈਣ ਗੜ੍ਹ ਤੇ ਚੜ੍ਹਾਈ ੪੬
ਲੜਾਈ ਦਾ ਪਹਿਲਾ ਦਿਨ ੪੭
ਲੜਾਈ ਦਾ ਦੂਜਾ ਦਿਨ ੪੭
ਲੜਾਈ ਦਾ ਤੀਜਾ ਦਿਨ ੪੭
ਕਿਲ੍ਹੇ ਦੀ ਫ਼ਤਹ ੪੮
ਸ. ਫ਼ਤਹ ਸਿੰਘ ਦਾ ਆਪਾ ਵਾਰਨਾ ੪੮
**ਜਰਨੈਲ ਧੰਨਾ ਸਿੰਘ ਮਲਵਈ ੫੦**
ਜੀਵਨ ਪੰਥ ਦੀ ਦੂਜੀ ਮੰਜ਼ਲ ੫੦
ਸਾਹੀਵਾਲ, ਖੁਸ਼ਾਬ ਤੇ ਸਰਦਾਰ ਧੰਨਾ ਸਿੰਘ ੫੧
ਹਥੋ ਹਥ ਤੇਗ ਚਲਾਉਣੀ ੫੨
ਨਵਾਬ ਨੂੰ ਫੜਨਾ ੫੩
ਸਰਦਾਰ ਧੰਨਾ ਸਿੰਘ ਦਾ ਫ਼ਟੜ ਹੋਣਾ ੫੩
ਵਜੀਰ ਫ਼ਤਹ ਖਾਨ ਦੀ ਮਿਲਣੀ ੫੫
ਮਿਲਾਪ ਦੀ ਝਾਕੀ ੫੬



Sri Satguru Jagjit Singh Ji eLibrary NamdhariElibrary@gmail.com

ਸ਼ੇਰਿ ਪੰਜਾਬ ਲਈ ਸੁਗਾਤਾਂ ੫੭
ਸ਼ੇਰਿ ਪੰਜਾਬ ਦੀ ਸ: ਧੰਨਾ ਸਿੰਘ ਪਰ ਪ੍ਰਸੰਨਤਾ ੫੭
ਸ: ਧੰਨਾ ਸਿੰਘ ਦੀਆਂ ਹੋਰ ਕੁਰਬਾਨੀਆਂ ੫੭
ਸ: ਧੰਨਾ ਸਿੰਘ ਦਾ ਫਟੜ ਹੋਣਾ ੫੭
ਨਵਾਬ ਮੁਜ਼ੱਫ਼ਰ ਖਾਂ ਦੀ ਤੁਲਵਾਰ ਤੇ ਢਾਲ ਖੋਹਣੀ ੫੮
ਫਿਰ ਫਟੜ ਹੋਣਾ ੫੯
ਚਲਾਣਾ ੬੦
**ਬਾਬਾ ਸਾਹਿਬ ਸਿੰਘ ਜੀ ਬੇਦੀ ੬੧**
ਬਾਬਾ ਜੀ ਨੂੰ ਸਾਲਸ ਮੰਨਣਾ ੬੨
ਸਾਰੇ ਪੰਜਾਬ ਵਿਚ ਪ੍ਰਸਿਧਤਾ ੬੨
ਸ਼ੇਰਿ ਪੰਜਾਬ ਨਾਲ ਮੇਲ ੬੨
ਸ਼ੇਰਿ ਪੰਜਾਬ ਨੂੰ ਮਹਾਰਾਜਗੀ ਦਾ ਤਿਲਕ ਦੇਣਾ ੬੩
ਖਾਲਸੇ ਵਿਚ ਬੀਰ ਰਸ ਉਤੇਜਨ ਕਰਨ ਦੇ ਯਤਨ ੬੩
ਮਲੇਰਕੋਟੀਆਂ ਦੀ ਸੋਧ ੬੪
ਰਾਏ ਕੋਟੀਆਂ ਪਰ ਚੜ੍ਹਾਈ ੬੪
ਚਲਾਣਾ ੬੬
ਬਾਬਾ ਜੀ ਦੇ ਜੀਵਨ ਪਰ ਇਕ ਨਜ਼ਰ ੬੬
ਬਾਬਾ ਸਾਹਿਬ ਸਿੰਘ ਜੀ ਦੀ ਸੰਤਾਨ ੬੬
ਇਸ ਘਰਾਣੇ ਦੀ ਦੂਜੀ ਸ਼ਾਖ ੬੭
**ਸ: ਨਿਧਾਨ ਸਿੰਘ ਜੀ ਪੰਜ-ਹੱਥਾ ੬੮**
ਸ: ਨਿਧਾਨ ਸਿੰਘ ਦੇ ਪਹਿਲੇ ਹਾਲ ੬੮
ਪੰਜ ਹੱਥਾ ਪਦ ਕਿਵੇਂ ਮਿਲਿਆ ? ੬੯
ਗਾਜ਼ੀਆਂ ਤੋਂ ਤਲਵਾਰਾਂ ਖੋਹਣੀਆਂ ੭੦
ਸ਼ੇਰਿ ਪੰਜਾਬ ਦੀ ਬਖਸ਼ਸ਼ ੭੦
ਇਸ ਮੈਦਾਨਿ ਜੰਗ ਵਿਚ ਸ: ਨਿਧਾਨ ਸਿੰਘ ਨੂੰ ਚਾਰ ਫਟ ਲਗਣੇ ੭੧
ਗਵਰਨਰ ਜਨਰਲ ਨਾਲ ਸ਼ਿਮਲੇ ਜਾਣਾ ੭੧
ਪਿਸ਼ਾਵਰ ਦੀ ਫ਼ਤਹ ਸਮੇਂ ਮੁੜ ਫਟੜ ਹੋਣਾ ੭੧
ਪਿਸ਼ਾਵਰ ਵਾਸੀਆਂ ਵਲੋਂ ਖਾਲਸੇ ਦਾ ਸੁਆਗਤ ੭੩



Sri Satguru Jagjit Singh Ji eLibrary NamdhariElibrary@gmail.com

ਪਿਸ਼ਾਵਰ ਦੀ ਕਿਲ੍ਹਾਦਾਰੀ ਮਿਲਣੀ ੭੩
ਪੰਜ ਹਥੇ ਸਰਦਾਰ ਦਾ ਛੇਕੜਲਾ ਕਾਰਨਾਮਾ ੭੩
ਸ. ਨਿਧਾਨ ਸਿੰਘ ਜਮਰੌਦ ਦੇ ਮੈਦਾਨ ਵਿਚ ੭੪
ਸ਼ਹਿਜ਼ਾਦੇ ਨਾਲ ਜ਼ੋਰ ਅਜ਼ਮਾਈ ੭੫
ਚਲਾਣਾ ੭੫
ਪੰਜ ਹਥੇ ਸਰਦਾਰ ਦੇ ਜੀਵਲ ਪਰ ਇਕ ਨਜ਼ਰ ੭੫
**ਸ: ਜੋਧ ਸਿੰਘ ਰਾਮਗੜ੍ਹੀਆ ੭੭**
ਸ਼ਬਦ ਰਾਮ ਗੜ੍ਹੀਏ ਦਾ ਵੇਰਵਾ ੭੭
ਗੁਰੂ ਰਾਮ ਦਾਸ ਜੀ ਦਾ ਪਿਆਰ ੭੭
ਇਸ ਜਥੇ ਬੰਦੀ ਦਾ ਬਾਨੀ ੭੮
ਸਰਦਾਰ ਜੱਸਾ ਸਿੰਘ ੭੮
ਅਦੀਨਾ ਬੇਗ ਨਾਲ ਰਾਜਸੀ ਮੇਲ ੭੮
ਅਦੀਨਾ ਬੇਗ਼ ਦੀ ਨੀਯਤ ਵਿਚ ਫ਼ਰਕ ੭੯
ਦੁਖ ਵੰਡਾਊ ਜਸਾ ਸਿੰਘ ੮੦
ਜੀਵਨ ਦਾ ਮਹਾਨ ਕਾਰਨਾਮਾ ੮੦
ਦਿਲੀ ਪਰ ਸਫ਼ਲ ਧਾਵਾ ੮੧
ਸ: ਜੱਸਾ ਸਿੰਘ ਦੀ ਸੰਤਾਨ ੮੧
ਸ: ਜੋਧ ਸਿੰਘ ਤੇ ਸ਼ੇਰਿ ਪੰਜਾਬ ੮੧
ਬੀਰਤਾ ਦਸਣ ਦਾ ਪਹਿਲਾ ਮੌਕਾ ੮੨
ਸੰਨ ੧੮੦੩ ਤੋਂ ੧੮੧੬ ਤਕ ਸਾਰੇ ਸੰਗਰਾਮਾਂ ਵਿਚ ਸ਼ਾਮਲ ਰਹੇ ੮੨
ਚਲਾਣਾ ੮੨
**ਮੰਗਲ ਸਿੰਘ ਰਾਮ ਗੜ੍ਹੀਆ ੮੩**
ਸ: ਮੰਗਲ ਸਿੰਘ ਤੇ ਸ਼ੇਰਿ ਪੰਜਾਬ ੮੩
ਸਰਹਦ ਵਿਚ ਬਹੁਮੁਲੀ ਵਾਸੇ ੮੩
ਸ: ਮੰਗਲ ਸਿੰਘ ਦਾ ਕਿਲ੍ਹਾ 'ਬਾੜਾ' ਉਸਾਰਨਾ ੮੪
ਇਸ ਕਿਲ੍ਹੇ ਦੀ ਕਿਲ੍ਹਾਦਾਰੀ ਮਿਲਣੀ ੮੪
ਜੰਗਿ ਖੈਬਰ ੮੫
ਸਰਹੱਦ ਤੋਂ ਪੰਜਾਬ ਵਿਚ ੮੫
ਚਲਾਣਾ ੮੫
ਸਤਿਕਾਰ ਭਰੀ ਬੇਨਤੀ ੮੫



Sri Satguru Jagjit Singh Ji eLibrary NamdhariElibrary@gmail.com

**ਸ: ਹੁਕਮਾ ਸਿੰਘ ਚਿਮਨੀ** ੮੬
ਪਹਿਲੀ ਵਾਰ ਫਟੜ ਹੋਣਾ ੮੬
ਚਿਮਨੀ ਦਾ ਖਿਤਾਬ ਮਿਲਣਾ ੮੭
ਹੈਰਾਨ ਕਰ ਦੇਣ ਵਾਲੀ ਨਿਡਰਤਾ ੮੭
ਮੇਰਾ ਇਹ ਚਿਮਨੀ ਸਰਦਾਰ ੮੮
ਸ: ਹੁਕਮਾ ਸਿੰਘ ਤੇ ਕੌਰ ਖੜਗ ਸਿੰਘ ਦਾ ਵਿਆਹ ੮੮
ਅਟਕ ਦੀ ਕਿਲ੍ਹਾਦਾਰੀ ੮੯
ਸ: ਮਖਣ ਸਿੰਘ ਹਜ਼ਾਰੇ ਵਿਚ ੯੦
ਸ: ਮਖਣ ਸਿੰਘ ਦੀ ਕੁਰਬਾਨੀ ੯੦
ਸ: ਹੁਕਮਾ ਸਿੰਘ ਦਾ ਹਜ਼ਾਰੇ ਪੁਰ ਧਾਵਾ ੯੦
ਸੈਦ ਖਾਨ ਨੂੰ ਫਾਂਸੀ ਦੀ ਸਜ਼ਾ ੯੧
ਮਹਾਰਾਜੇ ਦੇ ਦਰਬਾਰ ਵਿਚ ਫ਼ਰਿਆਦ ੯੧
ਅਸਲੀਅਤ ਦਾ ਪ੍ਰਗਟ ਹੋਣਾ ੯੨
ਸ਼ੇਰਿ ਪੰਜਾਬ ਦਾ ਭੁਲ ਮੰਨਣਾ ੯੨
ਚੁਲਾਣਾ ੯੨
**ਸ: ਜੋਧ ਸਿੰਘ ਰਸੂਲ ਪੁਰੀਆ** ੯੩
ਮਹਾਰਾਜੇ ਦੇ ਘਰਾਣੇ ਨਾਲ ਸੰਬੰਧ ੯੩
ਸ: ਜੋਧ ਸਿੰਘ ਦੇ ਕਾਰਨਾਮੇ ੯੩
ਪਰਤਾਵੇ ਦਾ ਸਮਾਂ ੯੪
ਬਹਾਦਰਾਂ ਦੀ ਮਿਤ੍ਰਤਾ ਤੇ ਸ਼ਤ੍ਰਤਾ ਅਤਿ ਦੀ ਹੁੰਦੀ ਹੈ ੯੪
ਸਰਦਾਰ ਪੰਜਾਬ ਸਿੰਘ ੯੪
ਸ: ਜੁਰਿੰਦਰ ਸਿੰਘ ਦੀ ਵਿਦਿਆ ਦੀ ਧੁੰਮ ੯੪
ਵਿਦਿਅਕ ਚਮਤਕਾਰ ੯੫
**ਸਰਦਾਰ ਸ਼ਮੀਰ ਸਿੰਘ** ੯੬
ਹਾਰੀ ਹੋਈ ਬਾਜ਼ੀ ਜਿਤਣੀ ੯੬
ਕੋਟ ਬੁਢੇ ਖਾਨ ਦੀ ਫ਼ਤਹ ੯੬
ਮਨਾਂ ਨੂੰ ਕੰਬਾ ਦੇਣ ਵਾਲੀ ਕੁਰਬਾਨੀ ੯੭



Sri Satguru Jagjit Singh Ji eLibrary NamdhariElibrary@gmail.com

| | |
|---|---|
| ਤਿੰਨਾਂ ਭਾਈਆਂ ਦਾ ਆਪਾ ਵਾਰਨਾ | ੯੭ |
| ਅਲੌਕਿਕ ਨਜ਼ਾਰਾ | ੯੮ |
| ਕਿਲ੍ਹਾ ਗੋਬਿੰਦ ਗੜ੍ਹ ਦੀ ਉਸਾਰੀ | ੯੮ |
| ਇਸ ਕਿਲ੍ਹੇ ਦਾ ਨਾਮ ਰਖਣਾ | ੯੯ |
| ਗੋਬਿੰਦ ਗੜ੍ਹ ਦੀ ਕਿਲ੍ਹਾਦਾਰੀ | ੧੦੦ |
| ਨੂਰਪੁਰ ਦੀ ਕਿਲ੍ਹਾਦਾਰੀ | ੧੦੦ |
| ਚਲਾਣਾ | ੧੦੦ |
| ਇਸ ਘਰਾਣੇ ਦੇ ਹੋਰ ਬੀਰ | ੧੦੧ |
| **ਸਰਦਾਰ ਜੋਧ ਸਿੰਘ** | **੧੦੨** |
| ਸ: ਜੋਧ ਸਿੰਘ | ੧੦੨ |
| ਪਿੰਡ ਭੱਟੀਆਂ ਦੀ ਫ਼ਤਹ | ੧੦੨ |
| ਚਿਨੋਟ ਪਰ ਕਬਜ਼ਾ | ੧੦੩ |
| ਹੋਰ ਘਾਲਾਂ | ੧੦੪ |
| ਖਾਲਸਾ ਰਾਜ ਲਈ ਆਪਾ ਵਾਰਨਾ | ੧੦੫ |
| ਸਭ ਤੋਂ ਵੱਡੀ ਕੁਰਬਾਨੀ | ੧੦੫ |
| **ਲਖਦਾਤਾ ਸ: ਜੁਵਾਲਾ ਸਿੰਘ** | **੧੦੬** |
| ਪਢਾਣੀਆਂ ਘਰਾਣਾ | ੧੦੬ |
| ਸਰਦਾਰ ਮਿਤ ਸਿੰਘ | ੧੦੬ |
| ਸ਼ੇਰਿ ਪੰਜਾਬ ਦੀ ਬਾਲ ਅਵਸਥਾ ਵਿਚ ਪ੍ਰਿਤਪਾਲਣਾ ਕਰਨੀ | ੧੦੬ |
| ਖਾਲਸਾ ਰਾਜ ਦੀ ਨੀਂਹ ਰਖਣ ਲਈ ਪ੍ਰੇਰਨਾ | ੧੦੭ |
| ਖਾਲਸਾ ਰਾਜ ਦੀ ਬ੍ਰਿਧੀ ਲਈ ਹੋਰ ਘਾਲਾਂ | ੧੦੭ |
| ਸੀਸ ਵਾਰਨਾ | ੧੦੭ |
| ਸ: ਜੁਵਾਲਾ ਸਿੰਘ ਤੇ ਸ਼ੇਰਿ ਪੰਜਾਬ ਦੀ ਪ੍ਰਤੱਗਿਆ | ੧੦੭ |
| ਸ਼ੇਰਿ ਪੰਜਾਬ ਵਾਲੇ ਗੁਣ | ੧੦੮ |
| ਸ: ਜੁਵਾਲਾ ਸਿੰਘ ਦੀ ਅਦੁਤੀ ਉਦਾਰ ਚਿਤੀ | ੧੦੮ |
| ਸ: ਵਿਸਾਖਾ ਸਿੰਘ ਦੇ ਬਦਲੇ ਸਵਾ ਲੱਖ ਰੁਪਿਆ ਤਾਰਨਾ | ੧੦੮ |
| ਇਸ ਘਰਾਣੇ ਦੀਆਂ ਰਾਜ ਲਈ ਹੋਰ ਘਾਲਾਂ | ੧੦੯ |



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ

# ਖਾਲਸਾ ਰਾਜ ਦੇ ਉਸਰਈਏ

## ਦੂਜਾ ਭਾਗ

# ਸਰਦਾਰ ਫ਼ਤਹ ਸਿੰਘ ਮਾਨ

### ਮਾਨ ਘਰਾਣਾ

ਫ਼ਖਰ ਯੋਗ ਮਾਨ ਸਰਦਾਰਾਂ ਦਾ ਪ੍ਰਵਾਰ ਉਹ ਘਰਾਣਾ ਹੈ ਜਿਸ ਦੇ ਮਹਾਂ-ਬੀਰਾਂ ਨੇ ਖਾਲਸਾ ਰਾਜ ਦੀ ਉਸਾਰੀ ਲਈ ਜਿੰਨੀਆਂ ਵਧ ਜਾਨਾਂ ਵਾਰੀਆਂ ਹਨ, ਸ਼ਾਇਦ ਹੀ ਕਿਸੇ ਹੋਰ ਨੇ ਵਾਰੀਆਂ ਹੋਣ।

ਇਹ ਸਦੀਵੀ ਵਡਿਆਈ ਵੀ ਇਸੇ ਘਰਾਣੇ ਨੂੰ ਪ੍ਰਾਪਤ ਹੈ, ਕਿ ਜਿੰਨੇ ਬਹੁਤੇ ਜਵਾਨ, ਰਾਜ ਦੀ ਜੰਗੀ ਸੇਵਾ ਲਈ ਇਹਨਾਂ ਸੂਰਬੀਰਾਂ ਦਿਤੇ, ਕਿਸੇ ਹੋਰ ਨੇ ਨਹੀਂ ਦਿਤੇ। ਇਨ੍ਹਾਂ ਵਿਚੋਂ ਇਕੋ ਸਮੇਂ ਚਾਰ ਜਰਨੈਲ, ਸੱਤ ਕਰਨੈਲ ਅਤੇ ਅੱਠ ਕੁਮੇਦਾਨ ਤੇ ਕਿਲਾਦਾਰ ਖਾਲਸਾ ਫੌਜ ਵਿਚ ਮੌਜੂਦ ਸਨ ।

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਆਪਣੀ ਰਖਵਾਲੀ ਫ਼ੌਜ 'ਫ਼ੌਜੇ ਖਾਸ' ਤੋਂ ਲੈ ਕੇ ਜਿੰਨੀਆਂ ਨਾਮੀ ਰਜਮੈਂਟਾਂ ਸਨ ਉਹਨਾਂ ਸਾਰੀਆਂ ਵਿਚ 'ਮਾਨ' ਸਰਦਾਰ ਖਾਸ ਜ਼ਿੰਮਾਵਾਰੀ ਦਿਆਂ ਅਹੁਦਿਆਂ ਪੁਰ ਸਨ। ਸਰਕਾਰ ਨੇ ਇਹਨਾਂ ਪਰ ਭਰੋਸਾ ਕਰਨ ਵਿਚ ਭੁਲ ਨਾ ਸੀ ਕੀਤੀ, ਸਗੋਂ ਜਿੰਨੀਆਂ ਵਧ ਜ਼ਿੰਮੇਵਾਰੀਆਂ ਦਾ ਭਾਰ ਇਨ੍ਹਾਂ ਦੇ ਮੋਢਿਆਂ ਪਰ ਧਰਿਆ ਗਿਆ, ਉੱਨੀ ਹੀ ਵਧੇਰੀ ਵਫ਼ਾਦਾਰੀ ਤੇ ਸੁਚੱਜਤਾ ਨਾਲ ਇਨ੍ਹਾਂ ਉਸ ਨੂੰ ਨਿਭਾਇਆ।

ਇਹ ਜੋਧੇ ਆਪਣੇ ਮਾਲਕ ਲਈ ਆਪਾ ਵਾਰਨਾ ਇਕ ਸਾਧਾਰਨ ਜੇਹੀ ਖੇਡ ਸਮਝਦੇ ਸਨ।

### ਮੇਰੀ ਵਰੀ ਦੇ ਤੇਵਰ

ਸ਼ੇਰੇ ਪੰਜਾਬ ਬੜੇ ਫਖਰ ਤੇ ਬੁਲੰਦ ਆਵਾਜ਼ ਨਾਲ ਆਖਿਆ ਕਰਦੇ ਸਨ ਕਿ 'ਮਾਨ ਸਰਦਾਰ ਮੇਰੀ ਵਰੀ ਦੇ ਤੇਵਰ ਹਨ[1]।'

ਖਾਲਸੇ ਵਿਚ ਮਾਨ ਸਰਦਾਰਾਂ ਦੀ ਉੱਚੀ ਸ਼ਾਨ ਦੇ ਕਾਰਨ ਇਹਨਾਂ ਦੇ ਸਾਕ ਸੰਬੰਧ ਵੀ ਰਾਜਿਆਂ ਮਹਾਰਾਜਿਆਂ ਨਾਲ ਤੇ ਵਡੇ ਵਡੇ ਨਾਮੀ ਸਰਦਾਰੀ ਘਰਾਣਿਆਂ ਨਾਲ ਹੁੰਦੇ ਰਹੇ

---

1. ਵਰੀ ਦਾ ਤੇਵਰ, ਪੰਜਾਬੀ ਮੁਹਾਵਰੇ ਵਿਚ ਉਸ ਕੀਮਤੀ ਪੁਸ਼ਾਕ ਨੂੰ ਆਖਦੇ ਹਨ, ਜਿਸ ਵਿਚ ਤਿੰਨੇ ਬਸਤਰ ਦੁਪੱਟਾ, ਕੁਰਤਾ ਅਤੇ ਸੁਥਣ ਹੋਣ। ਅਰਥਾਤ ਮੁਕੰਮਲ ਜੋੜਾ ਜਿਸ ਦੇ ਪਹਿਨਣ ਨਾਲ ਨੰਗੇਜ ਵੀ ਕੱਜਿਆ ਜਾਂਦਾ ਹੈ ਅਤੇ ਸ਼ਾਨ ਵੀ ਵਧ ਜਾਂਦੀ ਹੈ।



Sri Satguru Jagjit Singh Ji eLibrary NamdhariElibrary@gmail.com

ਹਨ। ਦਾਤਾ ਨੇ ਜਿਥੇ ਇਨ੍ਹਾਂ ਨੂੰ ਨਿਰਭੈ ਮਨ ਤੇ ਬਲਵਾਨ ਤਨ ਬਖਸ਼ਿਆ ਸੀ ਉਥੇ ਨਾਲ ਹੀ ਸੁੰਦਰ ਦੀਦਾਰ ਤੇ ਉੱਚੇ ਵਿਚਾਰ ਆਦਿ ਸ੍ਰੇਸ਼ਟ ਗੁਣਾ ਨਾਲ ਵੀਭੂਸ਼ਤ ਕੀਤਾ ਸੀ। ਮਾਨ ਸਰਦਾਰਾਂ ਬਾਰੇ ਇਹ ਕਹਾਵਤ ਅਜੇ ਤਕ ਪੰਜਾਬ ਵਿਚ ਪ੍ਰਚਲਤ ਹੈ ਕਿ 'ਮਾਨ ਸੁੰਦਰ ਬਹਾਦਰ ਤੇ ਸੱਚੇ ਹੁੰਦੇ ਹਨ[1]।'

ਖਾਲਸਾ ਰਾਜ ਦੀ ਉਸਾਰੀ ਵਿਚ ਸਾਰੇ ਮਾਨ ਸਰਦਾਰਾਂ ਦੇ ਕਾਰਨਾਮੇ ਲਿਖੇ ਜਾਣ ਤਾਂ ਇਸ ਲਈ ਸਾਰੇ ਖਾਲਸਾ ਰਾਜ ਦੇ ਸੰਪੂਰਨ ਇਤਿਹਾਸ ਦੇ ਲਿਖਣ ਦੀ ਲੋੜ ਹੈ। ਕਿਉਂਕਿ ਰਾਜ ਸਮੇਂ ਦੀ ਕੋਈ ਵੀ ਘਟਨਾ ਐਸੀ ਨਹੀਂ ਮਿਲਦੀ ਜਿਸ ਨਾਲ 'ਮਾਨਾਂ' ਦਾ ਸੰਬੰਧ ਨਾ ਹੋਵੇ। ਇਥੇ ਸਾਡੇ ਪਾਸ ਇੰਨੀ ਥਾਂ ਨਹੀਂ। ਅਸੀਂ ਹੇਠਾਂ ਕੁਝ ਕੁ ਦਾ ਹਾਲ ਦੇਂਦੇ ਹਾਂ।

## ਸਰਦਾਰ ਫਤਹ ਸਿੰਘ 'ਮਾਨ'

ਸਰਦਾਰ ਫਤਹ ਸਿੰਘ 'ਮਾਨ' ਮਾਨਾਂਵਾਲਾ (ਅੰਮ੍ਰਿਤਸਰ) ਖਾਲਸਾ ਰਾਜ ਦੇ ਉਸਰਈਆਂ ਵਿਚੋਂ ਬਹੁਤ ਬੜੀ ਸ਼ਖਸੀਅਤ ਦੇ ਮਾਲਕ ਸਨ। ਸਰਦਾਰ ਫਤਹ ਸਿੰਘ ਨੂੰ ਜਦ ਆਪਣੇ ਪਿਤਾ ਸਰਦਾਰ ਸ਼ਾਮ ਸਿੰਘ ਮਾਨ ਨੇ ਖਾਲਸਾ ਰਾਜ ਦੀ ਸੇਵਾ ਲਈ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰ ਕੀਤਾ ਤਾਂ ਮਹਾਰਾਜਾ ਸਾਹਿਬ ਇਸ ਹੋਨਹਾਰ ਨੌਜਵਾਨ ਦੀ ਡੀਲ-ਡੌਲ ਤੇ ਰੰਗ ਰੂਪ ਨੂੰ ਦੇਖ ਕੇ ਬੜੇ ਪ੍ਰਸੰਨ ਹੋਏ।

## ਸ਼ਾਹਜ਼ਾਦਾ ਖੜਗ ਸਿੰਘ ਦੀ ਮੁਸਾਹਿਬੀ

ਇਸ ਪ੍ਰਸੰਨਤਾ ਦਾ ਫ਼ਲ ਇਹ ਹੋਇਆ ਕਿ ਨੌਜਵਾਨ ਫਤਹ ਸਿੰਘ ਨੂੰ ਮਹਾਰਾਜਾ ਸਾਹਿਬ ਨੇ ਆਪਣੇ ਪਿਆਰੇ ਟਿੱਕਾ ਸਾਹਿਬ ਸ਼ਾਹਜ਼ਾਦਾ ਖੜਗ ਸਿੰਘ ਦੀ ਮੁਸਾਹਿਬੀ ਦਾ ਅਹੁਦਾ ਦੇ ਦਿੱਤਾ, ਜਿਹੜਾ ਬੜੀ ਮਹੱਤਤਾ ਵਾਲਾ ਸਮਝਿਆ ਜਾਂਦਾ ਸੀ ।

ਪਰ ਮਲੂਮ ਹੁੰਦਾ ਹੈ ਕਿ ਸਰਦਾਰ ਫਤਹ ਸਿੰਘ ਦਾ ਉਤਸ਼ਾਹ ਅਤੇ ਖਾਲਸਾ ਰਾਜ ਦੀ ਉਸਾਰੀ ਤੇ ਸੇਵਾ ਦੇ ਉਛਾਹ ਨਾਲ ਭਰਪੂਰ ਮਾਨ ਮੁਸਾਹਿਬੀ ਦੇ ਇਕਾਂਤੀ ਅਤੇ ਆਰਾਮ ਦੇ ਜੀਵਨ ਤੋਂ ਸੰਤੁਸ਼ਟ ਨਹੀਂ ਸੀ। ਆਪ ਦੀਆਂ ਰਗਾਂ ਵਿਚ ਅਥੱਕ ਬੀਰਤਾ ਦਾ ਖ਼ੂਨ ਗੇੜੇ ਲਾ ਰਿਹਾ ਸੀ ਜਿਹੜਾ ਰਣ ਤੱਤਿਆਂ ਵਿਚ ਆਪਣੇ ਜੰਗ ਜੌਹਰ ਦਸਣ ਤੋਂ ਬਿਨਾਂ ਕਿਸੇ ਹੋਰ ਅਹੁਦੇ ਪਰ ਨਾ ਸੀ ਸ਼ਾਂਤ ਹੋ ਸਕਦਾ ਭਾਵੇਂ ਉਹ ਕਿੰਨਾਂ ਵੀ ਵੱਡਾ ਕਿਉਂ ਨਾ ਹੋਵੇ।

ਸੰਜੋਗ ਨਾਲ ੧੮੦੯ ਵਿਚ ਅਮਰ ਸਿੰਘ ਥਾਪਾ, ਗੋਰਖੇ ਜਰਨੈਲ ਨੇ ਪਹਾੜੀ ਇਲਾਕੇ ਪਰ ਹੱਲਾ ਬੋਲ ਦਿੱਤਾ। ਜਦ ਪਹਾੜੀਂ ਰਾਜਿਆਂ ਆਪਣੇ ਆਪ ਨੂੰ ਗੋਰਖਿਆਂ ਦੇ ਟਾਕਰੇ ਦੇ ਅਸਮਰਥ ਡਿੱਠਾ ਤਾਂ ਰਾਜਾ ਸੰਸਾਰ ਚੰਦ ਵਾਲੀਏ ਕਾਂਗੜਾ ਨੇ ਸ਼ੇਰਿ ਪੰਜਾਬ ਦੀ ਸ਼ਰਨ ਲਈ। ਇਸ ਸਮੇਂ ਇਸ ਨੇ ਆਪਣੇ ਭਾਈ ਫਤਹ ਚੰਦ ਨੂੰ ਸਰਕਾਰ ਦੀ ਸੇਵਾ ਵਿਚ ਲਾਹੌਰ ਭੇਜਿਆ। ਇਸ ਨੇ ਆ ਕੇ ਐਨੇ ਦੁਖ ਭਰੇ ਸ਼ਬਦਾਂ ਵਿਚ ਆਪਣੀ ਆਪਦਾ ਦਸੀ ਕਿ ਸਰਕਾਰ ਦਾ ਦਿਲ ਤਰਸ ਨਾਲ ਭਰ ਆਇਆ, ਖਾਸ ਕਰ ਸਰਦਾਰ ਫਤਹ ਸਿੰਘ ਆਹਲੂਵਾਲੀਏ ਦਾ

---

1. ਇਹ ਦੈਵੀ ਗੁਣ ਮਾਨ ਸਰਦਾਰਾਂ ਨੂੰ ਆਪਣੇ ਵਡੇ-ਵਡੇਰਿਆਂ ਤੋਂ ਵਿਰਸੇ ਵਿਚ ਪੀੜ੍ਹੀਓਂ ਪੀੜ੍ਹੀ ਮਿਲਦੇ ਚਲੇ ਆਉਂਦੇ ਹਨ।



Sri Satguru Jagjit Singh Ji eLibrary NamdhariElibrary@gmail.com

ਮਨ ਤਾਂ ਐਸਾ ਪ੍ਰਭਾਵਤ ਹੋਇਆ ਕਿ ਸ਼ੇਰਿ ਪੰਜਾਬ ਦੀ ਸੇਵਾ ਵਿਚ ਇਨ੍ਹਾਂ ਨੂੰ ਛੇਤੀ ਤੋਂ ਛੇਤੀ ਇਨ੍ਹਾਂ ਨਿਰਦਈ ਗੋਰਖਿਆਂ ਦੀ ਮਾਰ ਤੋਂ ਛੁਡਾਣ ਲਈ ਬੇਨਤੀ ਕੀਤੀ। ਹੁਣ ਸ਼ੇਰਿ ਪੰਜਾਬ ਨੇ ਖਾਲਸਾ ਫੌਜ ਨੂੰ ਤਿਆਰੀ ਦਾ ਹੁਕਮ ਦੇ ਦਿਤਾ।

ਸਰਦਾਰ ਫਤਹ ਸਿੰਘ ਮਾਨ ਦੀ ਕੰਨੀਂ ਜਦ ਖਾਲਸਾ ਫੌਜ ਦੀ ਤਿਆਰੀ ਦੀ ਸੋਅ ਪਈ ਤਾਂ ਇਸ ਵਰਯਾਮ ਸੂਰੇ ਦੇ ਜੋਸ਼ ਨੇ ਵੱਡਾ ਛਲਕਾ ਖਾਧਾ ਅਤੇ ਇਸ ਦੇ ਡੌਲੇ ਰਣ-ਤੱਤੇ ਵਲ ਜਾਣ ਲਈ ਫਰਕ ਪਏ। ਆਪ ਨੇ ਸ਼ਾਹਜਾਦਾ ਖੜਗ ਸਿੰਘ ਦੀ ਰਾਹੀਂ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਬੜੇ ਜ਼ੋਰ ਨਾਲ ਬੇਨਤੀ ਕਰਵਾਈ ਕਿ ਮੈਨੂੰ ਮੁਸਾਹਿਬੀ ਦੀ ਥਾਂ ਮੈਦਾਨਿ-ਜੰਗ ਦੀ ਸੇਵਾ ਦਾ ਮਾਨ ਬਖਸ਼ਿਆ ਜਾਏ।

ਸ਼ੇਰਿ ਪੰਜਾਬ ਸੁਭਾਵਕ ਹੀ ਸਦਾ ਉਹ ਮੰਗਾਂ ਵਡੀ ਖੁਸ਼ੀ ਨਾਲ ਤੁਰਤ ਫੁਰਤ ਪ੍ਰਵਾਨ ਕਰ ਲੈਂਦੇ ਹੁੰਦੇ ਸਨ, ਜਿਨ੍ਹਾਂ ਨਾਲ ਬਹਾਦਰ ਤੇ ਹੋਣਹਾਰ ਨੌਜਵਾਨਾਂ ਦੇ ਮਨਾਂ ਨੂੰ ਵਧੇਰਾ ਉਤੇਜਨ ਮਿਲੇ, ਸੋ ਸਰਦਾਰ ਫਤਹ ਸਿੰਘ ਦੀ ਬੇਨਤੀ ਵੀ ਸਰਕਾਰ ਨੇ ਬੜੀ ਖੁਸ਼ੀ ਨਾਲ ਪ੍ਰਵਾਨ ਕਰ ਲਈ ਅਤੇ ਆਪ ਨੂੰ ਇਕ ਰਸਾਲੇ ਦੀ ਕਮਾਂਡ ਦੇ ਕੇ ਇਸ ਮੁਹਿੰਮ ਵਿਚ ਆਪਣੇ ਨਾਲ ਮਿਲਾ ਲਿਆ।

## ਕਾਂਗੜੇ ਦੇ ਮੈਦਾਨਿ-ਜੰਗ ਵਿਚ

ਹੁਣ ਸਭ ਜ਼ਰੂਰੀ ਤਿਆਰੀਆਂ ਦੇ ਬਾਅਦ ਬਹਾਦਰ ਖਾਲਸਾ ਫ਼ੌਜ ਨਾਲ ਜੋ ਮਹਾਰਾਜਾ ਸਾਹਿਬ ਤੇ ਹੋਰਨਾਂ ਸਰਦਾਰਾਂ, ਜਿਹਾ ਕਿ ਰਾਜਾ ਫ਼ਤਹ ਸਿੰਘ ਆਹਲੂਵਾਲੀਆ ਆਦਿ ਦੀ ਸੌਂਪਣੀ ਵਿਚ ਸੀ, ਪਠਾਨਕੋਟ ਤੇ ਜੁਵਾਲਾਮੁਖੀ ਦੇ ਰਾਹ ਗੋਰਖਿਆਂ ਪਰ ਚੜ੍ਹਾਈ ਕੀਤੀ ਗਈ।

ਪਹਿਲਾਂ ਜਸਰੋਟਾ ਤੇ ਫਿਰ ਨੂਰਪੁਰ ਦੇ ਇਲਾਕੇ ਨੂੰ ਫਤਹ ਕਰਦੇ ਹੋਏ ਛੇਕੜ ਕਾਂਗੜੇ ਦੀ ਵਾਰੀ ਆਈ। ਇਥੇ ਗੋਰਖਿਆਂ ਦੀ ਅਨਗਿਣਤ ਫੌਜ ਨਾਲ, ਗੋਰਖਾ ਜਰਨੈਲ ਅਮਰ ਸਿੰਘ ਥਾਪਾ ਨੇ ਖਾਲਸਾ ਫੌਜ ਨਾਲ ਪੂਰੀ ਪੂਰੀ ਤਰ੍ਹਾਂ ਬਾਹੂ-ਬਲ ਦਾ ਨਿਰਣਾ ਕਰਨ ਲਈ ਬੜੇ ਪੱਕੇ ਪਹਾੜੀ ਮੋਰਚੇ ਤੇ ਦਮਦਮੇ ਤਿਆਰ ਕਰ ਲਏ ਸਨ।

## ਗੋਰਖਿਆਂ ਦੇ ਸੁਪਨੇ

ਅਮਰ ਸਿੰਘ ਥਾਪਾ ਨੇ ਇਕ ਸਕੀਮ ਤਿਆਰ ਕੀਤੀ ਹੋਈ ਸੀ, ਜਿਸ ਅਨੁਸਾਰ ਉਹ ਦਰਿਆ ਜਮਨਾਂ ਤੋਂ ਲੈ ਕੇ ਜੇਹਲਮ ਤਕ ਸਣੇ ਕਸ਼ਮੀਰ ਦੇ, ਸਾਰੇ ਪੰਜਾਬ ਪਰ ਆਪਣਾ ਰਾਜ ਕਾਇਮ ਕਰਨ ਦੇ ਸੁਪਨੇ ਦੇਖ ਰਿਹਾ ਸੀ।

ਇਸ ਵਿਚਾਰ ਨੂੰ ਸਿਰੇ ਚਾੜ੍ਹਨ ਲਈ ਗੋਰਖਾ ਜਰਨੈਲ ਨੇ ਸਰ ਡੇਵਡ ਅਕਟਰ ਲੋਨੀ ਪੋਲੀਟੀਕਲ ਏਜੰਟ ਲੁਧਿਆਣਾ ਦੀ ਰਾਹੀਂ ਗੁਰਨਮਿੰਟ ਅੰਗਰੇਜ਼ੀ ਤੋਂ ਵੀ ਸਹਾਇਤਾ ਪ੍ਰਾਪਤ ਕਰਨ ਲਈ ਲਿਖਾ ਪੜ੍ਹੀ ਕੀਤੀ ਸੀ[1]।

---

1. ਸੱਯਦ ਮੁਹੰਮਦ ਲਤੀਫ਼, ਹਿਸਟ੍ਰੀ ਆਫ ਦੀ ਪੰਜਾਬ ਸਫਾ ੩੯੧, ਕਨਿੰਘਮ ਹਿਸਟ੍ਰੀ ਆਫ ਦੀ ਸਿਖਸ ਸਫਾ ੧੫੯, ਕਪਤਾਨ ਵੈੱਡ ਦੀ ਰੀਪੋਰਟ ਤ੍ਰੀਕ ੨੫ ਮਈ ਸੰਨ ੧੮੩੧।



Sri Satguru Jagjit Singh Ji eLibrary NamdhariElibrary@gmail.com

## ਗੋਰਖਿਆਂ ਪਰ ਫਤਹ

ਹੁਣ ਕਾਂਗੜੇ ਤੋਂ ਦੋ ਕੋਹ ਦੀ ਵਾਟ ਪਰ ਖਾਲਸੇ ਨੇ ਗੋਰਖਿਆਂ ਦੇ ਮੋਰਚਿਆਂ ਪਰ ਧਾਵਾ ਬੋਲ ਦਿਤਾ। ਅਗੋਂ ਗੋਰਖਿਆਂ ਬੜੀ ਦ੍ਰਿੜ੍ਹਤਾ ਨਾਲ ਖਾਲਸਾ ਫ਼ੌਜ ਪਰ ਗੋਲੀਆਂ ਤੇ ਤੀਰਾਂ ਦੀ ਧੂਆਂ-ਧਾਰ ਬਰਖਾ ਕੀਤੀ, ਪਰ ਖਾਲਸਾ ਮਸਤ ਹਾਥੀ ਵਾਂਗ ਮਾਰੋ ਮਾਰ ਕਰਦਾ ਅਗੇ ਹੀ ਵਧਦਾ ਚਲਾ ਗਿਆ। ਇਸ ਸੰਗ੍ਰਾਮ ਵਿਚ ਗੋਰਖੇ ਆਪਣੀਆਂ ਇਤਿਹਾਸਕ ਰਵਾਇਤਾਂ ਅਨੁਸਾਰ ਬੜੀ ਅਡੋਲਤਾ ਨਾਲ ਲੜੇ, ਪਰ ਖਾਲਸੇ ਨੇ ਕਬਜ਼ਾ ਕਰ ਲਿਆ। ਇਸੇ ਰਾਤ ਨੂੰ ਖਾਲਸਾ ਫੌਜ ਨੇ ਕਾਂਗੜੇ ਦੇ ਪ੍ਰਸਿੱਧ ਕਿਲ੍ਹੇ ਵਿਚ ਦਾਖਲ ਹੋ ਕੇ ਇਸ ਪਰ ਅਕਾਲੀ ਨਿਸ਼ਾਨ ਝੂਲਾ ਦਿੱਤਾ।

ਇਸ ਸੰਗ੍ਰਾਮ ਵਿਚ ਨੌ-ਜੁਆਨ ਫਤਹ ਸਿੰਘ ਮਾਨ ਨੇ ਵਡੀ ਬੀਰਤਾ ਦੱਸੀ ਤੇ ਉਹ ਤਲਵਾਰ ਚਲਾਈ ਕਿ ਸ਼ੇਰਿ ਪੰਜਾਬ ਨੇ ਆਪਣੇ ਮੂੰਹ ਤੋਂ ਵਾਹ !ਵਾਹ !!ਦੀ ਸ਼ੁਭ-ਇੱਛਾ ਦਾਤ ਦਿਤੀ ਅਤੇ ਨਾਲ ਹੀ ਇਕ ਵੱਡੀ ਜਾਗੀਰ ਬਖਸ਼ੀ ।

## ਡਸਕੇ ਦੇ ਸੰਗ੍ਰਾਮ ਵਿਚ ਫੱਟੜ ਹੋਣਾ

ਕਾਂਗੜੇ ਦੀ ਸਫਲ ਮੁਹਿੰਮ ਅਜੇ ਮੁਕੀ ਹੀ ਸੀ ਕਿ ਸ਼ੇਰਿ ਪੰਜਾਬ ਨੇ ਡਸਕੇ ਪਰ ਚੜ੍ਹਾਈ ਦਾ ਹੁਕਮ ਦੇ ਦਿਤਾ। ਕਾਂਗੜੇ ਦੀ ਫੌਜ ਦਾ ਵਧੇਰਾ ਭਾਗ ਡਸਕੇ ਵਲ ਵਧਿਆ ਅਤੇ ਜਾਂਦੇ ਹੀ ਉਥੋਂ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ।ਇਸ ਸਮੇਂ ਕਿਲ੍ਹਾਦਾਰ ਡਸਕਾ ਬੜੀ ਬਹਾਦਰੀ ਨਾਲ ਲੜਿਆ ਤੇ ਉਸਨੇ ਕਿਲ੍ਹੇ ਦੇ ਬਚਾਣ ਵਿਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਇਸ ਰਣਭੂਮੀ ਵਿਚ ਸਰਦਾਰ ਫਤਹ ਸਿੰਘ ਮਾਨ ਨੂੰ ਮੁੜ ਆਪਣੀ ਸੂਰਮਤਾ ਦੇ ਦੱਸਣ ਦਾ ਖੁਲ੍ਹਾ ਮੌਕਾ ਮਿਲਿਆ। ਇਥੇ ਤਾਂ ਆਪ ਨੇ ਉਹ ਕੁਝ ਕਰ ਦਸਿਆ ਕਿ ਪੁਰਾਣੇ ਜੋਧੇ ਵੀ ਆਪ ਦੀ ਬੀਰਤਾ ਤੇ ਨਿਰਭੈਤਾ ਨੂੰ ਦੇਖ ਕੇ ਅਸਚਰਜ ਰਹਿ ਗਏ। ਇਥੇ ਹੱਥੋਂ ਹੱਥ ਲੜਾਈ ਵਿਚ ਆਪ ਨੂੰ ਖੱਬੇ ਮੋਢੇ ਪਰ ਬੜਾ ਡੂੰਘਾ ਫੱਟ ਲੱਗਾ। ਜਿਸ ਨਾਲ ਆਪ ਦੀ ਬਾਂਹ ਮੋਢੇ ਦੇ ਲਾਗਿਓਂ ਦੂਰ ਤਕ ਕੱਟੀ ਗਈ ।

## ਮੁੜ ਜ਼ਖ਼ਮੀ ਹੋਣਾ

ਸਰਦਾਰ ਫਤਹ ਸਿੰਘ ਦਾ ਫੱਟ ਅਜੇ ਮਸਾਂ ਮੌਲਿਆ ਹੀ ਸੀ ਕਿ ਖਾਲਸਾ ਫੌਜ ਨੂੰ ਚੂਨੀਆਂ ਪਰ ਚੜ੍ਹਾਈ ਦੀ ਤਿਆਰੀ ਦਾ ਹੁਕਮ ਮਿਲਿਆ। ਆਪ ਨੇ ਬਿਨਾਂ ਇਸ ਗੱਲ ਦੀ ਪਰਵਾਹ ਕਰਨ ਦੇ ਕਿ ਮੈਨੂੰ ਬਿਸਤਰੇ ਤੋਂ ਉਠਿਆਂ ਥੋੜੇ ਦਿਨ ਹੋਏ ਹਨ, ਮੁੜ ਸਣੇ ਆਪਣੇ ਨਾਮੀ ਰਸਾਲੇ ਦੇ ਇਸ ਜੰਗ ਵਿਚ ਸ਼ਾਮਲ ਹੋਣ ਦੀ ਇੱਛਾ ਪ੍ਰਗਟ ਕੀਤੀ ਜੋ ਪ੍ਰਵਾਨ ਕੀਤੀ ਗਈ।

ਇੱਥੇ ਬੜੀ ਡੱਟ ਕੇ ਲੜਾਈ ਹੋਈ। ਦੋਵਾਂ ਧਿਰਾਂ ਦੇ ਸੂਰਮਿਆਂ ਨੂੰ ਆਪੋ ਆਪਣੇ ਜੰਗੀ ਜੌਹਰ ਦਸਣ ਦਾ ਸੋਹਣਾ ਸਮਾਂ ਮਿਲਿਆ। ਇਸ ਸਮੇਂ ਸਰਦਾਰ ਫਤਹ ਸਿੰਘ ਨੇ ਆਪਣੇ ਰਸਾਲੇ ਦੇ ਜਵਾਨਾਂ ਦੀ ਅਗਵਾਈ ਐਸੀ ਵਰਯਾਮਤਾ ਨਾਲ ਕੀਤੀ ਕਿ ਗ਼ਨੀਮ ਨੂੰ ਪੂਰੀ ਭਾਂਜ ਹੋਈ। ਇਸ ਸੰਗ੍ਰਾਮ ਵਿਚ ਆਪ ਨੂੰ ਸਿਰ ਵਿਚ ਇਕ ਬਰਛੇ ਦਾ ਕਾਰੀ ਘਾਉ ਲਗਾ ਪਰ ਆਪ ਫਤਹ ਦੇ ਅਖ਼ੀਰਲੇ ਸਮੇਂ ਤੱਕ ਬਰਾਬਰ ਆਪਣੇ ਸਵਾਰਾਂ ਨੂੰ ਅਗਾਂਹ ਦੀ ਅਗਾਂਹ ਵਧਾਂਦੇ ਚਲੇ ਗਏ। ਸ਼ੇਰਿ ਪੰਜਾਬ ਨੂੰ ਜਦ ਆਪ ਦੇ ਮੁੜ ਫੱਟੜ ਹੋਣ ਦੀ ਖਬਰ ਮਿਲੀ ਤਾਂ ਸਰਕਾਰ ਨੇ ਆਪ ਦੀ ਕੁਰਬਾਨੀ ਦੀ ਵੱਡੀ ਸ਼ਲਾਘਾ ਕੀਤੀ ਤੇ ਬਹੁਮੁੱਲਾ ਖਿੱਲਤ ਬਖਸ਼ਿਆ।

---

1. ਪੰਜਾਬ ਰੀਕਾਰਡਜ, ਸਰ ਡੇਵਡ ਅਕਟਰ ਲੋਨੀ ਦਾ ਖਤ ਗੁਰਨਮਿੰਟ ਆਫ ਇੰਡੀਆ ਦੇ ਨਾਮ, ਤ੍ਰੀਕ 16 ਅਤੇ ੩੦ ਦਸੰਬਰ ਸੰਨ ੧੮੦੯ ।



Sri Satguru Jagjit Singh Ji eLibrary NamdhariElibrary@gmail.com

## ਮੁਲਕੀ ਪ੍ਰਬੰਧ ਦੀ ਯੋਗਤਾ

ਇਸ ਦੇ ਕੁਝ ਸਮਾਂ ਬਾਅਦ ਸ਼ੇਰਿ ਪੰਜਾਬ ਆਪਣੇ ਪ੍ਰਸਿਧ ਦੌਰੇ ਚੜ੍ਹਿਆ ਜਿਹੜਾ ਸੰਨ ੧੮੧੦ ਵਿਚ ਇਲਾਕਾ ਸਾਹੀਵਾਲ ਆਦਿ ਦੀ ਸੁਧਾਈ ਲਈ ਕੀਤਾ ਗਿਆ ਸੀ। ਇਸ ਸਮੇਂ ਆਪ ਸਰਦਾਰ ਫਤਹ ਸਿੰਘ ਮਾਨ ਨੂੰ ਵੀ ਆਪਣੇ ਨਾਲ ਲੈ ਗਏ। ਰਣਤਤਿਆਂ ਵਿਚ ਆਪ ਆਪਣੀ ਨਿਰਭੈਤਾ ਤੇ ਬੀਰਤਾ ਦੇ ਜੌਹਰ ਤਾਂ ਕਈ ਮੌਕਿਆਂ ਪਰ ਪਹਿਲਾਂ ਹੀ ਦਸ ਚੁਕੇ ਸਨ। ਹੁਣ ਸਮਾਂ ਆਇਆ ਆਪ ਦੀ ਪ੍ਰਬੰਧ ਯੋਗਤਾ ਤੇ ਸਿਆਣਪ ਦੀ ਪਰਖ ਦਾ।

## ਸਾਹੀਵਾਲ ਦਾ ਨਾਜ਼ਮ ਮੁਕੱਰਰ ਹੋਣਾ

ਨਵਾਬ ਫ਼ਤਹ ਖਾਨ ਦਾ ਇਲਾਕਾ ਫ਼ਤਹ ਕਰ ਕੇ ਜਦ ਖਾਲਸਾ ਰਾਜ ਨਾਲ ਮਿਲਾ ਲਿਆ ਤਾਂ ਸ਼ੇਰਿ-ਪੰਜਾਬ ਨੇ ਸਰਦਾਰ ਫ਼ਤਹ ਸਿੰਘ ਮਾਨ ਨੂੰ ਇਸ ਦਾ ਪਹਿਲਾ ਨਾਜ਼ਮ ਨੀਯਤ ਕੀਤਾ। ਮਾਨ ਸਰਦਾਰ ਨੇ ਇਸ ਕੰਮ ਨੂੰ ਹੱਥ ਵਿਚ ਲੈਂਦਿਆਂ ਹੀ ਪਹਿਲਾਂ ਸਾਰੇ ਪਰਗਨੇ ਦਾ ਦੌਰਾ ਕੀਤਾ। ਪੁਛ ਗਿਛ ਕਰਨ ਤੋਂ ਪਤਾ ਲਗਾ ਕਿ ਇਥੇ ਦੀ ਅਭਾਗੀ ਪ੍ਰਜਾ ਪਰ ਬੜੇ ਜ਼ੁਲਮ ਹੁੰਦੇ ਰਹੇ ਹਨ। ਸਰਦਾਰ ਫਤਹ ਸਿੰਘ ਨੇ ਉਸੇ ਵਕਤ ਕਈ ਵਾਧੂ ਭਾਰ ਜਿਹਾ ਕਿ ਬਿਗਾਰ ਆਦਿ, ਇਨ੍ਹਾਂ ਦੇ ਸਿਰਾਂ ਤੋਂ ਲਾਹ ਸੁਟੇ। ਅਗੇ ਨੂੰ ਸਭ ਤਰ੍ਹਾਂ ਨਿਆਂ ਅਨੁਸਾਰ ਵਰਤਾਵ ਦਾ ਭਰੋਸਾ ਦਿਤਾ, ਇਸ ਤਰ੍ਹਾਂ ਥੋੜੇ ਦਿਨਾਂ ਵਿਚ ਹੀ ਇਥੋਂ ਦੀ ਨਿਜ਼ਾਮਤ ਸਮੇਂ ਆਪ ਨੇ ਇਸ ਇਲਾਕੇ ਦਾ ਪ੍ਰਬੰਧ ਐਸੀ ਯੋਗਤਾ ਨਾਲ ਕੀਤਾ ਕਿ ਮੁਸਲਮਾਨ ਤੇ ਹਿੰਦੂ ਆਦਿ ਸਭ ਵਾਹ! ਵਾਹ !! ਕਰਨ ਲਗੇ।

## ਮਨਕੇਰੇ ਦੀ ਕਿਲ੍ਹਾਦਾਰੀ ਤੇ ਨਿਜ਼ਾਮਤ

ਸੰਨ ੧੮੨੧ ਵਿਚ ਸ਼ੇਰਿ ਪੰਜਾਬ ਨੇ ਜਦ ਮਨਕੇਰੇ ਨੂੰ ਫਤਹ ਕਰਕੇ ਖਾਲਸਾ ਰਾਜ ਨਾਲ ਮਿਲਾ ਲਿਆ ਤਾਂ ਸਰਦਾਰ ਫਤਹ ਸਿੰਘ ਸਣੇ ਆਪਣੀ ਫੌਜ ਦੇ ਇਸ ਜੰਗ ਵਿਚ ਸ਼ਾਮਲ ਸਨ ਅਤੇ ਇਸ ਸਮੇਂ ਆਪ ਨੇ ਮੁੜ ਆਪਣੀ ਸ਼ਮਸ਼ੇਰ ਦੇ ਜੌਹਰ ਦਸੇ। ਇਸ ਪਰ ਮਹਾਰਾਜਾ ਸਾਹਿਬ ਐਨੇ ਗਦ-ਗਦ ਹੋਏ ਕਿ ਇਸ ਫਤਹ ਕੀਤੇ ਹੋਏ ਲੰਮੇ ਚੌੜੇ ਇਲਾਕੇ ਦੀ ਫੌਜੀ ਤੇ ਮੁਲਕੀ ਸੇਵਾ, ਆਪ ਦੇ ਹੱਥ ਸੌਂਪੀ ਗਈ। ਇਥੇ ਆਪ ਨੇ ਐਨੀ ਸਮਝਦਾਰੀ ਨਾਲ ਪ੍ਰਬੰਧ ਚਲਾਇਆ ਕਿ ਇਲਾਕੇ ਦੇ ਸਾਰੇ ਰਈਸ ਤੇ ਗ਼ਰੀਬ ਇਕੋ ਜਿਹੀ ਆਪ ਦੀ ਮਹਿਮਾ ਕਰਦੇ ਸਨ।

## ਖ਼ਤਰਨਾਕ ਸੇਵਾ

ਮਾਨ ਸਰਦਾਰ ਦੇ ਜੀਵਨ ਦੀ ਸਭ ਤੋਂ ਖ਼ਤਰੇ ਵਾਲੀ ਸੇਵਾ ਉਹ ਸੀ ਜਿਹੜੀ ਆਪ ਨੇ ਬੰਨੂੰ ਤੇ ਇਲਾਕਾ ਵਜ਼ੀਰਸਤਾਨ ਨੂੰ ਫਤਹ ਕਰਕੇ ਖਾਲਸਾ ਰਾਜ ਨਾਲ ਮਿਲਾਣ ਦਾ ਕਰਾਮਾਤੀ ਕਾਰਨਾਮਾ ਕੀਤਾ ਸੀ। ਇਸ ਇਲਾਕੇ ਪਰ ਲਗਭੱਗ ਇਕ ਸੌ ਸਾਲ ਬਰਤਾਨੀਆਂ ਵਰਗੀ ਪ੍ਰਸਿੱਧ ਤਾਕਤ ਨੂੰ ਹਕੂਮਤ ਕਰਦਿਆਂ ਬੀਤ ਗਿਆ ਹੈ ਪਰ ਇਥੇ ਦੇ ਵਜ਼ੀਰ ਅਜੇ ਵੀ ਹਕੂਮਤ ਲਈ ਵੱਡੀ ਖੇਚਲ ਤੇ ਭਾਰੀ ਖਰਚ ਦਾ ਕਾਰਨ ਬਣੇ ਹੋਏ ਹਨ, ਪਰ ਅਸੀਂ ਬਹਾਦਰ ਤੇ ਦੂਰ ਦਰਸ਼ਕ ਸਰਦਾਰ ਫਤਹ ਸਿੰਘ ਮਾਨ ਦਾ ਇਸ ਦੇਸ਼ ਦੇ 'ਅਤਿ-ਔਖੇ ਅਤੇ



Sri Satguru Jagjit Singh Ji eLibrary NamdhariElibrary@gmail.com

ਆਪ-ਹੁਦਰੇ ਸੁਭਾ ਦੇ ਬਨੋਚੀਆਂ ਤੋਂ ਪੂਰਨ ਸਫਲਤਾ ਨਾਲ ਸਾਰਾ ਜੁਰਮਾਨਾ ਤੇ ਮਾਲੀਆ ਉਗ੍ਰਾਹ ਲੈਣਾ ਇਥੇ ਦੇ ਲੋਕਾਂ ਲਈ ਇਕ ਨਵੀਂ ਗੱਲ ਤੇ ਪਹਿਲਾ ਮੌਕਾ ਸੀ ਜਦ ਕਿ ਇਨ੍ਹਾਂ ਕਿਸੇ ਹੁਕਮਰਾਨ ਨੂੰ ਕੋਈ ਰਕਮ ਤਾਰੀ ਹੋਵੇ[1]। ਮਾਨ ਸਰਦਾਰ ਦਾ ਇਹ ਕਾਰਨਾਮਾ ਕਿਸੇ ਤਰ੍ਹਾਂ ਵੀ ਮੋਜਜ਼ੇ ਤੋਂ ਘਟ ਨਹੀਂ ਦਿਸਦਾ ਜਿਸ ਦਾ ਵੇਰਵਾ ਇਉਂ ਹੈ।

## ਬੰਨੂੰ ਦੀ ਫਤਹ

ਸੰਮਤ ੧੮੮੦ ਬਿ: ਦੇ ਮੱਘਰ ਦੇ ਮਹੀਨੇ ਮੁਤਾਬਕ ਨਵੰਬਰ ਸੰਨ ੧੮੨੩ ਈ: ਦੇ ਅਰੰਭ ਵਿਚ ਸ਼ੇਰਿ ਪੰਜਾਬ ਤੇ ਸਰਦਾਰ ਫਤਹ ਸਿੰਘ ਨੇ, ਸਣੇ ਖਾਲਸਾ ਫੌਜ ਦੇ ਦਰਿਆ ਸਿੰਧ ਤੋਂ ਈਸਾ ਖੇਲ ਦੇ ਪੱਤਣੋਂ ਪਾਰ ਹੋ ਕੇ ਬੰਨੂੰ ਪਰ ਚੜ੍ਹਾਈ ਕੀਤੀ[2]।

ਅਗੋਂ ਬਨੋਚੀਆਂ ਤੇ ਵਜ਼ੀਰੀਆਂ ਦੇ ਸੰਮਿਲਤ ਲਸ਼ਕਰ ਨੇ ਆਪਣੇ ਦੇਸ਼ ਪਿਆਰ ਦੀ ਖਾਤਰ ਬੜੀ ਦ੍ਰਿੜ੍ਹਤਾ ਨਾਲ ਖਾਲਸੇ ਦਾ ਟਾਕਰਾ ਕੀਤਾ। ਖਾਲਸਾ ਫੌਜ ਨੇ ਬਹਾਦਰ ਸਰਦਾਰ ਫਤਹ ਸਿੰਘ ਮਾਨ ਦੀ ਅਗਵਾਈ ਹੇਠ ਰਣ-ਭੂਮੀ ਵਿਚ ਆਪਣੀ ਤੇਗ਼ ਦੇ ਉਹ ਜੌਹਰ ਦਸੇ ਜਿਸ ਅਗੇ ਗ਼ਨੀਮ ਨਾ ਠਹਿਰ ਸਕਿਆ। ਖਾਲਸੇ ਦੀ ਇਸ ਫਤਹ ਨਾਲ ਬੰਨੂੰ ਦਾ ਸਾਰਾ ਇਲਾਕਾ ਖਾਲਸਈ ਝੰਡੇ ਹੇਠ ਆ ਗਿਆ।

ਇਸ ਸਮੇਂ ਸਰਦਾਰ ਫਤਹ ਸਿੰਘ ਨੇ ਇਕ ਲੱਖ ਰੁਪਿਆ ਚੱਟੀ ਤੇ ਮਾਲੀਆ ਬੜੇ ਰਾਜਨੀਤਕ ਤਰੀਕੇ ਨਾਲ ਵਜ਼ੀਰੀਆਂ ਤੇ ਬਨੋਚੀਆਂ ਤੋਂ ਪਾਈ ਸੁਧਾ ਵਸੂਲ ਕਰ ਲਿਆ[3]।

ਇਸ ਇਲਾਕੇ ਦੇ ਵਸਨੀਕਾਂ ਦੇ ਸੁਭਾਵ ਦੇ ਜਾਣੂ ਕਈ ਬ੍ਰਿਧ ਦਸਦੇ ਹਨ ਕਿ ਇਸ ਤਰ੍ਹਾਂ ਬਿਨਾਂ ਕਿਸੇ ਲੰਮੇ ਖੂਨ ਖਰਾਬੇ ਦੇ ਇਨ੍ਹਾਂ ਸਦਾ ਸੁਤੰਤਰ ਰਹਿਣ ਵਾਲੇ ਲੋਕਾਂ ਤੋਂ ਮਾਲੀਆ ਤੇ ਚੱਟੀ ਵਸੂਲ ਕਰਨੀ, ਸਰਦਾਰ ਫਤਹ ਸਿੰਘ ਦੇ ਜੀਵਨ ਦਾ ਇਕ ਮਹਾਨ ਕਾਰਨਾਮਾ ਸੀ। ਬੰਨੂੰ ਦੀ ਰਾਖੀ ਲਈ ਜ਼ਰੂਰੀ ਫੌਜ ਇਥੇ ਛੱਡ ਕੇ, ਮਹਾਰਾਜਾ ਸਾਹਿਬ ਸਰਦਾਰ ਫਤਹ ਸਿੰਘ ਨੂੰ ਆਪਣੇ ਨਾਲ ਵਾਪਸ ਲਾਹੌਰ ਲੈ ਆਏ। ਇਸ ਮੁਹਿੰਮ ਸਮੇਂ ਸ਼ੇਰਿ ਪੰਜਾਬ ਤੇ ਸਰਦਾਰ ਫਤਹ ਸਿੰਘ ਨੇ ਜਿਨ੍ਹਾਂ ਦਰਖਤਾਂ ਹੇਠ ਆਪਣਾ ਡੇਰਾ ਰਖਿਆ ਸੀ ਉਹ ਪਿਪਲਾਂ ਦੇ ਦਰਖਤ ਇਸ ਵਕਤ ਤਕ ਮੌਜੂਦ ਹਨ। ਜਿਨ੍ਹਾਂ ਨੂੰ ਪਸ਼ਤੋ ਵਿਚ ਇਥੋਂ ਦੇ ਲੋਕ 'ਹਾਜੀਵਾਨੇ' ਹਾਜੀ ਦੇ ਦਰਖਤ ਸਦਦੇ ਹਨ ਜੋ ਬੰਨੂੰ ਦੀ ਸੜਕ ਪਰ ਹਨ[4]।

## ਦਿਲਾਸਾ ਖਾਨ ਦੀ ਬਗ਼ਾਵਤ

ਬੰਨੂੰ ਦੀ ਉਪ੍ਰੋਕਤ ਫਤਹ ਦੇ ਦੋ ਸਾਲ ਬਾਅਦ ਸੰਨ ੧੮੨੫ ਵਿਚ ਖਬਰਾਂ ਪਹੁੰਚੀਆਂ ਕਿ ਬੰਨੂੰ ਦਾ ਹਾਕਮ ਦਿਲਾਸਾ ਖਾਨ ਜੋ ਵਜ਼ੀਰੀਆਂ ਦੇ ਦਾਊਦ ਖੇਲ ਦੇ ਲਪੇ ਵਿਚੋਂ ਸੀ ਤੇ ਸਾਰੇ ਬਨੋਚੀਆਂ ਤੇ ਵਜ਼ੀਰੀਆਂ ਦਾ ਆਗੂ ਮੰਨਿਆ ਜਾਂਦਾ ਸੀ[5] ਬਾਗੀ ਹੋ ਗਿਆ ਹੈ[6]।

---

1. ਖਿਦਮਤੇ ਯਕਸਾਲਾ ਬਰ ਸਰਹਦੇ ਪੰਜਾਬ ਜਿ: ੧, ਸਫਾ ੧੧੦।
2. ਹਿਯਾਤੇ ਅਫਗਾਨੀ, ਮੁਹੰਮਦ-ਹਿਯਾਤ ਖਾਨ ਸਫਾ ੬੩੧।
3. ਹਿਯਾਤੇ ਅਫਗਾਨੀ, ਮੁਹੰਮਦ-ਹਿਯਾਤ ਖਾਨ ਸਫਾ ੬੩੨।
4. ਹਯਾਤੇ ਅਫਗਾਨੀ, ਮੁਹੰਮਦ-ਹਿਯਾਤ ਖਾਨ ਸਫਾ ੬੩੨।
5. ਖ਼ਿਦਮਤੇ ਯਕਸਾਲਾ ਬਰ ਸਰਹਦੇ ਪੰਜਾਬ ਜਿ: ੧. ਸ: ੧੧੦।
6. ਹਯਾਤੇ ਅਫਗਾਨੀ ਮੁਹੰਮਦ-ਹਿਯਾਤ ਖਾਨ ਸਫਾ ੬੩੧।



Sri Satguru Jagjit Singh Ji eLibrary NamdhariElibrary@gmail.com

ਸ਼ੇਰਿ ਪੰਜਾਬ ਨੇ ਚੂੰਕਿ ਪਿਛਲੇਰੇ ਸਾਲ ਸਰਦਾਰ ਫਤਹ ਸਿੰਘ ਮਾਨ ਦੀ ਬੀਰਤਾ ਤੇ ਸੁਘੜਤਾ ਨੂੰ ਚੰਗੀ ਤਰ੍ਹਾਂ, ਇਸੇ ਇਲਾਕੇ ਨੂੰ ਫਤਹ ਕਰਨ ਸਮੇਂ ਆਪਣੇ ਅੱਖੀਂ ਦੇਖਿਆ ਸੀ ਇਸ ਲਈ ਹੁਣ ਬੰਨੂੰ ਦੀ ਬਗਾਵਤ ਨੂੰ ਦਬਾਣ ਲਈ ਸਰਕਾਰ ਨੇ ਸਰਦਾਰ ਫਤਹ ਸਿੰਘ ਨੂੰ ਇਸ ਮੁਹਿੰਮ ਦੀ ਸੌਂਪਣੀ ਦਿਤੀ। ਅੱਠ ਹਜ਼ਾਰ ਖਾਲਸਾ ਫੌਜ ਨੇ ਸਣੇ ਕੌਰ ਖੜਗ ਸਿੰਘ ਦੇ, ਦਿਲਾਸਾ ਖਾਨ ਨੂੰ ਮੱਤ ਦੇਣ ਲਈ ਬੰਨੂੰ ਵੱਲ ਕੂਚ ਕਰ ਦਿਤਾ।

ਇਹ ਫੌਜ ਵੱਡੀ ਤੇਜ਼ੀ ਨਾਲ ਲੰਮੀਆਂ ਮੰਜ਼ਲਾਂ ਤਹਿ ਕਰਕੇ ਨਵੰਬਰ ਦੇ ਅਰੰਭ ਵਿਚ ਬੰਨੂੰ ਪਹੁੰਚ ਗਈ ਅਤੇ ਉਸ ਥਾਂ ਪਰ ਡੇਰਾ (ਕੈਂਪ) ਰਖਿਆ ਜਿਥੇ ਅੱਜ ਕਲ ਬੰਨੂੰ ਦਾ ਇਤਿਹਾਸਕ ਕਿਲ੍ਹਾ ਦਲੀਪ ਗੜ੍ਹ ਮੌਜੂਦ ਹੈ[1]।

ਇਧਰ ਦਿਲਾਸਾ ਖਾਨ ਨੂੰ ਜਦ ਖਾਲਸੇ ਦੀਆਂ ਫੌਜਾਂ ਦਾ ਬੰਨੂੰ ਵਲ ਕੂਚ ਦਾ ਪਤਾ ਲਗਾ ਤਾਂ ਉਸ ਨੇ ਤੁਰਤ ਫੁਰਤ ਆਪਣੇ ਕਾਸਦ ਤੇ ਵਾਇਜ਼ ਬੰਨੂੰ ਦੇ ਸਾਰੇ ਪਰਗਨਿਆਂ ਵਿਚ ਫਿਰਵਾ ਦਿੱਤੇ। ਇਨ੍ਹਾਂ ਖਾਲਸੇ ਦੇ ਵਿਰੁੱਧ, ਅਵਿਦਤ ਵਜ਼ੀਰੀਆਂ, ਮੀਰੀਆਂ ਅਤੇ ਬਨੋਚੀਆਂ ਵਿਚ ਹਨੇਰ ਦਾ ਜੋਸ਼ ਖਿਲਾਰ ਦਿਤਾ। ਹਰ ਇਕ ਤਪੇ ਦੇ ਜੋਸ਼ ਭਰੇ ਗਾਜ਼ੀ ਢੋਲ ਢਮੱਕੇ ਵਜਾਂਦੇ ਹਜ਼ਾਰਾਂ ਦੀ ਗਿਣਤੀ ਵਿਚ ਆਪਣੇ ਆਗੂ ਦੇ ਝੰਡੇ ਹੇਠ ਆਪਣੀਆਂ ਜਾਨਾਂ ਵਾਰਨ ਲਈ ਘਰਾਂ ਤੋਂ ਬਖਸ਼ ਬਖਸ਼ਾਵਣੀਆਂ ਲੈ ਕੇ ਇਕੱਠੇ ਹੋ ਗਏ।

ਅਗਲਾ ਦਿਨ ਸੰਜੋਗ ਨਾਲ ਜੁੰਮੇ ਦਾ ਸੀ, ਗਾਜ਼ੀਆਂ ਦੇ ਅਕੀਦੇ ਅਨੁਸਾਰ ਇਸ ਦਿਨ ਧਰਮ ਯੁੱਧ ਵਿਚ ਸ਼ਹੀਦ ਹੋਇਆ ਬੰਦਾ ਸਿੱਧਾ ਜਨਤ ਵਿਚ ਜਾ ਪਹੁੰਚਦਾ ਹੈ। ਇਧਰ ਖਾਲਸਾ ਫੌਜ ਵਿਚ ਆਪਨੇ ਸਿਰਲਥ ਆਗੂਆਂ ਦੀ ਰਹਿਨੁਮਾਈ ਵਿਚ ਖਾਲਸਾ ਕੌਮ ਦੇ ਜੋਸ਼ ਦੇ ਅਥਾਹ ਸਾਗਰ ਵਿਚ ਹਨੇਰ ਦੀ ਜਵਾਰਭਾਟਾ ਆਈ ਹੋਈ ਸੀ। ਸਾਰਾ ਦਿਨ ਲੋਹੇ ਨਾਲ ਲੋਹਾ ਖੜਕਦਾ ਰਿਹਾ। ਛੇਕੜ ਲੌਢੇ ਪਹਿਰ ਸਰਦਾਰ ਫਤਹ ਸਿੰਘ ਨੇ ਆਪਣੀ ਫੌਜ ਦੇ ਚੋਣਵੇਂ ਜੁਵਾਨਾਂ ਨਾਲ ਠੀਕ ਉਸ ਇਕੱਠ ਪਰ ਗਜ਼ਬ ਦੇ ਜੋਸ਼ ਵਿਚ ਹੱਲਾ ਕੀਤਾ ਜਿਥੇ ਦਿਲਾਸਾ

---

1. ਇਹ ਕਿਲ੍ਹਾ ਦਲੀਪ ਗੜ੍ਹ ਜਿਹੜਾ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਸ਼ਾਹਜ਼ਾਦੇ ਅਤੇ ਖਾਲਸਾ ਰਾਜ ਦੇ ਅੰਤਮ ਮਹਾਰਾਜਾ ਦੇ ਨਾਮ ਪਰ ਉਸਾਰਿਆ ਗਿਆ ਅਤੇ ਮੌਜੂਦਾ ਬੰਨੂੰ ਦਾ ਸ਼ਹਿਰ ਜਿਸ ਨੂੰ 'ਬਜ਼ਾਰ' ਕਹਿੰਦੇ ਹਨ, ਇਸ ਕਰੜੇ ਦੇਸ਼ ਵਿਚ ਅੱਜ ਤੱਕ ਕਾਇਮ ਹੈ, ਜਿਹੜਾ ਖਾਲਸੇ ਦੀ ਤੇਗ ਦੀ ਸਦੀਵੀ ਯਾਦਗਾਰ ਹੁਣ ਵੀ ਚੇਤੇ ਕਰਾ ਰਿਹਾ ਹੈ।

ਇਸ ਕਿਲੇ ਦਾ ਵੇਰਵਾ ਇਸ ਤਰ੍ਹਾਂ ਹੈ – ਇਹ ਕਿਲ੍ਹਾ ਦੂਹਰਾ ਬਣਾਇਆ ਗਿਆ ਹੈ ਇਸ ਦੀਆਂ ਬਾਹਰ ਦੀਆਂ ਫਸੀਲਾਂ ਦੀ ਉਚਾਈ 10 ਫੁਟ ਤੇ ਮੋਟਾਈ ੬ ਫੁਟ ਹੈ। ਇਨ੍ਹਾਂ ਦੀਵਾਰਾਂ ਦੇ ਚੁਗਿਰਦੇ ੩੦ ਫੁਟ ਡੂੰਘੀ ਖੰਦਕ ਹੈ ਜਿਹੜੀ ਲੋੜ ਦੇ ਸਮੇਂ ਦਰਿਆ ਕਰਮ ਦੇ ਪਾਣੀ ਨਾਲ ਪੁਰ ਕੀਤੀ ਜਾਂਦੀ ਸੀ। ਇਸ ਦੇ ਅੰਦਰ ਜਾਣ ਲਈ ਦੋ ਦਰਵਾਜੇ ਹਨ, ਜਿਨ੍ਹਾਂ ਦੀ ਰਖਿਆ ਲਈ ਦੋ ਮਜ਼ਬੂਤ ਗੋਲ ਗਰਦਸ਼ਾਂ ਹਨ। ਕਿਲੇ ਵਾਲੀ
ਬਾਹਰਲੀ ਦੀਵਾਰ ਅਤੇ ਅੰਦਰ ਵਾਲੇ ਕਿਲੇ ਵਿਚਾਲੇ ਚੁਗਿਰਦੇ ੨੪੦ ਫੁਟ ਖੁਲ੍ਹਾ ਮੈਦਾਨ ਛੱਡ ਕੇ ਪਹਿਲਾਂ ਦੂਜੀ ਖੰਦਕ ਹੈ ਜਿਸ ਦੀ ਡੂੰਘਾਈ ੩੦ ਫੁਟ ਹੈ ਤੇ ਇਹ ਵੀ ਪਾਣੀ ਨਾਲ ਭਰੀ ਜਾ ਸਕਦੀ ਸੀ। ਇਸ ਦੇ ਅੰਦਰ ਦੂਜਾ ਕਿਲ੍ਹਾ ਸੀ ਜਿਸ ਦੀ ਹਰ ਇਕ ਬਾਹੀ ੩੦੦ ਫੁਟ ਲੰਮੀ ਤੇ ਇੰਨੀ ਹੀ ਚੌੜੀ ਸੀ। ਇਸ ਦੀਆਂ ਕੰਧਾਂ ਦੀ ਉਚਾਈ ੨੦ ਫੁਟ ਤੇ ਮੁਟਾਈ ੯ ਫੁਟ ਸੀ। ਅੰਦਰਲੇ ਅਤੇ ਬਾਹਰਲੇ ਕਿਲੇ ਦੇ ਚੌਹਾਂ ਕੋਨਿਆਂ ਪਰ ੨੬–੨੬ ਫੁਟ ਉੱਚੇ ਮਜ਼ਬੂਤ ਬੁਰਜ ਹਨ। ਅੰਦਰ ਵਾਲੇ ਕਿਲੇ ਵਿਚ ਮੈਗਜ਼ੀਨ, ਖਜ਼ਾਨਾ ਅਤੇ ਇਕ ਹਜ਼ਾਰ ਰਖਵਾਲੀ ਫੌਜ ਲਈ ਬਾਰਕਾਂ ਤੇ ਅਫ਼ਸਰਾਂ ਦੇ ਰਹਿਣ ਲਈ ਬੰਗਲੇ ਹਨ। ਬਾਹਰਲੇ ਕਿਲੇ ਦੀਆਂ ਫਸੀਲਾਂ ਦੇ ਨਾਲ ਫੌਜ ਲਈ ਬਾਰਕਾਂ ਸਨ, ਜਿਨ੍ਹਾਂ ਵਿਚ ੩੦੦੦ ਪੈਦਲ, ੧੦੦੦ ਸਵਾਰ, ਦੋ ਦਸਤੇ ਘੋੜਿਆਂ ਦਾ ਤੋਪਖਾਨਾ, ੮੦ ਸ਼ਤਰੀ ਗੁਬਾਰੇ ਤੇ ਜ਼ੰਬੂਰਕ ਸਨ। ਇਨ੍ਹਾਂ ਦੋਹਾਂ ਕਿਲਿਆਂ ਦੀ ਰਖਵਾਲੀ ਫੌਜ ਲਈ ਛੇ ਮਹੀਨਿਆਂ ਦੇ ਨਿਰਬਾਹ ਲਈ ਖਾਣ ਲਈ ਅਨਾਜ ਆਦਿ ਜ਼ਖੀਰੇ ਸਨ। ਇਸ ਤੋਂ ਛੁਟ ਪੀਣ ਲਈ ਪਾਣੀ ਦਾ ਪੱਕਾ ਪ੍ਰਬੰਧ ਸੀ।



Sri Satguru Jagjit Singh Ji eLibrary NamdhariElibrary@gmail.com

ਖਾਨ ਆਪ ਲੜ ਰਿਹਾ ਸੀ। ਬਸ ਹੁਣ ਦੋਵੇਂ ਬਹਾਦਰ ਆਹਮਣੇ ਸਾਹਮਣੇ ਹੁੰਦਿਆਂ ਹੀ ਇਕ ਦੂਜੇ ਪਰ ਐਸੇ ਟੁਟ ਕੇ ਪਏ ਕਿ ਮਾਨੋ ਇਥੇ ਹੀ ਇਸ ਲੜਾਈ ਦਾ ਫੈਸਲਾ ਇਨ੍ਹਾਂ ਦੋਹਾਂ ਦੀ ਹਾਰ ਜਿੱਤ ਨਾਲ ਹੋ ਜਾਣਾ ਹੈ, ਸੋ ਇਸੇ ਤਰ੍ਹਾਂ ਹੋਇਆ।

## ਦਿਲਾਸਾ ਖਾਨ ਦਾ ਫੱਟੜ ਹੋਣਾ

ਇਸ ਨਾਜ਼ਕ ਸਮੇਂ ਜਦ ਕਿ ਹੱਥੋ ਹੱਥ ਤੇਗ਼ ਚੱਲ ਰਹੀ ਸੀ, ਸਰਦਾਰ ਫਤਹ ਸਿੰਘ ਨੇ ਆਪਣੀ ਤਲਵਾਰ ਦੀ ਖਾਨ ਨੂੰ ਇਕ ਐਸੀ ਤੁਲਵੀਂ ਸੱਟ ਲਾਈ, ਕਿ ਉਹ ਲੜ ਖੜਾ ਕੇ ਆਪਣੇ ਘੋੜੇ ਤੋਂ ਜ਼ਮੀਨ ਪਰ ਆ ਪਿਆ। ਇਸ ਦੇ ਡਿੱਗਣ ਨਾਲ ਜਹਾਦੀਆਂ ਸਮਝਿਆ ਕਿ ਉਨ੍ਹਾਂ ਦਾ ਆਗੂ ਮਾਰਿਆ ਗਿਆ ਹੈ, ਇਸ ਹਫੜਾ ਤਫੜੀ ਵਿਚ ਗਾਜ਼ੀਆਂ ਦੇ ਪੈਰ ਮੈਦਾਨ ਵਿਚੋਂ ਉੱਖੜ ਗਏ ਤੇ ਜਿਧਰ ਕਿਸੇ ਨੂੰ ਰਾਹ ਲੱਭਾ ਉਧਰ ਭੱਜ ਨੱਠਾ। ਚੂੰਕਿ ਗ਼ਾਜ਼ੀ ਆਪਣੇ ਦੇਸ਼ ਪਿਆਰ ਦੀ ਖਾਤਰ ਬੜੇ ਡੱਟ ਕੇ ਲੜੇ ਸਨ ਇਸ ਲਈ ਸਰਦਾਰ ਫਤਹ ਸਿੰਘ ਨੇ ਇਨ੍ਹਾਂ ਦਾ ਪਿੱਛਾ ਕਰਨਾ ਯੋਗ ਨਾ ਸਮਝਿਆ ਅਤੇ ਵਧੇਰਾ ਧਿਆਨ ਆਪਣੇ ਤੇ ਗ਼ਾਜ਼ੀਆਂ ਦੇ ਫੱਟੜਾਂ ਦੀ ਸਾਂਝੇ ਤੌਰ ਪਰ ਮਰ੍ਹਮ ਪੱਟੀ ਵਲ ਦਿਤਾ।

ਇਸ ਭਿਆਨਕ ਸਮੇਂ ਦਿਲਾਸਾ ਖਾਨ ਨੇ ਹੌਸਲਾ ਹਥੋਂ ਨਾ ਜਾਣ ਦਿੱਤਾ। ਹੁਣ ਇਸ ਨੇ ਜਦ ਆਪਣੀ ਮੌਤ ਅੱਖਾਂ ਦੇ ਸਾਹਮਣੇ ਡਿੱਠੀ ਤਾਂ ਹਿੰਮਤ ਕਰਕੇ ਝੱਟ ਉਠਿਆ ਤੇ ਨੱਸ ਕੇ ਦੌੜਦਿਆਂ ਪਹਾੜੀਆਂ ਵਿਚ ਜਾ ਸਾਹ ਲਿਆ[1]।

ਦਿਲਾਸਾ ਖਾਨ ਬਾਰੇ ਬੰਨੂੰ ਦੇ ਇਲਾਕੇ ਵਿਚ ਤਰ੍ਹਾਂ ਤਰ੍ਹਾਂ ਦੀਆਂ ਰਵਾਇਤਾਂ ਪ੍ਰਚਲਤ ਹਨ ਜਿਥੇ ਉਸ ਦੇ ਮਜ਼ਬੀ ਜੋਸ਼ ਅਤੇ ਬੀਰਤਾ ਦਾ ਜ਼ਿਕਰ ਆਉਂਦਾ ਹੈ ਉਥੇ ਨਾਲ ਹੀ ਉਸ ਦੇ ਬੇਤਰਸ ਹੋਣ ਬਾਰੇ ਵੀ ਅਨੇਕਾਂ ਮਿਸਾਲਾਂ ਹਨ। ਐਨਾ ਮਜ਼ਬੀ ਗ਼ਾਜ਼ੀ ਹੁੰਦਾ ਹੋਇਆ ਵੀ ਇਲਾਕੇ ਦੇ ਮੌਲਵੀਆਂ ਨਾਲ ਇਹ ਬੜਾ ਹੰਕਾਰੀ ਵਰਤਾਵ ਰੱਖਦਾ ਸੀ ਜਿਸ ਕਰਕੇ ਮੌਲਵੀਆਂ ਨੇ ਇਸ ਰਾਮ-ਰੌਲੇ ਵਿਚ ਇਸ ਨਾਲ ਦਿਲੋਂ ਸਾਥ ਨਾ ਸੀ ਦਿੱਤਾ ਅਤੇ ਉਨ੍ਹਾਂ ਪਰ ਇਹ ਵੱਡਾ ਨਰਾਜ਼ ਸੀ ਜਿਹਾ ਕਿ ਇਸ ਪਸ਼ਤੋ ਕਵਿਤਾ ਦੇ ਸ਼ੇਅਰ ਤੋਂ ਸਪਸ਼ਟ ਹੁੰਦਾ ਹੈ :

"ਦਾ ਦਿਲੋਸਾ ਗਾਜ਼ੀ ਦੇ ਬਾਨੀ ਆਲੇਮਾਨੇ ਨਾ ਜਿੜਾ ਬਦ ਦੇ"।

ਦਿਲਾਸਾ ਗ਼ਾਜ਼ੀ ਦਾ ਮਨ ਬੰਨੂੰ ਦੇ ਮੁਲਾਂ ਤੇ ਆਲਮਾ ਤੇ ਰੰਜ ਹੈ।

## ਬੰਨੂੰ ਦੀ ਲੜਾਈ ਬਾਰੇ ਪਸ਼ਤੋ ਜੰਗੀ ਗੀਤ

ਇਸ ਸੰਗ੍ਰਾਮ ਬਾਰੇ ਸਾਨੂੰ ਬਨੋਚੀ ਪਸ਼ਤੋ ਦਾ ਇਕ ਜੰਗੀ ਗੀਤ ਮਿਲਿਆ ਹੈ ਜਿਸ ਤੋਂ ਖਾਲਸੇ ਦਾ ਦਬਦਬਾ ਤੇ ਬੀਰਤਾ ਸੰਮਿਲਤ ਚੋ ਚੋ ਪੈਂਦੀ ਹੈ। ਬੰਨੂੰ ਦੇ ਇਕ ਇਕ ਸ਼ੇਅਰ ਤੋਂ ਸਪਸ਼ਟ ਹੋ ਰਿਹਾ ਹੈ।

## ਇਸ ਗੀਤ ਦੀ ਉਥਾਨਕਾ ਤੇ ਵੇਰਵਾ

ਦਿਲਾਸਾ ਖਾਨ ਨੂੰ ਜਦ ਜਹਾਦ (ਧਰਮ ਯੁੱਧ) ਦਾ ਜੋਸ਼ ਚੜ੍ਹਿਆ ਤਾਂ ਖਾਲਸੇ ਤੋਂ ਬਾਗੀ ਹੋ ਗਿਆ ਜਿਹਾ ਕਿ ਇਸ ਗੀਤ ਦੇ ਪਹਿਲੇ ਸ਼ੇਅਰ ਤੋਂ ਸਪਸ਼ਟ ਹੋ ਰਿਹਾ ਹੈ। ਇਸ ਨੇ[2] ਆਪਣੇ

---

1. ਹਿਯਾਤ ਅਫ਼ਗਾਨੀ, ਮੁਹੰਮਦ ਹਿਯਾਤ ਖਾਨ ਸਫਾ ੬੩੧।
2. ਹਿਯਾਤੀ ਅਫ਼ਗਾਨੀ, ਮੁਹੰਮਦ ਹਿਯਾਤ ਖਾਨ ਸਫਾ ੬੩੧।



Sri Satguru Jagjit Singh Ji eLibrary NamdhariElibrary@gmail.com

ਕਾਸਦ ਮੁਲਾਂ ਤੇ ਵਾਇਜ਼ ਬੰਨੂੰ ਤੇ ਵਜ਼ੀਰੀਆਂ ਦੇ ਇਲਾਕੇ ਵਿਚ ਭੇਜ ਕੇ ਖਾਲਸਾ ਦੇ ਟਾਕਰੇ ਲਈ ਇਕ ਭਾਰੀ ਲਸ਼ਕਰ ਇਕੱਠਾ ਕਰ ਲਿਆ। ਇਥੋਂ ਤੱਕ ਕਿ ਇਲਾਕੇ ਵਿਚ ਨਾ ਕੋਈ ਪੈਦਲ ਤੇ ਨਾ ਕੋਈ ਸਵਾਰ ਬਾਕੀ ਰਿਹਾ। ਗ਼ਾਜ਼ੀ ਦਿਲਾਸਾ ਖਾਨ ਦੀ ਅਗਵਾਈ ਵਿਚ ਨਗਾਰੇ ਵਜਾਂਦੇ ਹੋਏ ਬੜੇ ਜੋਸ਼ ਨਾਲ ਖਾਲਸਾ ਫੌਜ ਦੇ ਸਾਹਮਣੇ ਆਏ। ਖਾਲਸੇ ਦੇ ਤੇਜ ਨੂੰ ਦੇਖ ਕੇ ਦਿਲਾਸਾ ਖਾਨ ਹੌਸਲਾ ਛੱਡ ਬੈਠਾ, ਖਾਨ ਇਸ ਭੈ ਭੀਤ ਹਾਲਤ ਵਿਚ ਆਪਣੇ ਰੱਬ (ਸਤਾਰ) ਤੋਂ ਪੁੱਛਦਾ ਹੈ ਕਿ ਹੇ ਰੱਬਾ ਮੇਰਾ ਹੀਆ ਕਿਧਰ ਚਲਾ ਗਿਆ ਹੈ ? ਮੇਰਾ ਮਨ (ਮਹਾਰਾਜਾ) ਰਣਜੀਤ ਸਿੰਘ ਦੇ ਬਲ ਤੋਂ ਡਰਦਾ ਹੈ। ਇਸ ਡਰ ਦਾ ਇਸ ਦੇ ਮਨ ਪਰ ਐਸਾ ਪ੍ਰਭਾਵ ਪਿਆ ਕਿ ਇਸ ਮੁਹਿੰਮ ਪਰ ਗਈ ਖਾਲਸਾ ਫੌਜ ਦੀ ਸਾਰੀ ਗਿਣਤੀ ਕੇਵਲ ੮੦੦੦ ਸੀ, ਪਰ ਦਿਲਾਸਾ ਖਾਨ ਨੂੰ ਇਸ ਅੱਠ ਹਜ਼ਾਰ ਖਾਲਸਾ, ਇਕ ਭਿਆਨਕ ਸ਼ਕਲ ਲੱਖਾਂ ਤੇ ਕਰੋੜਾਂ ਦੀ ਗਿਣਤੀ ਵਿਚ ਦਿੱਸਣ ਲੱਗ ਪਿਆ। ਜਿਹਾ ਕਿ ਇਸ ਗੀਤ ਦੇ ਸ਼ੇਅਰ ਨੰਬਰ ੧੦, ੧੧ ਤੇ ੧੨ ਦੀ ਰਚਨਾ ਤੋਂ ਸਾਫ ਜ਼ਾਹਰ ਹੋ ਰਿਹਾ ਹੈ । ਭਾਵੇਂ ਇਹ ਸਾਰੇ ਬੰਨੂੰ ਦਾ ਅਮੀਰ ਸੀ, ਪਰ ਖਾਲਸਾ ਫੌਜ ਨੇ ਇਸ ਨੂੰ ਘੇਰ ਲਿਆ ਕਿ ਉਸ ਵੱਡੀ ਘਬਰਾਹਟ ਵਿਚ ਮੈਦਾਨ ਖਾਲਸੇ ਦੇ ਹੱਥ ਛੱਡ ਕੇ ਅਰ ਨੱਸ ਕੇ 'ਦੌੜ' ਪਹਾੜਾਂ ਵਿਚ ਪਨਾਹ ਲਈ[1]।

## ਅਸਲੀ ਗੀਤ

੧. ਚਾ ਵੇਲ ਚੇ ਦਿਲੋਸ ਵਰਤਾ ਬਗ਼ੀਦੋ।
ਕਿਸੇ ਆਖਿਆ ਕਿ ਦਿਲਾਸਾ (ਖਾਨ) ਖਾਲਸੇ ਤੋਂ ਬਾਗ਼ੀ ਹੋ ਗਿਆ ਹੈ।

੨. ਪੈਗੰਬਰ ਪਾ ਨੂਮੇ ਮਰ ਈਸ਼ਾ ਜ਼ਿਯੋਤੀ ਦਾ।
ਆਪਣਾ ਸਿਰ ਪੈਗੰਬਰ (ਸਾਹਿਬ) ਤੋਂ ਵਾਰਨ ਲੱਗਾ ਹੈ।

੩. ਕਾਸਿਦੋਨ ਦੇ ਕਕੀ[2] ਪਾ ਲੇਰ ਜੰਗੇਜ਼ੀ।
ਉਸ ਦੇ ਕਾਸਦ ਕਕੀ ਦੇ (ਇਲਾਕੇ) ਵਿਚ ਫਿਰ ਰਹੇ ਹਨ।

੪. ਕਾਸਿਦੋਨ ਵੇਰਾ ਗ਼ਲੀ ਦੀ ਕਕੀ ਤਾ ।
ਕਾਸਦ ਕਕੀ ਪਹੁੰਚ ਗਏ।

੫. ਸੁਬੋ ਕੀਚ ਤੇ ਰਵਾਨੇਜ਼ੀ ਲਾਹੌਰੀ[3] ਤਾ।
ਸਵੇਰੇ ਕੂਚ ਕਰਕੇ ਖਾਲਸਾ ਫੌਜ ਤੇ ਚੜ੍ਹਾਈ ਕੀਤੀ ਜਾਏਗੀ।

੬. ਨਗਾਰੇ ਦਾ ਦਿਲੋਸਾ ਪਾ ਲੇਰ ਜ਼ਗੇਜ਼ੀ।
ਦਿਲਾਸਾ ਦੇ ਲਸ਼ਕਰ ਵਿਚ ਨਗਾਰੇ ਵਜ ਰਹੇ ਹਨ।

੭. ਸਤਰ ਫੌਜੀਨਾ ਵੇਰਾ ਗ਼ਲੀ ਦੀ ਮੀਰੀ ਤਾ[4] ।
ਬਹੁਤ ਸਾਰੀ ਫੌਜ ਮੀਰੀਆਂ ਵਲ ਪਹੁੰਚ ਗਈ ਹੈ।

੮. ਪਾ ਮੀਰੀ ਚੀਗਾ ਗਡਾ ਪੋਤੇ ਨਾਸ਼ਵਲ ਕਾ ਸੇਕ ਪਲੀ ਕਾ ਸਵੇਰ ਵੀ।
ਮੀਰੀਆਂ ਵਿਚ ਹੋਕਾ ਦਿੱਤਾ ਗਿਆ ਅਤੇ ਪੈਦਲ ਤੇ ਸਵਾਰ ਸਭ ਲੜਾਈ ਲਈ ਨਿਕਲ ਪਏ।

---

1. ਹਿਯਾਤੀ ਅਫ਼ਗਾਨੀ, ਮੁਹੰਮਦ ਹਿਯਾਤ ਖਾਨ ਸਫਾ ੬੩੧ ।
2. ਕਕੀ ਬੰਨੂੰ ਦੇ ਲਾਗੇ ਇਕ ਬਸਤੀ ਹੈ।
3. ਲਾਹੌਰ ਤੋਂ ਭਾਵ ਲਾਹੌਰ ਦੀ ਖਾਲਸਾ ਫੌਜ ਤੋਂ ਹੈ।
4. ਮੀਰੀ ਵਜ਼ੀਰੀਆਂ ਦੀ ਇਕ ਕੌਮ ਹੈ।



Sri Satguru Jagjit Singh Ji eLibrary NamdhariElibrary@gmail.com

੯. ਸਤਰ ਕਾਪਿਰ[1] ਦਾ ਚੇ ਪਾਕਾ ਵਾਰੇ ਬਰੇਜ਼ੀ।
(ਕਾਫਰ) ਸਿਖ ਬੜੇ ਬਲਵਾਨ ਹਨ ਜਦ ਉਹ ਵੈਰੀਆਂ ਪਰ ਜਾ ਪੈਂਦੇ ਹਨ।

੧੦. ਦਿਲੋਸਾ ਵੇਲ ਆਵੇ ਸ਼ ਵਲਸ਼ੁ ਸਤਾਰਾ[2]।
ਦਿਲਾਸੇ ਆਖਿਆ, ਹੇ ਰੱਬਾ ! ਮੇਰੇ ਹੌਸਲੇ ਨੂੰ ਕੀ ਹੋਇਆ।

੧੧. ਜ਼ ਡਰੇਜ਼ਮ ਦੇ ਰੰਜੀਤ ਕਾਪਰ ਦੇ ਜ਼ੋਰਾ।
ਮੈਨੂੰ ਰੰਜੀਤ ਕਾਫਰ[3] (ਮਹਾਰਾਜਾ ਰਣਜੀਤ ਸਿੰਘ) ਦੀ ਤਾਕਤ ਤੋਂ ਡਰ ਲਗਦਾ ਹੈ।

੧੨. ਪਾ ਲਕੂਨਾ ਪਾ ਕਰੋੜੂਨਾ ਹਿਸਾਬੇ ਗੀ[4]।
(ਉਸਦੀ ਫ਼ੌਜ ਦੀ) ਗਿਣਤੀ ਲਖਾਂ ਤੇ ਕਰੋੜਾਂ ਹੈ।
............[5]।

੧੩. ਦਿਲੋਸਾ ਗਾਜ਼ੀ ਦੇ ਕੁਲ ਬਾਨੀ ਅਮੀਰ ਦਾ।
ਦਿਲਾਸਾ ਗਾਜ਼ੀ ਸਾਰੇ ਬੰਨੂੰ ਦਾ ਅਮੀਰ ਹੈ।

੧੪. ਪਾ ਗਰਜ਼ਾ ਵੂਲਾ ਦੇ ਰੰਜੀਤ ਕਾਪਿਰ ਲਸ਼ਕਰ ਦਾ।
ਇਸ ਨੂੰ ਖਾਲਸਾ ਫੌਜ ਨੇ ਘੇਰ ਲਿਆ ਹੈ।

੧੫. ਤਰੇ ਤੀਪੇ ਗੁਮਾਰਕ ਪਾ ਚਲੇ ਜ਼ੀ।
(ਉਸ ਪਰ) ਧੂੰਆਂ ਧਾਰ ਤੋਪਾਂ ਤੇ ਗੁਬਾਰੇ ਚਲ ਰਹੇ ਹਨ।

## ਅੰਤਮ ਸੇਵਾ

ਸ਼ੇਰਿ ਪੰਜਾਬ ਦੇ ਪ੍ਰਲੋਕ ਗਮਨ ਤੋਂ ਉਪਰੰਤ ਜਦ ਖਾਲਸੇ ਦੇ ਦਿਖਲਾਵੇ ਦੇ ਸ਼ੁਭ-ਚਿੰਤਕਾਂ ਦੇ ਸਿਰਾਂ ਤੋਂ ਉਹ ਸ਼ਕਤੀਵਾਨ ਹੱਥ ਉਠ ਗਿਆ ਤਾਂ ਉਹ ਲੋਕ ਆਪਣੇ ਅਸਲ ਰੂਪ ਵਿਚ ਪ੍ਰਗਟ ਹੋ ਗਏ। ਇਨ੍ਹਾਂ ਵਿਚੋਂ ਜੰਮੂ ਦੇ ਡੋਗਰੇ ਭਾਈ, ਇਤਿਹਾਸ ਵਿਚ ਖਾਸ ਪ੍ਰਸਿਧਤਾ ਰੱਖਦੇ ਹਨ, ਜਦ ਮਹਾਰਾਜਾ ਖੜਗ ਸਿੰਘ, ਕੰਵਰ ਨੌ-ਨਿਹਾਲ ਸਿੰਘ ਤੇ ਬਹਾਦਰ ਮਹਾਰਾਜਾ ਸ਼ੇਰ ਸਿੰਘ ਨੂੰ ਵਾਰੋ ਵਾਰੀ ਅਣਆਈ ਮੌਤੇ ਮਾਰ ਦਿਤਾ ਗਿਆ[6] ਤਦ ਖਾਲਸੇ ਦੀਆਂ ਕੁਝ ਸਮੇਂ ਲਈ ਅੱਖਾਂ ਖੁਲ੍ਹੀਆਂ ਤਾਂ ਇਨ੍ਹਾਂ ਤੋਂ, ਇਨ੍ਹਾ ਦੇ ਕੀਤੇ ਹੋਏ ਅਪਰਾਧਾਂ ਬਾਬਤ ਜਵਾਬ ਮੰਗੇ ਗਏ।

ਇਸ ਸਮੇਂ ਰਾਜਾ ਗੁਲਾਬ ਸਿੰਘ ਨੇ ਆਪਣੇ ਕੀਤੇ ਹੋਏ ਕੁਕਰਮਾਂ ਤੋਂ ਸਹਿਮ ਜੰਮੂ ਜਾ ਡੇਰਾ ਲਾਇਆ ਜਿਸ ਨੂੰ ਇਸ ਨੇ ਐਸੀ ਭੀੜਾ ਦੀ ਘੜੀ ਆਉਣ ਤੋਂ ਬਚਣ ਲਈ, ਪਹਿਲਾਂ ਹੀ ਡਾਢਾ ਪੱਕਾ ਕਿਲਾ ਬੰਦ ਕਰ ਰਖਿਆ ਸੀ।

---

1. ਬਲਵਾਨ ਖਾਲਸਾ ਸਭ ਪਰ ਫਤਹ ਪਾਂਦਾ ਹੈ।
2. ਖਾਲਸੇ ਦੇ ਦਬਦਬੇ ਦਾ ਦਿਲਾਸਾ ਖਾਨ ਦੇ ਮਨ ਪਰ ਐਸਾ ਪ੍ਰਭਾਵ ਪਿਆ।
3. ਇਥੇ ਦਿਲਾਸਾ ਖਾਨ ਸਾਫ਼ ਮੰਨਦਾ ਹੈ ਕਿ ਮੈਂ ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਤੋਂ ਡਰਦਾ ਹਾਂ।
4. ਇਸ ਪਰ ਖਾਲਸੇ ਦੇ ਤੇਜ ਦਾ ਐਨਾ ਅਸਰ ਪਿਆ ਕਿ ਉਸ ਨੂੰ ਬੰਨੂੰ ਦੀ ਮੁਹਿੰਮ ਪਰ ਗਈ ੮੦੦੦ ਫੌਜ ਲੱਖਾਂ ਤੇ ਕਰੋੜਾਂ ਦੀ ਗਿਣਤੀ ਵਿਚ ਦਿੱਸਣ ਲਗ ਪਈ।
5. ਕਾਗਜ਼ ਦੇ ਗਲੇ ਹੋਏ ਹੋਣ ਕਾਰਨ ਇਥੋਂ ਲਿਖਤ ਪੜ੍ਹੀ ਨਹੀਂ ਗਈ।
6. ਮਹਾਰਾਜ ਨੌ-ਨਿਹਾਲ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਦੇ ਜੀਵਨ ਬ੍ਰਿਤਾਂਤ ਵਿਚ ਅਸਾਂ ਇਨ੍ਹਾਂ ਸਾਜ਼ਸ਼ਾਂ ਦੇ ਵੇਰਵੇ ਵਿਸਥਾਰ ਨਾਲ ਦਿਤੇ ਹਨ।



Sri Satguru Jagjit Singh Ji eLibrary NamdhariElibrary@gmail.com

ਲਾਹੌਰ ਦਰਬਾਰ ਵਲੋਂ ਫਰਵਰੀ ਸੰਨ ੧੮੪੫ ਈ: ਨੂੰ ਕੁਝ ਸਰਦਾਰ ਨਿਯਤ ਕੀਤੇ ਗਏ ਕਿ ਉਹ ਸਣੇ ਫੌਜ ਦੇ ਜੰਮੂੰ ਜਾਣ ਤੇ ਗੁਲਾਬ ਸਿੰਘ ਨੂੰ 'ਕਈ ਮਾਮਲਿਆਂ ਦੀ ਪੁਛ ਪੜਤਾਲ ਲਈ ਦਰਬਾਰ ਵਿਚ ਹਾਜ਼ਰ ਕਰਨ ਜਿਨ੍ਹਾਂ ਦੇ ਨਾਮ ਇਹ ਹਨ :- ਬਾਬਾ ਮੀਹਾਂ ਸਿੰਘ ਜੀ ਬੇਦੀ, ਸ: ਫਤਹ ਸਿੰਘ ਮਾਨ, ਸ: ਸ਼ੇਰ ਸਿੰਘ ਅਟਾਰੀ, ਦੀਵਾਨ ਰਤਨ ਚੰਦ ਦੁਗਲ, ਦੀਵਾਨ ਬਚਨਾਂ[1] ਤੇ ਦੀਵਾਨ ਗਨਪਤ ਰਾਇ।

## ਰਾਜਾ ਗੁਲਾਬ ਸਿੰਘ ਦਾ ਵਿਸਾਹ ਘਾਤ

ਇਹ ਸਰਦਾਰ ਜਦ ਜੰਮੂੰ ਪੁਜੇ ਤਾਂ ਰਾਜਾ ਗੁਲਾਬ ਸਿੰਘ ਇਨ੍ਹਾਂ ਨੂੰ ਬੜੇ ਆਦਰ ਨਾਲ ਮਿਲਿਆ ਅਤੇ ਇਨ੍ਹਾਂ ਦੀ ਇੱਛਾ ਅਨੁਸਾਰ ਹੁਕਮ ਦੀ ਪਾਲਨਾ ਕਰਨ ਦਾ ਭਰੋਸਾ ਦਿੱਤਾ ; ਪਰ ਇਹ ਸਭ ਕੁਝ ਇਸਦੇ ਦਿਖਲਾਵੇ ਦੇ ਸੁਭਾ ਅਨੁਸਾਰ ਕੇਵਲ ਦਿਖਲਾਵਾ ਸੀ। ਜਦ ੮ ਫਰਵਰੀ ਨੂੰ ਅਖੀਰੀ ਫ਼ੈਸਲੇ ਦੀ ਗੱਲ ਤੁਰੀ ਤਾਂ ਗੁਲਾਬ ਸਿੰਘ ਨੇ ਆਲੇ ਟੋਲੇ ਵਿਚ ਹੀ ਵਕਤ ਗੁਜ਼ਾਰਨਾ ਚਾਹਿਆ।

ਜਿਹਾ ਕਿ ਅਸੀਂ ਉਪਰ ਦਸ ਆਏ ਹਾਂ ਬਚਨੇ ਅਤੇ ਗੁਲਾਬ ਸਿੰਘ ਦੇ ਅੰਦਰਲੇ ਸੰਬੰਧ ਚੰਗੇ ਨਹੀਂ ਸਨ, ਇਸ ਸਮੇਂ ਗੁਲਾਬ ਸਿੰਘ ਬਚਨੇ ਵਿਚ ਬੋਲਚਾਲ ਤਲਖੀ ਤਕ ਪਹੁੰਚ ਗਈ। ਪਰ ਗੁਲਾਬ ਸਿੰਘ ਨੇ ਬਾਕੀ ਸਰਦਾਰਾਂ ਦਾ ਭਰੋਸਾ ਉਸੇ ਤਰ੍ਹਾਂ ਕਾਇਮ ਰਖਿਆ ਅਤੇ ਗੰਗਾ ਜਲੀ ਵਿਚਾਲੇ ਰਖਕੇ ਇਕ ਲਿਖਤ ਲਿਖ ਦਿੱਤੀ ਕਿ ਮੈਂ ਬੀਮਾਰੀ ਤੋਂ ਉੱਠਣ ਪਰ ਜਿਸ ਦਿਨ ਸਫ਼ਰ ਦੇ ਯੋਗ ਹੋਵਾਂਗਾ ਬਿਨਾਂ ਉਜਰ ਲਾਹੌਰ ਦਰਬਾਰ ਵਿਚ ਹਾਜ਼ਰ ਹੋ ਜਾਵਾਂਗਾ। ਇਸ ਸਮੇਂ ਇਸ ਨੇ ਚਾਹਲੀ ਹਜ਼ਾਰ ਰੁਪਿਆ ਨਜ਼ਰਾਨੇ ਵਜੋਂ ਦਰਬਾਰ ਲਈ ਭੇਟਾ ਦਿੱਤਾ।

## ਸਰਦਾਰ ਫਤਹ ਸਿੰਘ ਦਾ ਆਪਾ ਵਾਰਨਾ

ਇਸ ਤਰ੍ਹਾਂ ਅਗਲੇ ਦਿਨ ੧ ਮਾਰਚ ਸੰਨ ੧੮੪੫ ਦੀ ਸਵੇਰ ਨੂੰ ਜਦ ਇਹ ਸਰਦਾਰ ਵਿਦਾ ਹੋਣ ਲਗੇ ਤਾਂ ਇਨ੍ਹਾਂ ਲਈ ਹਾਥੀਆਂ ਦੀ ਸਵਾਰੀ ਦਾ ਪ੍ਰਬੰਧ ਇਸ ਤਰ੍ਹਾਂ ਕੀਤਾ ਗਿਆ ਕਿ ਪਹਿਲੇ ਹਾਥੀ ਦੇ ਹੌਦੇ ਵਿਚ ਸ੍ਰਦਾਰ ਫਤਹ ਸਿੰਘ ਮਾਨ, ਬਾਬਾ ਮੀਹਾਂ ਸਿੰਘ, ਦੀਵਾਨ ਗਨਪਤ ਰਾਇ ਤੇ ਦੀਵਾਨ ਬਚਨਾਂ ਸਵਾਰ ਸਨ। ਦੂਜੇ ਹਾਥੀ ਪਰ ਸ: ਸ਼ੇਰ ਸਿੰਘ ਤੇ ਦੀਵਾਨ ਰਤਨ ਚੰਦ ਆਦਿ ਸਨ। ਇਹ ਹਾਥੀ ਜਦ ਪਹੁ ਫੁਟਾਲੇ ਤੋਂ ਪਹਿਲਾਂ ਜੰਮੂੰ ਤੋਂ ਬਾਹਰ ਜਾ ਰਹੇ ਸਨ ਤਾਂ ਹਨੇਰੇ ਵਿਚੋਂ ਇਕ ਵਾੜ ਦੇ ਓਹਲਿਓਂ ਕੁਝ ਗੋਲੀਆਂ ਚਲਾਈਆਂ ਗਈਆਂ ਜੋ ਪਹਿਲੇ ਹਾਥੀ ਦੀ ਅਮਾਰੀ ਵਿਚ ਲੱਗੀਆਂ ਜਿਨ੍ਹਾਂ ਨਾਲ ਦੀਵਾਨ ਤੇ ਸ: ਫਤਹ ਸਿੰਘ ਮਾਨ ਤਾਂ ਇਨ੍ਹਾਂ ਗੋਲੀਆਂ ਦੇ ਲਗਦੇ ਹੀ ਪ੍ਰਾਨ ਤਿਆਗ ਗਏ ਅਤੇ ਦੀਵਾਨ ਗਨਪਤ ਰਾਇ ਸਖ਼ਤ ਘਾਇਲ ਹੋ ਕੇ ਅਗਲੇ ਦਿਨ ਸੁਰਗਬਾਸ ਹੋ ਗਿਆ। ਇਸ ਘਟਨਾ ਬਾਰੇ ਰਾਜਾ ਗੁਲਾਬ ਸਿੰਘ ਨੇ ਆਪਣੇ ਆਪ ਨੂੰ ਬੇਗੁਨਾਹ ਦਸਿਆ ਅਤੇ ਆਖਿਆ ਇਹ ਸਭ ਕੁਝ ਮੇਰੀ ਤਬਾਹੀ ਲਈ

---

1. ਬਚਨਾਂ ਮੌਜ਼ਿਆ ਜੰਡਿਆਲਾ ਪਰਗਣਾਂ ਸ਼ੇਖ਼ੂਪੁਰਾ ਦਾ ਵਸਨੀਕ ਸੀ। ਇਹ ਪਹਿਲਾ ਰਾਜਾ ਹੀਰਾ ਸਿੰਘ ਦੀ ਜਾਇਦਾਦ ਦਾ ਪ੍ਰਬੰਧਕ ਸੀ। ਜੂਨ ਸੰਨ ੧੮੪੫ ਵਿਚ ਲਾਹੌਰ ਦਰਬਾਰ ਵਲੋਂ ਇਸ ਨੂੰ ਪਹਾੜੀ ਇਲਾਕਾ ਜਸਰੋਟੇ ਦਾ ਨਾਜ਼ਮ ਨਿਯਤ ਕੀਤਾ ਗਿਆ ਸੀ। ਇਹ ਬੜਾ ਸਿਆਣਾ ਇਮਾਨਦਾਰ ਸ਼ਖਸ ਸੀ। ਜਿਸ ਕਰਕੇ ਗੁਲਾਬ ਸਿੰਘ ਇਸ ਨਾਲ ਦਿਲੋਂ ਵੈਰ ਰਖਦਾ ਸੀ।



Sri Satguru Jagjit Singh Ji eLibrary NamdhariElibrary@gmail.com

ਮੇਰੇ ਵੈਰੀ ਭਤੀਜੇ, ਮੀਆਂ ਜਵਾਹਰ ਸਿੰਘ[1] ਦਾ ਕੰਮ ਸੀ। ਪਰ ਉਸ ਸਮੇਂ ਦੇ ਸਾਰੇ ਲੇਖਕ ਗੁਲਾਬ ਸਿੰਘ ਦੇ ਇਸ ਕਹਿਣੇ ਨੂੰ ਠੀਕ ਨਹੀਂ ਸਮਝਦੇ ਬਲਕਿ ਬਹੁਤੀਆਂ ਲਿਖਤਾਂ ਵਿਚੋਂ ਇਹ ਸਬੂਤ ਮਿਲਦਾ ਹੈ ਕਿ ਇਹ ਸਭ ਕੁਝ ਗੁਲਾਬ ਸਿੰਘ ਦੇ ਆਦਮੀਆਂ, ਉਸ ਦੀ ਇੱਛਾ ਅਨੁਸਾਰ ਕੀਤਾ ਸੀ।[2] ਮਲੂਮ ਇਹ ਹੁੰਦਾ ਹੈ ਕਿ ਗੁਲਾਬ ਸਿੰਘ ਨੂੰ ਸ: ਫਤਹ ਸਿੰਘ ਮਾਨ ਨਾਲ ਕੋਈ ਵੈਰ ਨਹੀਂ ਸੀ। ਪਰ ਉਹ ਬਚਨੇ ਦੇ ਕਤਲ ਕਰਾਨ ਵਿਚ ਆਪਣੀ ਸਲਾਮਤੀ ਸਮਝਦਾ ਸੀ। ਸੰਜੋਗ ਨਾਲ ਸ: ਫਤਹ ਸਿੰਘ ਇਸ ਸਮੇਂ ਉਸੇ ਹਾਥੀ ਪਰ ਸਵਾਰ ਸੀ ਜਿਸ ਪਰ ਦੀਵਾਨ ਬਚਨਾ। ਸ: ਫਤਹ ਸਿੰਘ ਨੇ ਖਾਲਸਾ ਰਾਜ ਦੀ ਉਸਾਰੀ ਲਈ ਆਪਣੇ ਜੀਵਨ ਵਿਚ ਲਹੂ ਤਾਂ ਅਨੇਕ ਵਾਰ ਡੋਲ੍ਹਿਆ ਸੀ ਅਤੇ ਕਈ ਗਹਿਰੇ ਘਾਓ ਵੀ ਆਪਣੇ ਸਰੀਰ ਪਰ ਖਾਧੇ ਸਨ, ਹੁਣ ਛੇਕੜ ਤਨ ਹੀ ਤਨ ਬਾਕੀ ਸੀ ਜੋ ਉਹ ਵੀ ਪਿਆਰੇ ਖਾਲਸਾ ਰਾਜ ਦੇ ਸਿਰੋਂ ਵਾਰ ਦਿਤਾ।

## ਖ਼ਾਲਸੇ ਦਾ ਜੋਸ਼

ਸ: ਫਤਹ ਸਿੰਘ ਮਾਨ ਦੀ ਸ਼ਹੀਦੀ ਦੀ ਖਬਰ ਜਦ ਫੌਜ ਵਿਚ ਖ਼ਿਲਰੀ ਤਾਂ ਖਾਲਸਾ ਰਾਜ ਦੇ ਜੋਸ਼-ਸਾਗਰ ਵਿਚ ਇਕ ਅਥਾਹ ਜਵਾਰ ਭਾਟਾ ਆ ਗਈ। ਪੰਚਾਂ ਨੇ ਉਸੇ ਦਿਨ ਸ: ਸ਼ਾਮ ਸਿੰਘ ਅਟਾਰੀ ਵਾਲੇ ਦੀ ਅਗਵਾਈ ਵਿਚ ਫੌਜ ਨੂੰ ਜੰਮੂੰ ਪਰ ਧਾਵਾ ਕਰਨ ਦਾ ਹੁਕਮ ਦੇ ਦਿੱਤਾ। ਇਸ ਫੌਜ ਦੇ ਜੰਮੂੰ ਪਹੁੰਚਦਿਆਂ ਇਨ੍ਹਾਂ ਨੇ ਸ਼ਹਿਰ ਦਾ ਘੇਰਾ ਘਤ ਦਿੱਤਾ। ਇਥੇ ਇਕ ਤਕੜੀ ਲੜਾਈ ਦੇ ਬਾਦ ਜੰਮੂੰ ਪਰ ਖਾਲਸਾ ਫ਼ੌਜ ਨੇ ਕਬਜ਼ਾ ਕਰ ਲਿਆ। ਸ: ਫਤਹ ਸਿੰਘ ਮਾਨ ਦਾ ਬਦਲਾ ਲੈਣ ਲਈ ਸਾਰੇ ਸ਼ਹਿਰ ਨੂੰ ਅੱਗ ਲਾ ਕੇ ਫੂਕ ਦਿਤਾ। ਜੰਮੂੰ ਦੇ ਪ੍ਰਸਿਧ ਕਿਲ੍ਹੇ ਰਾਮ ਗੜ੍ਹ ਪਰ ਕਬਜ਼ਾ ਕਰ ਕੇ[3] ਆਪਣੀ ਫੌਜ ਇਥੇ ਬਿਠਾ ਦਿੱਤੀ।

## ਰਾਜਾ ਗੁਲਾਬ ਸਿੰਘ ਦੀ ਗ੍ਰਿਫ਼ਤਾਰੀ ਤੇ ਜੁਰਮਾਨਾ

ਇਸ ਤਰ੍ਹਾਂ ਰਾਜਾ ਗੁਲਾਬ ਸਿੰਘ ਨੇ ਜਦ ਆਪਣੇ ਆਪ ਨੂੰ ਬੇਵਸ ਪਾਇਆ ਅਤੇ ਆਪਣੇ ਬਚਾਓ ਦੀ ਕੋਈ ਸੂਰਤ ਨਾ ਡਿੱਠੀ ਤਾਂ ਉਸ ਆਪਣੇ ਆਪ ਨੂੰ ਖਾਲ਼ਸਾ ਫੌਜ ਦੇ ਹਵਾਲੇ ਕਰ ਦਿਤਾ। ਖਾਲਸਾ ਫੌਜ ਇਸ ਨੂੰ ਬੰਦੀ ਬਣਾ ਕੇ ਲਾਹੌਰ ਲੈ ਆਈ। ਇਥੇ ਪੰਚਾਂ ਦੇ ਸਾਹਮਣੇ ਇਸ ਦੀ ਪੇਸ਼ੀ ਹੋਈ ਅਤੇ ਸ: ਫਤਿਹ ਸਿੰਘ ਮਾਨ ਆਦਿ ਦੇ ਕਤਲ ਬਾਰੇ ਆਪ ਤੋਂ ਜਵਾਬ ਤਲਬੀ ਕੀਤੀ ਗਈ। ਇਸ ਸਮੇਂ ਇਸ ਨੇ ਨਿਮੋਝੂਣੀ ਸ਼ਕਲ ਬਣਾ ਕੇ ਆਪਣੇ ਆਪ ਨੂੰ ਬਦੋਸਾ ਦਸਿਆ ਅਤੇ ਕਤਲ ਦਾ ਦੋਸ਼ੀ ਆਪਣੇ ਭਤੀਜੇ ਰਾਜਾ ਧਿਆਨ ਸਿੰਘ ਦੇ ਪੁੱਤ੍ਰ ਮੀਆਂ ਜਵਾਹਰ ਸਿੰਘ ਨੂੰ ਦਸਿਆ। ਪਰ ਪੰਚਾਂ ਇਸ ਦੇ ਕਹੇ ਨੂੰ ਅਸੱਤ ਮੰਨ ਕੇ ਇਸ ਪਰ ਅਠੱਤੀ ਲੱਖ ਰੁਪਿਆ ਸਰਕਾਰ ਲਈ ਜੁਰਮਾਨਾ ਕੀਤਾ ਅਤੇ ਯਾਰ੍ਹਾਂ ਲੱਖ ਸਰਦਾਰ ਫਤਿਹ ਸਿੰਘ ਮਾਨ ਦੀ ਖੂਨ ਬਹਾਈ ਚੱਟੀ ਵਜੋਂ ਗੁਲਾਬ ਸਿੰਘ ਤੋਂ ਭਰ ਲਿਆ।[4]

---

1. ਜਵਾਹਰ ਸਿੰਘ ਰਾਜਾ ਧਿਆਨ ਸਿੰਘ ਦਾ ਪੁਤ੍ਰ ਸੀ।
2. ਮੈਕਗਰੇਗਰ ਹਿਸਟਰੀ ਔਫ ਦੀ ਸ਼ਿਖਜ਼ ੨ ਸਫਾ ੩੮, ਮੁਹੰਮਦ ਲਤੀਫ ਹਿਸਟ੍ਰੀ ਔਫ ਦੀ ਪੰਜਾਬ ਸਫਾ ੫੩੨, ਲੈਪਲ ਗ੍ਰਿਫਨ ਦੀ ਪੰਜਾਬ ਚੀਫਸ ਜਿ: ੨ ਸਫਾ ੩੦੬, ਤਜ਼ਕਰ ਜਿ: ੧, ਸਫਾ ੧੫੮।
3. ਪਾਨੀਕਾਰ ਗੁਲਾਬ ਸਿੰਘ ਸਫਾ ੬੮।
4. ਲੈਪਲ ਗ੍ਰਿਫਨ ਦੀ ਪੰਜਾਬ ਚੀਫਸ ਜਿਲਦ ੧, ਸਫਾ ੩੦੯ ।



Sri Satguru Jagjit Singh Ji eLibrary NamdhariElibrary@gmail.com

# ਸ. ਜੈ ਸਿੰਘ ਮਾਨ

## ਮੁਗਲ ਚੱਕ ਦਾ ਮਾਨ ਘਰਾਣਾ

ਨੋਂ: ੧ - ਸਰਦਾਰ ਜੈ ਸਿੰਘ ਮਾਨ ਸ: ਸੁਰਜਾ ਸਿੰਘ ਦੇ ਚਵ੍ਹਾਂ ਪੁਤ੍ਰਾਂ[1] ਵਿਚੋਂ ਸਭ ਤੋਂ ਵੱਡਾ ਸੀ, ਜਿਥੇ ਉਹ ਉਮਰ ਵਿਚ ਵੱਡਾ ਸੀ। ਉਥੇ ਉੱਚ ਗੁਣਾਂ ਲਈ ਵੀ ਉਜਾਗਰ ਸੀ। ਸ਼ੇਰਿ ਪੰਜਾਬ ਇਸ ਦੀ ਐਨੀ ਇੱਜ਼ਤ ਕਰਦੇ ਹੁੰਦੇ ਸਨ ਕਿ ਆਪ ਨੂੰ ਨਾਨਾ ਜੀ ਕਰਕੇ ਬੁਲਾਂਦੇ ਹੁੰਦੇ ਸਨ[2]। ਰਾਜ ਕਾਜ ਦੇ ਮਾਮਲਿਆਂ ਵਿਚ ਆਪ ਦੀ ਰਾਇ ਨੂੰ ਵੱਡੀ ਕਦਰ ਨਾਲ ਦੇਖਦੇ ਹੁੰਦੇ ਸਨ।

## ਆਪਣੇ ਤਿੰਨੇ ਪੁਤ੍ਰ ਸਮਰਪਣ ਕਰਨੇ

ਸ: ਜੈ ਸਿੰਘ ਨੇ ਆਪਣੇ ਤਿੰਨੇ ਪੁਤ੍ਰ ਸ: ਦੀਵਾਨ ਸਿੰਘ, ਮੇਹਰ ਸਿੰਘ ਤੇ ਜੋਧ ਸਿੰਘ ਖਾਲਸਾ ਰਾਜ ਦੇ ਵਾਧੇ ਲਈ ਸ਼ੇਰਿ ਪੰਜਾਬ ਦੇ ਸਮਰਪਣ ਕਰ ਦਿੱਤੇ ਸਨ।

ਸ: ਮੇਹਰ ਸਿੰਘ ਅਜੇ ਨਵਾਂ ਜੁਆਨੀ ਚੜ੍ਹਿਆ ਹੀ ਸੀ ਕਿ ਆਪ ਨੂੰ ਜਗਤ ਪ੍ਰਸਿੱਧ ਸੰਗ੍ਰਾਮ, ਅਟਕ ਦੀ ਸੰਨ ੧੮੧੩ ਵਾਲੀ ਲੜਾਈ ਵਿਚ ਆਪਣੇ ਬਹਾਦਰ ਚਾਚਾ, ਸ: ਪਹਾੜ ਸਿੰਘ ਨਾਲ ਮਿਲ ਕੇ ਅਫ਼ਗਾਨਾਂ ਦੇ ਟਾਕਰੇ ਪਰ ਲੜਨਾ ਪਿਆ। ਇਹ ਲੜਾਈ ਖਾਲਸਾ ਰਾਜ ਦੀ ਉਸਾਰੀ ਲਈ ਲੜੀਆਂ ਗਈਆਂ ਲੜਾਈਆਂ ਵਿਚੋਂ ਵੱਡੀ ਭਿਆਨਕ ਲੜਾਈ ਮੰਨੀ ਜਾਂਦੀ ਹੈ।

੧੩ ਜੁਲਾਈ ਦੇ ਦਿਨ ਜਦ ਕਿ ਬੇਗਿਣਤ ਅਫ਼ਗਾਨੀ ਫੌਜ, ਆਪਣੇ ਬਹਾਦਰ ਆਗੂਆਂ, ਵਜ਼ੀਰ ਫ਼ਤਿਹ ਖਾਨ ਤੇ ਸ: ਦੋਸਤ ਮੁਹੰਮਦ ਖਾਨ ਦੀ ਅਗਵਾਈ ਵਿਚ ਆਪਣੀ ਕੌਮੀ ਸ਼ਾਨ ਨੂੰ ਬਚਾਣ ਲਈ ਆਪਣਾ ਸਰਬੰਸ ਵਾਰ ਦੇਣ ਤੇ ਖਾਲਸੇ ਨਾਲ ਅਗੋਂ ਲਈ ਸਦੀਵੀ ਨਿਰਨੇ ਦੇ ਭਾਵ ਨੂੰ ਮੁਖ ਰੱਖ ਕੇ ਇਸ ਮੈਦਾਨ ਵਿਚ ਆਏ ਸਨ ਕਿ ਆਇਆ ਅਗੋਂ ਨੂੰ ਖਾਲਸਾ ਪੰਜਾਬ ਵਿਚ ਰਾਜ ਕਰੇ ਜਾਂ ਅਫ਼ਗਾਨ ਹੁਕਮਰਾਨ ਰਹਿਣ।

## ਸ: ਮੇਹਰ ਸਿੰਘ ਦੀ ਨਿਰਭੈਤਾ

ਇਸ ਮੈਦਾਨ ਵਿਚ ਅਫ਼ਗਾਨ ਇਕ ਇਕ ਗਜ ਜ਼ਮੀਨ ਦੇ ਬਚਾਣ ਲਈ ਆਪਣੇ ਸਿਰ ਤਲੀ ਤੇ ਰੱਖ ਕੇ ਲੜੇ ਸਨ। ਇਸ ਗਹਿਗਚ ਲੜਾਈ ਵਿਚ ਸ: ਮੇਹਰ ਸਿੰਘ ਨੇ ਆਪਣੀ ਨਿਰਭੈਤਾ ਦੇ ਐਸੇ ਕਾਰਨਾਮੇ ਦਸੇ ਕਿ ਦੇਖਣ ਵਾਲੇ ਅਸਚਰਜ ਰਹਿ ਗਏ। ਇਹ ਆਪਣੇ ਘੋੜੇ ਨੂੰ ਦਬਾਂਦਾ ਹੋਇਆ ਗ਼ਨੀਮ ਦੀਆਂ ਸਫਾਂ ਚੀਰਦਾ ਅਫ਼ਗਾਨਾਂ ਦੇ ਖੱਬੇ ਬਾਜ਼ੂ ਪਰ ਐਸਾ ਉਡ

---

1. ਸ: ਜੈ ਸਿੰਘ ਦੇ ਹੋਰ ਤਿੰਨ ਭਾਈਆਂ ਦੇ ਨਾਮ ਇਹ ਹਨ - ਸ: ਮਾਹਣਾ ਸਿੰਘ, ਸ: ਨਾਹਰ ਸਿੰਘ, ਸ: ਪਹਾੜ ਸਿੰਘ।
2. ਸ: ਜੈ ਸਿੰਘ ਦੀ ਸਪੁੱਤ੍ਰੀ ਬੀਬੀ ਮਾਨ ਕੌਰ ਦਾ ਵਿਆਹ ਸ: ਮਹਾਂ ਸਿੰਘ ਸੁਕ੍ਰਚਕੀਏ ਨਾਲ ਹੋਇਆ ਸੀ ਜੋ ਛੇਤੀ ਹੀ ਚਲਾਣਾ ਕਰ ਗਈ।



Sri Satguru Jagjit Singh Ji eLibrary NamdhariElibrary@gmail.com

ਕੇ ਪਿਆ ਕਿ ਉਹ ਇਸ ਦੇ ਰੋਕਣ ਦੇ ਹਜ਼ਾਰ ਯਤਨ ਕਰਨ ਪਰ ਵੀ ਇਸ ਦੇ ਅਠਲ ਹੱਲੇ ਨੂੰ ਨਾ ਠਲ ਸਕੇ ਅਤੇ ਇਹ ਮਸਤ ਹਾਥੀ ਦੀ ਤਰ੍ਹਾਂ ਵੈਰੀ ਦਿਆਂ ਮੋਰਚਿਆਂ ਪਰ ਜਾ ਚੜ੍ਹਿਆ। ਅਗੋਂ ਅਫ਼ਗਾਨਾਂ ਇਸ ਨੂੰ ਬੜੇ ਜੋਸ਼ ਨਾਲ ਕਾਬੂ ਕਰਨਾ ਚਾਹਿਆ ਪਰ ਇਸ ਦੀ ਬੀਰਤਾ ਤੇ ਨਿਰਭੈਤਾ ਉਨ੍ਹਾਂ ਦੇ ਸਾਰੇ ਯਤਨਾਂ ਨੂੰ ਅਸਫ਼ਲ ਕਰ ਗਈ। ਇਹ ਉਹੋ ਮੋਰਚਾ ਸੀ ਜਿਥੇ ਸਭ ਤੋਂ ਪਹਿਲਾਂ ਅਫ਼ਗਾਨਾਂ ਦੇ ਪੈਰ ਮੈਦਾਨ ਵਿਚੋਂ ਉੱਖੜ ਗਏ ਸਨ।

## ਫੱਟੜ ਹੋਣਾ

ਇਸ ਸਮੇਂ ਆਪ ਨੂੰ ਗ਼ਨੀਮ ਦੇ ਸਵਾਰਾਂ ਨਾਲ ਹਥ-ਪੜੱਥੇ ਦੇ ਦਾਓ ਕਰਦਿਆਂ ਨੂੰ ਇਕ ਕਾਰੀ ਫੱਟ ਲਗਾ। ਪਰ ਇਹ ਆਪਣੇ ਅਗਾਧ ਜੋਸ਼ ਵਿਚ ਮੱਤੇ ਹੋਏ ਨੇ ਆਪਣੀ ਜਾਨ ਦੀ ਕੋਈ ਪ੍ਰਵਾਹ ਨਾ ਕਰਦਾ ਹੋਇਆਂ ਅਡੋਲ ਵੈਰੀਆਂ ਦੇ ਆਹੂ ਲਾਂਦਾ ਰਿਹਾ ਅਤੇ ਉਦੋਂ ਤਕ ਪਿਛੇ ਨਾ ਪਰਤਿਆ ਜਦ ਤੱਕ ਵੈਰੀਆਂ ਨੂੰ ਪੂਰੀ ਭਾਂਜ ਨਾ ਹੋ ਗਈ।

ਸ਼ੇਰਿ ਪੰਜਾਬ ਨੂੰ ਜਦ ਸ: ਹਰੀ ਸਿੰਘ ਤੇ ਦੀਵਾਨ ਮੋਹਕਮ ਚੰਦ ਨੇ ਇਸ ਨੌਜਵਾਨ ਸਰਦਾਰ ਦੀ ਬੀਰਤਾ ਦਾ ਹਾਲ ਦਸਿਆ ਤਾਂ ਆਪ ਜੀ ਨੇ ਇਕ ਵੱਡੀ ਜਗੀਰ – 'ਜ਼ੁਰਮਾਨੇ' ਬਦਲੇ ਦਿਤੀ।

ਖਾਲਸੇ ਦੀ ਅਫ਼ਗਾਨਾਂ ਪਰ ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਫ਼ਤਿਹ ਮੰਨੀ ਜਾਂਦੀ ਹੈ ਅਤੇ ਇਸ ਸਮੇਂ ਖਾਲਸੇ ਦਾ ਦਬਦਬਾ ਇਨ੍ਹਾਂ ਦੇ ਮਨਾਂ ਪਰ ਐਨਾ ਛਾਇਆ ਕਿ ਅਗੇ ਨੂੰ ਉਹ ਸਦਾ ਲਈ ਵਧਦਾ ਹੀ ਗਿਆ[1]।

ਇਸ ਲੜਾਈ ਵਿਚ ਮਾਰੇ ਗਏ ਅਫ਼ਗਾਨਾਂ ਦੀ ਗਿਣਤੀ ਦੋ ਹਜ਼ਾਰ ਸੀ[2]।

## ਕਸ਼ਮੀਰ ਦੀ ਦੁਖੀ ਪਰਜਾ

ਕਸ਼ਮੀਰ ਨੂੰ ਜਿੰਨੀਆਂ ਖੁਲ੍ਹੀਆਂ ਬਖਸ਼ਸ਼ਾਂ ਕੁਦਰਤ ਨੇ ਦਿਤੀਆਂ ਹਨ ਸ਼ਾਇਦ ਹੀ ਕਿਸੇ ਹੋਰ ਥਾਂ ਇਸ ਦੀ ਨਜ਼ੀਰ ਮਿਲੇ। ਇਸ ਦੇ ਰਮਣੀਕ ਪਹਾੜ, ਇਸ ਦੇ ਭਾਂਤ ਭਾਂਤ ਦੇ ਫੁੱਲਾਂ ਨਾਲ ਭਰਪੂਰ ਮੈਦਾਨ, ਇਸ ਦੇ ਰਸੀਲੇ ਫਲਾਂ ਨਾਲ ਲਦੇ ਹੋਏ ਬਾਗ, ਇਸ ਦੀਆਂ ਨਿਰਮਲ ਤੇ ਠੰਡੇ ਠਾਰ ਜਲਾਂ ਨਾਲ ਭਰੀਆਂ ਝੀਲਾਂ ਰਾਤ ਦਿਨ ਅਮੁੱਕ ਵਗ ਰਹੇ ਮਿਠੇ ਪਾਣੀਆਂ ਦੇ ਚਸ਼ਮੇਂ ਨਦੀਆਂ ਅਤੇ ਨਾਲੇ ਇਸ ਦੀ ਸ਼ੋਭਾ ਨੂੰ ਵਧਾਂਦੇ ਰਹਿੰਦੇ ਹਨ। ਇਥੋਂ ਦੇ ਵਸਨੀਕਾਂ ਦੇ ਹੁਨਰ ਪੂਰਤ ਦਿਮਾਗ ਇਸ ਦੀ ਉੱਚਤਾ ਨੂੰ ਦ੍ਰਿੜ੍ਹ ਕਰਵਾਂਦੇ ਹਨ। ਇਸ ਦੇਸ਼ ਦੇ ਅਸ਼ਟਧਾਤੀ ਖਜ਼ਾਨਿਆਂ ਨਾਲ ਭਰਪੂਰ ਪਹਾੜ, ਆਪਣੀ ਨਜ਼ੀਰ ਆਪ ਹਨ।

ਪਰ ਇਹ ਗਲ ਵੱਡੇ ਦੁਖਿਤ ਹਿਰਦੇ ਨਾਲ ਲਿਖਣੀ ਪੈਂਦੀ ਹੈ ਕਿ ਜਿਥੇ ਇਸ ਦੇਸ਼ ਨੂੰ ਸਾਰੀਆਂ ਬਰਕਤਾਂ ਮਿਲੀਆਂ ਹਨ ਉਥੇ ਕੋਈ ਪੰਜ ਸੌ ਸਾਲ ਤੋਂ ਇਸ ਨੂੰ ਐਸੇ ਨਿਰਦਈ ਹੁਕਮਾਨ ਮਿਲਦੇ ਰਹੇ ਹਨ, ਜਿਨ੍ਹਾਂ ਨੇ ਇਸ ਮਾਤ ਲੋਕ ਦੇ ਸੁਰਗ ਨੂੰ ਘੋਰ ਨਰਕ ਬਣਾ ਦਿਤਾ ਸੀ।

---

1. ਸਯਦ ਮੁਹੰਮਦ ਲਤੀਫ ਹਿਸਟਰੀ ਔਫ ਦੀ ਪੰਜਾਬ ਸਫਾ ੩੯੭ ।
2. ਦੀਵਾਨ ਅਮਰ ਨਾਥ, ਜ਼ਫਰ ਨਾਮਾ ਮਹਾਰਾਜਾ ਰਣਜੀਤ ਸਿੰਘ ਸਫਾ ੭੪ ।



Sri Satguru Jagjit Singh Ji eLibrary NamdhariElibrary@gmail.com

ਸੰਨ ੧੩੧੦ ਈ ਵਿਚ ਕਸ਼ਮੀਰ ਦੇ ਅੰਤਮ ਹਿੰਦੂ ਰਾਜਾ ਸੀਮਾਂਹ ਦੇਵ ਪਰ ਜ਼ੁਲਕਾਦਾਰ ਖਾਨ[1] ਤਾਤਾਰੀ ਨੇ ਐਸੇ ਅਭਾਗੇ ਦਿਨ ਫਤਿਹ ਪਾਈ, ਜਿਸ ਨਾਲ ਇਥੇ ਦੀ ਪਰਜਾ ਅਗੇ ਨੂੰ ਪੰਜ ਸੌ ਸਾਲ ਤੱਕ ਗੈਰਾਂ ਦੀ ਜ਼ੁਲਮ-ਚੱਕੀ ਵਿਚ ਪੀਠੀ ਜਾਂਦੀ ਰਹੀ। ਇਸ ਦੇ ਨਾਲ ਹੀ ਚਾਕ ਸਲਾਤੀਨਾ ਦਾ ਕਸ਼ਮੀਰ ਪਰ ਜ਼ੁਲਮੀ ਸਮਾਂ ਆਰੰਭ ਹੋਇਆ। ਜਿਸ ਵਿਚ ਸਕੰਦਰ ਬੁਤ-ਸ਼ਿਕਨ ਦੇ ਸਮੇਂ ਦੇ ਹਾਲ ਪੜ੍ਹਿਆਂ ਸੁਣਿਆਂ ਅਜ ਵੀ ਰੋਮਾਂਚ ਹੋ ਜਾਈਦਾ ਹੈ। ਇਸ ਸਿਲਸਿਲੇ ਦੇ ਉਪਰੰਤ ਮੁਗਲਾਂ ਦੀ ਹਕੂਮਤ ਦਾ ਸਮਾਂ ਆਉਂਦਾ ਹੈ। ਮੁਗ਼ਲ ਬਾਦਸ਼ਾਹ ਦੀ ਭਾਵੇਂ ਇਸ ਸੋਹਣੇ ਦੇਸ਼ ਨੂੰ ਇਸ ਤਰ੍ਹਾਂ ਪੈਰਾਂ ਥੱਲੇ ਮਿਧਣ ਦੀ ਆਪਣੀ ਇੱਛਾ ਨਾ ਹੋਵੇ ਪਰ ਮੁਗਲੀਆ ਸਲਤਨਤ ਐਨੀ ਲੰਮੀ ਚੌੜੀ ਖਿਲਰੀ ਹੋਈ ਸੀ ਕਿ ਉਹ ਆਪ ਇਥੇ ਨਹੀਂ ਸਨ ਪਹੁੰਚ ਸਕਦੇ, ਇਥੇ ਉਨ੍ਹਾਂ ਵਲੋਂ ਸੂਬੇ ਦੀ ਰਾਹੀਂ ਹਕੂਮਤ ਕੀਤੀ ਜਾਂਦੀ ਸੀ। ਸੂਬੇ ਨੂੰ ਸਦਾ ਇਹ ਸਹਿਮ ਲਗਾ ਰਹਿੰਦਾ ਸੀ ਪਤਾ ਨਹੀਂ ਕਿੰਨੀ ਛੇਤੀ ਬਾਦਸ਼ਾਹ ਦਾ ਕੋਈ ਮੇਰੇ ਤੋਂ ਵਧ ਲਿਹਾਜ਼ ਵਾਲਾ ਜਾਂ ਮੇਰੇ ਤੋਂ ਵਧ ਰਕਮ ਦੇਣ ਵਾਲਾ ਮੇਰੀ ਥਾਂਏਂ ਘਲਿਆ ਜਾਣਾ ਹੈ। ਇਸ ਲਈ ਮੈਂ ਇਥੋਂ ਦੀ ਪਰਜਾ ਨੂੰ ਇਸ ਥੋੜੇ ਸਮੇਂ ਵਿਚ ਜਿੰਨਾ ਵਧ ਤੋਂ ਵਧ ਲੁਟ ਸਕਾਂ, ਇਸ ਵਿਚ ਸਰਫ਼ਾ ਨਹੀਂ ਕਰਨਾ ਚਾਹੀਦਾ। ਇਸ ਲੋਭ ਦਾ ਮਾਰਿਆ ਇਟੀਕਦ ਖਾਨ ਵੱਡੀ ਨਿਰਦਇਤਾ ਨਾਲ ਕਸ਼ਮੀਰੀਆਂ ਨੂੰ ਤਬਾਹ ਕਰਦਾ ਰਿਹਾ। ਇਸੇ ਤਰ੍ਹਾਂ ਅਬਦੁਲ ਗਨੀ ਤੇ ਸ਼ਰਫੋਦੀਨ ਖਾਨ ਦੇ ਅਤਿਆਚਾਰ ਇਤਿਹਾਸ ਵਿਚ ਬੜੀ ਪ੍ਰਸਿਧਤਾ ਰਖਦੇ ਹਨ, ਇਨ੍ਹਾਂ ਇਥੇ ਤਕ ਖਦਸਰੀ ਵਰਤੀ ਕਿ ਇਹ ਆਪਣੇ ਬਾਦਸ਼ਾਹ ਤੋਂ ਵੀ ਬਾਗ਼ੀ ਹੋ ਕੇ ਖੁਦਮੁਖਤਾਰ ਹੋ ਬੈਠੇ।

ਇਨ੍ਹਾਂ ਦੇ ਬਾਅਦ ਸ਼ਹਾਨੇ ਦੁਰਾਨੀਆਂ ਦੇ ਅਚਰਜ ਆਰੰਭ ਹੁੰਦੇ ਹਨ। ਜਿਨ੍ਹਾਂ ਦੇ ਸੁਣਿਆਂ ਟਿਕੇ ਹੋਏ ਮਨ ਉੱਛਲ ਕੇ ਤੜਫ ਉਠਦੇ ਹਨ। ਇਨ੍ਹਾਂ ਵਿਚੋਂ ਆਸਦ ਖਾਨ, ਮਦਦ ਖਾਨ, ਮੀਰ ਹਜ਼ਰ ਅਤੇ ਅਤਾ ਮੁਹੰਮਦ ਖਾਨ ਦੇ ਨਾਮ ਕਸ਼ਮੀਰ ਦੇ ਲੋਕਾਂ ਨੂੰ ਕਦੇ ਨਹੀਂ ਭੁਲਣੇ। ਇਨ੍ਹਾਂ ਦੇ ਨਾਲ ਹੀ ਮੁਹੰਮਦ ਅਜ਼ੀਮ ਖਾਨ[2] ਤੇ ਜਬਾਰ ਖਾਨ ਬਾਰਕਜ਼ਈਆਂ ਦਾ ਜ਼ਮਾਨਾ ਆਉਂਦਾ ਹੈ।

ਸ਼ੇਰਿ ਪੰਜਾਬ ਇਸ ਤਰ੍ਹਾਂ ਦੇ ਨਿੱਤ ਨਿੱਤ ਦੇ ਨਵੇਂ ਜ਼ੁਲਮੀ ਕਾਰੇ ਕਸ਼ਮੀਰ ਦੀ ਬਿਦੇਸ਼ੀ ਪਰਜਾ ਪਰ ਹੁੰਦੇ ਸੁਣ ਸੁਣ ਕੇ, ਅਤਿ ਪੀੜਤ ਹੁੰਦੇ ਸੀ। ਆਪ ਜੀ ਦਿਲੋਂ ਚਾਹੁੰਦੇ ਸਨ ਕਿ ਛੇਤੀ ਤੋਂ ਛੇਤੀ ਜਦ ਕੋਈ ਸਮਾਂ ਮਿਲੇ ਤਦ ਕਸ਼ਮੀਰ ਦੇ ਲੋਕਾਂ ਨੂੰ ਇਨ੍ਹਾਂ ਅਨਿਆਂ ਤੋਂ ਖਲਾਸੀ ਦਿਵਾਈ ਜਾਏ।

ਉਪ੍ਰੋਕਤ ਖਿਆਲਾਂ ਨੂੰ ਸਫਲਤਾ ਦਾ ਜਾਮਾ ਪਹਿਨਾਉਣ ਲਈ ਸ਼ੇਰਿ ਪੰਜਾਬ ਸਹਿਜੇ ਸਹਿਜੇ ਕਸ਼ਮੀਰ ਦੇ ਲਾਗਵੇਂ ਇਲਾਕਿਆਂ ਪਰ ਆਪਣਾ ਕਬਜ਼ਾ ਜਮਾ ਕੇ, ਕਸ਼ਮੀਰ ਦੀ ਹਕੂਮਤ ਨੂੰ ਪਹਿਲਾਂ ਕਮਜ਼ੋਰ ਕਰਦੇ ਰਹੇ ਤਾਂਕਿ ਯੋਗ ਸਮਾਂ ਆਉਣ ਪਰ ਮੂਲੋਂ ਹੀ ਅਫ਼ਗਾਨਾਂ ਨੂੰ ਕਸ਼ਮੀਰ ਵਿਚੋਂ ਕੱਢ ਕੇ, ਇਸ ਨੂੰ ਖਾਲਸਾ ਰਾਜ ਨਾਲ ਮਿਲਾ ਲਿਆ ਜਾਏ ਤੇ ਇਥੋਂ ਦੀ ਪਰਜਾ ਸੁਖ ਦਾ ਸਾਹ ਲਏ।

---

1. ਕਸ਼ਮੀਰੀ ਲਿਖਤਾਂ ਵਿਚ ਇਸ ਦਾ ਨਾਮ ਖਾਨ ਦੁਲਚਾ ਲਿਖਿਆ ਹੈ।
2. ਸਰ ਵਾਲਟਰ ਲਾਰੰਸ 'ਦੀ ਵੈਲੀ ਆਫ ਕਸ਼ਮੀਰ' ਦੇ ਸਫਾ ੧੯੭ ਪਰ ਲਿਖਦਾ ਹੈ ਕਿ ਮੁਹੰਮਦ ਅਜ਼ੀਮ ਖਾਨ ਨੇ ਛੇ ਸਾਲ ਦੇ ਸਮੇਂ ਵਿਚ ਦੋ ਕਰੋੜ ਰੁਪਿਆ ਕਸ਼ਮੀਰੀਆਂ ਤੋਂ ਵਸੂਲ ਕੀਤਾ ਸੀ।



Sri Satguru Jagjit Singh Ji eLibrary NamdhariElibrary@gmail.com

ਸੰਨ ੧੮੧੪ ਦੇ ਅਪ੍ਰੈਲ ਦੇ ਮਹੀਨੇ ਕੁਝ ਕਸ਼ਮੀਰੀ ਆਪਣੇ ਹਾਕਮਾਂ ਦੇ ਅਤਿਆਚਾਰਾਂ ਤੋਂ ਪੀੜਤ ਹੋਇਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਫਰਿਆਦ ਕੀਤੀ। ਜਿਸ ਨੂੰ ਸੁਣ ਕੇ ਸ਼ੇਰਿ ਪੰਜਾਬ ਦਾ ਨਿਆਂਸ਼ੀਲ ਹਿਰਦਾ ਡਾਢਾ ਦੁਖੀ ਹੋਇਆ ਅਤੇ ਉਸੇ ਦਿਨ ਆਪਣੇ ਨਾਮੀ ਸਰਦਾਰਾਂ ਨੂੰ ਹੁਕਮ ਦਿਤਾ ਕਿ ਕਸ਼ਮੀਰ ਪਰ ਚੜ੍ਹਾਈ ਦੀਆਂ ਸਾਰੀਆਂ ਲੋੜੀਂਦੀਆਂ ਤਿਆਰੀਆਂ ਕਰ ਲਈਆਂ ਜਾਣ। ਇਸ ਲੜਾਈ ਵਿਚ ਵੱਡੀ ਛਾਵਣੀ ਸਿਆਲ ਕੋਟ ਨੀਯਤ ਕੀਤੀ ਗਈ। ਜਦ ਸਾਰੀਆਂ ਤਿਆਰੀਆਂ ਹੋ ਗਈਆਂ ਤਾਂ ਸ਼ੇਰਿ ਪੰਜਾਬ ਆਪ ਸਿਆਲ ਕੋਟ ਪਹੁੰਚ ਗਿਆ ਅਤੇ ਭਾਰੀ ਫੌਜ ਨਾਲ ਕਸ਼ਮੀਰ ਵਲ ਵਧਿਆ। ਇਸ ਤਰ੍ਹਾਂ ਮੰਜ਼ਲੋ ਮੰਜ਼ਲ ਕੂਚ ਕਰਦੇ ਹੋਏ ਪਹਿਲਾਂ ਭਿੰਬਰ ਤੇ ਫਿਰ ੧੦ ਜੂਨ ਨੂੰ ਰਾਜੋੜੀ ਪਹੁੰਚ ਗਏ[1] ਅਤੇ ਇਸੇ ਦਿਨ ਇਸ ਪਰ ਕਬਜ਼ਾ ਕਰ ਲਿਆ।

ਸ਼ੇਰਿ ਪੰਜਾਬ ਨੇ ਆਪਣਾ ਡੇਰਾ, ਇਥੇ ਸ਼ਾਹੀ ਬਾਗ ਵਿਚ ਰਖਿਆ। ਇਥੇ ਦੇ ਹਾਕਮ, ਅਗਰ ਖਾਨ ਨੇ ਬੜੀ ਅਧੀਨਗੀ ਨਾਲ ਸਣੇ ਭਾਰੀ ਨਜ਼ਰਾਨੇ ਦੇ, ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਆਪਣੀ ਜਾਨ ਬਖਸ਼ੀ ਕਰਵਾਈ[2]।

## ਸਰਦਾਰ ਮੇਹਰ ਸਿੰਘ ਮਾਨ ਦੀ ਕੁਰਬਾਨੀ

ਇਥੋਂ ਖਾਲਸਾ ਫੌਜ ਦੇ ਦੋ ਭਾਗ ਕੀਤੇ ਗਏ ਇਕ ਹਿੱਸੇ ਦੀ ਅਗਵਾਈ ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਨਿਹਾਲ ਸਿੰਘ ਅਟਾਰੀ, ਗੌਸ਼ੇਖਾਨ ਤੇ ਸ਼ੇਰਿ-ਪੰਜਾਬ ਨੇ ਆਪਣੇ ਹੱਥ ਰਖੀ। ਦੂਜੇ ਭਾਗ ਦੀ ਸੌਂਪਣੀ ਸਰਦਾਰ ਮਿਤ ਸਿੰਘ ਪਡਾਨੀਆ, ਸਰਦਾਰ ਮੇਹਰ ਸਿੰਘ ਮਾਨ, ਸਰਦਾਰ ਗੁਰਬਖ਼ਸ਼ ਸਿੰਘ ਧਾਰੀ ਅਤੇ ਦੀਵਾਨ ਰਾਮ ਦਿਆਲ ਆਦਿ ਨੂੰ ਸੌਂਪੀ ਗਈ।

ਵਿਚਾਰ ਦੇ ਉਪ੍ਰੰਤ ਫ਼ੈਸਲਾ ਇਹ ਹੋਇਆ ਕਿ ਪਹਿਲਾ ਭਾਗ ਪੁਣਛ ਦੇ ਰਾਹ ਤੋਸ਼ਾ ਮੈਦਾਨ ਵਲੋਂ ਅਗੇ ਵਧੇ ਅਤੇ ਦੂਜਾ ਦਸਤਾ ਬਹਿਰਾਮ ਗਲੇ ਤੋਂ ਹੁੰਦਾ ਹੋਇਆ ਪੀਰ-ਪੰਜਾਲ ਦੀ ਚੜ੍ਹਾਈ ਚੜ੍ਹਕੇ ਸ਼ੋਪੀਆਂ ਪਰ ਧਾਵਾ ਕਰੇ। ਸੋ ਉਪਰੋਕਤ ਪ੍ਰਬੰਧ ਅਨੁਸਾਰ ਦੋਵੇਂ ਫੌਜਾਂ ਮਾਰੋ ਮਾਰ ਕਰਦੀਆਂ ਅਗੇ ਵਧਣ ਲਗੀਆਂ। ੧੮ ਜੁਲਾਈ ਨੂੰ ਦੂਜੀ ਫੌਜ ਬਹਿਰਾਮ ਗਲੇ ਪਹੁੰਚ ਗਈ। ਇਥੇ ਬਾਰਕਜ਼ਈਆਂ ਦੀ ਫੌਜ ਨਾਲ ਤਕੜੀ ਝੜਪ ਹੋਈ ਪਰ ਖਾਲਸੇ ਨੇ ਬਹਿਰਾਮ ਗਲੇ ਦੇ ਸਾਰਿਆਂ ਮੋਰਚਿਆਂ ਪਰ ਫਤਹ ਪਾ ਲਈ। ਇਥੋਂ ਕੂਚ ਕਰਕੇ ੨੨ ਜੁਲਾਈ ਨੂੰ ਸਰਾਏ ਅਤੇ ਮਾਧੋਪੁਰ ਦੇ ਦਰਿਆਂ ਵਿਚੋਂ ਫਤਹਯਾਬੀ ਨਾਲ ਖਾਲਸਾ ਫੌਜ ਅਗੇ ਵਧੀ ਤੇ ਪੀਰ ਪੰਜਾਲ ਦੀਆਂ ਚੋਟੀਆਂ[3] ਨੂੰ ਪੈਰਾਂ ਥੱਲੇ ਲਤਾੜਦੀ ਹੋਈ ਮੀਰਪੁਰ ਤੇ ਜਾ ਧਾਵਾ ਬੋਲਿਆ। ਇਥੇ ਅਫ਼ਗਾਨੀ ਫੌਜ ਨੇ ਬੜੀ ਦਲੇਰੀ ਨਾਲ ਖਾਲਸੇ ਦਾ ਟਾਕਰਾ ਕੀਤਾ ਅਤੇ ਸਾਰਾ ਦਿਨ ਲੋਹੇ ਨਾਲ ਲੋਹਾ ਖੜਕਦਾ ਰਿਹਾ। ਇਸ ਗੱਲ ਦੇ ਮੰਨਣ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਅੱਜ ਅਫ਼ਗਾਨਾਂ ਖਾਲਸੇ ਦਾ ਬੜੀ ਬਹਾਦਰੀ ਨਾਲ ਰਾਹ ਰੋਕਿਆ ਪਰ ਖਾਲਸੇ ਦੇ ਅਗਾਧ ਜੋਸ਼ ਅਗੇ ਉਹ

---

1. ਕਸ਼ਮੀਰ ਦੇ ਪ੍ਰਸਿਧ ਇਤਿਹਾਸਕਾਰ ਪੰਡਤ ਕਲ੍ਹਨ ਨੇ ਆਪਣੀ ਲਿਖਤ 'ਰਾਜ ਤ੍ਰੰਗਣੀ' ਵਿਚ ਰਾਜੌੜੀ ਨੂੰ 'ਰਾਜਪੁਰੀ' ਲਿਖਿਆ ਹੈ। ਇਹ ਪੁਸਤਕ ਸੰਨ ੧੧੪੮-੪੯ ਵਿਚ ਲਿਖੀ ਗਈ ਹੈ। ਅਸਲ ਪੁਸਤਕ ਸੰਸਕ੍ਰਿਤ ਵਿਚ ਸੀ। ਇਸ ਦੇ ਕਈ ਉਲਥੇ ਵਿਦੇਸ਼ੀ ਭਾਸ਼ਾਵਾਂ ਵਿਚ ਹੋ ਚੁਕੇ ਹਨ।
2. ਸੱਯਦ ਮੁਹੰਮਦ ਲਤੀਫ. ਹਿਸਟ੍ਰੀ ਔਫ ਦੀ ਪੰਜਾਬ ਸਫਾ ੪੩੦।
3. ਇਸ ਪਹਾੜ ਦੀ ਉਚਾਈ ੧੧੮੦੦ ਫੁਟ ਤੋਂ ਲੈ ਕੇ ੧੫੦੦੦ ਫੁਟ ਤਕ ਹੈ। ਇਸ ਪਰ ਸਾਲ ਦਾ ਵਧੇਰਾ ਭਾਗ ਬਰਫ਼ ਜੰਮੀ ਰਹਿੰਦੀ ਹੈ।



Sri Satguru Jagjit Singh Ji eLibrary NamdhariElibrary@gmail.com

ਵਧੇਰਾ ਚਿਰ ਨਾ ਠਲਾ ਪਾ ਸਕੇ ਅਤੇ ਛੇਕੜ ਸ਼ਾਮ ਤਕ ਇਸ ਰਣਭੂਮੀ ਪਰ ਖਾਲਸੇ ਦਾ ਪੂਰਾ ਪੂਰਾ ਕਬਜ਼ਾ ਹੋ ਗਿਆ।

ਚੂੰਕਿ ਇਥੇ ਠੰਡ ਬੜੀ ਸਖ਼ਤ ਸੀ ਅਤੇ ਰਾਤ ਨੂੰ ਬੜੇ ਜ਼ੋਰ ਦਾ ਮੀਂਹ ਤੇ ਗੜਾ ਪਿਆ ਸੀ। ਇਸ ਲਈ ਇਥੇ ਵਧੇਰਾ ਫੌਜ ਦਾ ਠਹਿਰਾਣਾ ਯੋਗ ਨਾ ਸਮਝਿਆ ਗਿਆ ਅਤੇ ਜਾਂਦੇ ਹੀ ਸ਼ੋਪੀਆਂ ਮੈਦਾਨ ਵਿਚ ਜਾ ਡੇਰੇ ਲਾਏ।

ਇਥੇ ਮੁਹੰਮਦ ਅਜ਼ੀਮ ਖਾਨ ਅਤੇ ਅਬਦੁਲ ਸ਼ਕੂਰ ਖਾਨ ਨੇ ਆਪਣੀ ਨਿਗਰਾਨੀ ਵਿਚ ਬੜੀਆਂ ਭਾਰੀਆਂ ਜੰਗੀ ਤਿਆਰੀਆਂ ਕਰਕੇ ਖਾਲਸੇ ਨੂੰ ਰੋਕਣ ਦੇ ਵਡੇ ਪੱਕੇ ਸੰਗਰ ਬਣਾਏ ਹੋਏ ਸਨ ਅਤੇ ੧੫੦੦੦ ਅਫ਼ਗਾਨੀ ਫੌਜ ਨਾਲ ਜ਼ੋਰ ਅਜ਼ਮਾਈ ਕਰਨ ਲਈ ਖਾਲਸੇ ਦਾ ਰਾਹ ਰੋਕੀ ਬੈਠੇ ਸਨ।

੨੪ ਜੁਲਾਈ ਨੂੰ ਪਹਿਰ ਰਾਤ ਰਹਿੰਦੀ ਖਾਲਸਾ ਫ਼ੌਜ ਨੇ ਅਫ਼ਗਾਨਾਂ ਦੇ ਮੋਰਚਿਆਂ ਪਰ ਅਕਾਲ ਦੇ ਅਕਾਸ਼ ਕੰਬਾਊ ਜੈਕਾਰਿਆਂ ਦੀ ਗੂੰਜ ਵਿਚ ਧਾਵਾ ਬੋਲ ਦਿਤਾ। ਅਗੋਂ ਅਫ਼ਗਾਨੀ ਲਸ਼ਕਰ ਨੇ ਆਪਣੇ ਬਹਾਦਰ ਆਗੂਆਂ ਦੀ ਅਗਵਾਈ ਵਿਚ ਤੁਰਤ ਫੁਰਤ ਗੋਲੇ ਤੇ ਗੋਲੀਆਂ ਦੀ ਝੜੀ ਲਾ ਦਿੱਤੀ। ਇਧਰ ਖਾਲਸੇ ਨੇ ਵੀ ਇਸ ਤਰ੍ਹਾਂ ਦਾ ਸੰਗ੍ਰਾਮ ਤਰਸ ਤਰਸ ਕੇ ਲੱਭਾ ਸੀ। ਦੋਹਾਂ ਬਹਾਦਰ ਕੌਮਾਂ ਵਲੋਂ ਦਿਲ ਖੋਲ੍ਹਕੇ ਮਨਾਂ ਦੇ ਗੱਚ ਕਢੇ ਗਏ। ਇਹ ਸਿਲਸਿਲਾ ਲੌਢੇ ਪਹਿਰ ਤਕ ਜਾਰੀ ਰਿਹਾ। ਇਸ ਦੇ ਉਪ੍ਰੰਤ ਖਾਲਸਾ ਅਗੇ ਵਧਦਾ ਹੋਇਆ ਵੈਰੀਆਂ ਦੇ ਦਮਦਮਿਆਂ ਦੇ ਐਨਾਂ ਨੇੜੇ ਪਹੁੰਚ ਗਿਆ ਸੀ ਕਿ ਹੁਣ ਤੋਪਾਂ ਤੇ ਬੰਦੂਕਾਂ ਤੋਂ ਕੰਮ ਲੈਣਾ ਦੋਹਾਂ ਧਿਰਾਂ ਨੇ ਬੰਦ ਕਰ ਦਿੱਤਾ ਤਲਵਾਰ ਦੀ ਲੜਾਈ ਆਰੰਭ ਹੋ ਪਈ। ਖਾਲਸਾ ਤਲਵਾਰ ਦੀ ਲੜਾਈ ਤਾਂ ਸਦਾ ਰੱਬ ਤੋਂ ਮੰਗਦਾ ਹੀ ਹੁੰਦਾ ਸੀ। ਸੋ ਇਥੇ ਉਹ ਸ੍ਰੀ ਸਾਹਿਬ ਚਲਾਈ ਕਿ ਗ਼ਨੀਮ ਹੈਰਾਨ ਰਹਿ ਗਿਆ।

ਦੋਹਾਂ ਧਿਰਾਂ ਦੇ ਵਡੇ ਵਡੇ ਨਾਮੀ ਸਰਦਾਰ ਆਪਣੇ ਦੇਸ਼ ਅਤੇ ਕੌਮੀ ਪਿਆਰ ਵਿਚ, ਆਪਣੀਆਂ ਜਾਨਾਂ ਵਾਰ ਰਹੇ ਸਨ। ਇਸ ਸਮੇਂ ਬਹਾਦਰ ਸਰਦਾਰ ਮੇਹਰ ਸਿੰਘ ਮਾਨ ਨੇ ਸਣੇ ਆਪਣੇ ਭਾਈ ਜੋਧ ਸਿੰਘ ਦੇ ਸਰਦਾਰ ਅਬਦੁਲ ਸ਼ਕੂਰ ਖਾਨ ਪਰ ਸ੍ਰੀ ਸਾਹਿਬ ਦਾ ਐਸਾ ਤੁਲਵਾਂ ਵਾਰ ਕੀਤਾ ਜਿਸ ਨਾਲ ਖਾਨ ਲੜਖੜਾ ਕੇ ਜ਼ਿਮੀਂ ਪਰ ਜਾ ਪਿਆ। ਇਸ ਸਮੇਂ ਇਸ ਦੇ ਰਖਵਾਲੇ ਅਰਦਲੀ ਨੇ ਵੀ ਸ: ਮੇਹਰ ਸਿੰਘ ਨੂੰ ਆਪਣੀ ਬੱਲਮ ਦਾ ਨਿਸ਼ਾਨਾ ਬਣਾਇਆ ਇਸ ਨਾਲ ਉਸ ਨੇ ਆਪਣੇ ਪਿਆਰੇ ਭਾਈ ਦੀਆਂ ਅੱਖਾਂ ਦੇ ਸਾਹਮਣੇ ਆਪਣੇ ਪੰਥ ਤੋਂ ਆਪਣੇ ਆਪ ਨੂੰ ਕੁਰਬਾਨ ਕਰ ਦਿਤਾ।

## ਸਰਦਾਰ ਜੋਧ ਸਿੰਘ ਮਾਨ ਦੀ ਬੀਰਤਾ

ਸ: ਜੋਧ ਸਿੰਘ ਨੇ ਆਪਣੀ ਤੇਗ਼ ਦੇ ਵਾਰ ਨਾਲ ਉਸ ਜੁਵਾਨ ਨੂੰ ਭੀ ਉਥੇ ਮੁਕਾ ਦਿਤਾ, ਆਪਣੇ ਭਾਈ ਦੀ ਦੇਹ ਨੂੰ ਉਥੇ ਛਡ ਕੇ ਆਪ ਕੌਮੀ ਜੋਸ਼ ਵਿਚ ਮਤਾ ਹੋਇਆ ਮਾਰੋ ਮਾਰ ਵੈਰੀਆਂ ਨੂੰ ਦਬਾਂਦਾ ਹੋਇਆ ਅਗੇ ਹੀ ਅਗੇ ਵਧਦਾ ਗਿਆ। ਹੁਣ ਸੂਰਜ ਲੋਪ ਹੋਣ ਵਾਲਾ ਸੀ। ਇਸ ਸਮੇਂ ਦੋਵਾਂ ਫ਼ੌਜਾਂ ਨੇ ਆਪੋ ਆਪਣੀਆਂ ਹੱਦਾਂ ਪਰ ਡੇਰੇ ਲਾਕੇ ਸੁਖ ਦਾ ਸਾਹ



Sri Satguru Jagjit Singh Ji eLibrary NamdhariElibrary@gmail.com

ਲੈਣ ਲਈ ਮਸਾਂ ਕਿਤੇ ਆਪਣੀਆਂ ਤਲਵਾਰਾਂ ਮਿਆਨਾਂ ਵਿਚ ਪਾਈਆਂ। ਸਰਦਾਰ ਜੋਧ ਸਿੰਘ ਨੇ ਜਦ ਪਰਤ ਕੇ ਆਪਣੇ ਭਾਈ ਮੇਹਰ ਸਿੰਘ ਦੀ ਸ਼ਹੀਦੀ ਦੇਹ ਨੂੰ ਡਿੱਠਾ ਤਾਂ ਪਤਾ ਲਗਾ ਕਿ ਉਸ ਦਾ ਭੌਰ ਉਡਾਰੀਆਂ ਲਾ ਗਿਆ ਸੀ।

ਅਜ ਦਾ ਇਹ ਸੰਗ੍ਰਾਮ ਐਨੇ ਜੋਸ਼ ਨਾਲ ਲੜਿਆ ਗਿਆ ਸੀ ਜਿਸ ਵਿਚ ਦੋਵਾਂ ਧਿਰਾਂ ਦੀਆਂ ਕਈ ਨਾਮੀ ਹਸਤੀਆਂ ਆਪਾ ਵਾਰ ਗਈਆਂ। ਖਾਲਸੇ ਵਲੋਂ ਸਰਦਾਰ ਮੇਹਰ ਸਿੰਘ ਮਾਨ, ਸਰਦਾਰ ਮਿਤ ਸਿੰਘ ਪਡਾਨੀਆਂ, ਸਰਦਾਰ ਗੁਰਬਖਸ਼ ਸਿੰਘ ਧਾਰੀ ਦੇ ਨਾਮ ਖਾਸ ਲਿਖਤ ਯੋਗ ਹਨ। ਇਸ ਤਰ੍ਹਾਂ ਅਫ਼ਗਾਨਾਂ ਵਲੋਂ ਸਰਦਾਰ ਅਬਦੁਲ ਸ਼ਕੂਰਖਾਨ, ਸਰਦਾਰ ਫ਼ੌਜਦਾਰ ਖਾਨ ਤੇ ਸਰ ਬੁਲੰਦ ਖਾਨ ਆਦਿ ਖੇਤ ਰਹੇ ਸਨ।

## ਮੁਹੰਮਦ ਅਜ਼ੀਮ ਖਾਨ ਦੀ ਦ੍ਰਿਸ਼ਟੀ

ਮੁਹੰਮਦ ਅਜ਼ੀਮ ਖਾਨ ਬੜਾ ਦੂਰ-ਦ੍ਰਿਸ਼ਟੀ ਹੁਕਮਰਾਨ ਸੀ। ਇਸ ਨੇ ਅੱਜ ਖਾਲਸਾ ਫੌਜ ਦੇ ਕੇਵਲ ਇਕ ਹਿੱਸੇ ਦੇ ਜੰਗੀ ਦਬਾਉ ਨੂੰ ਦੇਖ ਕੇ ਇਹ ਸਿੱਟਾ ਕੱਢਿਆ ਸੀ ਕਿ ਜੇ ਕਦੇ ਖਾਲਸੇ ਦਾ ਦੂਜਾ ਦਸਤਾ, ਜੋ ਇਕ ਦੋ ਦਿਨਾਂ ਵਿਚ ਇਨ੍ਹਾਂ ਨਾਲ ਆ ਮਿਲਣਾ ਹੈ, ਮੈਦਾਨ ਵਿਚ ਪਹੁੰਚ ਗਿਆ ਤਾਂ ਫਿਰ ਬਚਾਓ ਦੀ ਕੋਈ ਸੂਰਤ ਨਹੀਂ ਰਹਿਣੀ।

## ਖਾਲਸੇ ਨੂੰ ਨਜ਼ਰਾਨਾ ਦੇਣਾ ਤੇ ਈਨ ਮੰਨਣੀ

ਸੋ ਇਸ ਨੇ ਰਾਤੋ ਰਾਤ ਬਹੁਤ ਸਾਰੀਆਂ ਬਹੁਮੁਲੀਆਂ ਕਸ਼ਮੀਰੀ ਸੁਗਾਤਾਂ ਸਣੇ ਭਾਰੀ ਨਜ਼ਰਾਨੇ ਅਤੇ ਇਕ ਲਿਖਤ ਅਹਿਦਨਾਮੇ ਦੇ, ਜਿਸ ਵਿਚ ਉਸਨੇ ਅਗੇ ਨੂੰ ਆਪਣੇ ਆਪਨੂੰ ਸ਼ੇਰਿ ਪੰਜਾਬ ਦਾ ਅਨੁਸਾਰੀ (ਬਾਜ਼ਗੁਜ਼ਾਰੀ) ਹੋ ਕੇ ਰਹਿਣਾ ਮੰਨਿਆ ਸੀ[1] ਅਤੇ ਹਿੰਦੂ ਤੇ ਸ਼ੀਹਾ ਪਰਜਾ ਪਰ ਅਗੇ ਨੂੰ ਪੂਰੇ ਨਿਆਂ ਵਾਲੇ ਵਰਤਾਵ ਦਾ ਭਰੋਸਾ ਦਿਵਾਇਆ ਸੀ। ਇਸ ਤੋਂ ਛੁਟ ੫੦੦੦੦ ਰੁਪਿਆ ਸਾਲਾਨਾ ਬਾਜ਼ਗੁਜ਼ਾਰੀ ਸਮੇਂ ਸਿਰ ਲਾਹੌਰ ਪਹੁੰਚਾਣ ਦਾ ਬਚਨ ਵੀ ਲਿਖ ਦਿਤਾ।

ਇਹ ਅਹਿਦਨਾਮਾ ਅਤੇ ਨਜ਼ਰਾਨਾ ਆਪਣੇ, ਪੁਰਾਣੇ ਦੀਵਾਨ ਗੋਦੜ ਮਲ ਤੇ ਕੁਝ ਕਾਬਲੀ ਸਰਦਾਰਾਂ ਦੀ ਰਾਹੀਂ, ਮੁਹੰਮਦ ਅਜ਼ੀਮ ਖਾਨ ਨੇ, ਖਾਲਸੇ ਦੇ ਡੇਰੇ ਭਿਜਵਾ ਦਿਤਾ ਅਤੇ ਖਾਲਸਾ ਫੌਜ ਦੇ ਜ਼ਿਮੇਵਾਰਾਂ ਨੂੰ ਬੇਨਤੀ ਕੀਤੀ ਕਿ ਇਹ ਅਹਿਦਨਾਮਾ ਸਣੇ ਸੁਗਾਤਾਂ ਦੇ ਮਹਾਰਾਜਾ ਸਾਹਿਬ ਦੇ ਕੈਂਪ ਵਿਚ ਕਲ ਤਕ ਪਹੁੰਚਾ ਦਿਤਾ ਜਾਏ, ਤਾਕੇ ਉਨ੍ਹਾਂ ਨੂੰ ਇਸ ਪਹਾੜੀ ਸਫ਼ਰ ਦੀ ਹੋਰ ਖੇਚਲ ਨਾ ਉਠਾਣੀ ਪਏ। ਸੋ ਇਸ ਤਰ੍ਹਾਂ ਕੀਤਾ ਗਿਆ।

## ਸ਼ੇਰਿ ਪੰਜਾਬ ਦੀ ਪਰਵਾਨਗੀ

ਸ਼ੇਰਿ ਪੰਜਾਬ ਜੋ ਸਣੇ ਫੌਜ ਦੇ ਸ਼ੋਪੀਆਂ ਦੇ ਮੈਦਾਨ ਵਲ ਆ ਰਹੇ ਸਨ ਰਸਤੇ ਵਿਚ ਹੀ ਆਪ ਨੂੰ ਕੁਝ ਅਫ਼ਗਾਨ ਕਰਮਚਾਰੀ ਸਣੇ ਮੁਹੰਮਦ ਅਜ਼ੀਮ ਖਾਨ ਦੇ ਅਹਿਦਨਾਮੇ ਤੇ ਨਜ਼ਰਾਨੇ ਆਦਿ ਦੇ ਮਿਲ ਪਏ ਅਤੇ ਇਹ ਸਾਰਾ ਮਾਮਲਾ ਸਰਕਾਰ ਦੇ ਅਗੇ ਰਖਿਆ। ਚੰਗੀ

---

1. ਸੱਯਦ ਮੁਹੰਮਦ ਲਤੀਫ ਹਿਸਟ੍ਰੀ ਔਫ ਦੀ ਪੰਜਾਬ ਸਫਾ ੪੦੫ ।



Sri Satguru Jagjit Singh Ji eLibrary NamdhariElibrary@gmail.com

ਵਿਚਾਰ ਦੇ ਉਪਰੰਤ ਇਸ ਸਫ਼ਲਤਾ ਨੂੰ ਮਹਾਰਾਜਾ ਸਾਹਿਬ ਨੇ ਆਪਣੀ ਆਮ ਵਿਉਂਤ (ਪਾਲਸੀ) ਅਨੁਕੂਲ ਜਾਣ ਕੇ ਇਸ ਦੀ ਪ੍ਰਵਾਨਗੀ ਦੇ ਦਿਤੀ[1]।

ਚੂੰਕਿ ਰੁਤ ਹੁਣ ਸਰਦੀ ਦੀ ਆ ਰਹੀ ਸੀ ਅਤੇ ਜਿਸ ਮਨੋਰਥ ਨੂੰ ਮੁਖ ਰਖ ਕੇ ਇਹ ਚੜ੍ਹਾਈ ਕੀਤੀ ਗਈ ਸੀ ਉਹ ਵੀ ਪੂਰਾ ਹੋ ਗਿਆ ਸੀ। ਇਸ ਲਈ ਖਾਲਸਾ ਫੌਜ ਨੂੰ ਇਥੋਂ ਹੀ ਪਰਤ ਪੈਣ ਦਾ ਹੁਕਮ ਦੇ ਦਿੱਤਾ।

ਕਈ ਇਤਿਹਾਸ ਲੇਖਕਾਂ ਨੇ ਸ਼ੇਰਿ ਪੰਜਾਬ ਦੀ ਇਸ ਦੂਰ ਦ੍ਰਿਸ਼ਟੀ ਤੇ ਖੁਲ੍ਹ - ਦਿਲੀ ਦੀ ਪਾਲਸੀ ਨੂੰ ਨਾ ਸਮਝਦੇ ਹੋਏ ਇਥੇ ਟਪਲਾ ਖਾਧਾ ਹੈ, ਅਰਥਾਤ ਇਸ ਮੌਕੇ ਪਰ ਸ੍ਰੀ ਨਗਰ ਪਰ ਕਬਜਾ ਨਾ ਕਰਨ ਦੇ ਕਾਰਨ, ਖਾਲਸੇ ਦੀ ਇਸ ਮੁਹਿੰਮ ਨੂੰ ਅਸਫਲਤਾ ਤੇ ਸ਼ਿਕਸਤ ਦਸਿਆ ਹੈ। ਅਸਲ ਗੱਲ ਇਹ ਹੈ ਇਹ ਫ਼ੈਸਲਾ ਮਹਾਰਾਜਾ ਦੀ ਸਦੀਵੀ ਬਣ ਚੁਕੀ ਪਾਲਸੀ ਅਨੁਸਾਰ ਕੀਤਾ ਗਿਆ ਸੀ। ਜਿਹਾ ਕਿ ਪਿਛਲੇ ਫੁਟਨੋਟ ਤੋਂ ਸਪੱਸ਼ਟ ਹੈ[2]।

---

1. ਸ਼ੇਰਿ ਪੰਜਾਬ ਦੀ ਪਾਲਸੀ-ਸਰਕਾਰ ਦਾ ਸਦਾ ਤੋਂ ਇਹ ਤ੍ਰੀਕਾ ਰਿਹਾ ਸੀ ਕਿ ਜਦ ਕਦੇ ਉਹ ਕਿਸੇ ਨਵੇਂ ਇਲਾਕੇ ਨੂੰ ਖਾਲਸਾ ਰਾਜ ਨਾਲ ਮਿਲਾਣ ਦਾ ਇਰਾਦਾ ਕਰਦੇ ਹੁੰਦੇ ਸਨ ਤਾਂ ਇਕੋ ਵਾਰੀ ਉਸ ਪਰ ਧਾਵਾ ਕਰਕੇ ਉਸ ਇਲਾਕੇ ਨੂੰ ਨਾ ਸਨ ਮਿਲਾ ਲੈਂਦੇ ਸਗੋਂ ਦੋ ਚਾਰ ਮੌਕੇ ਉਨ੍ਹਾਂ ਦੇ ਪਹਿਲੇ ਮਾਲਕਾਂ ਨੂੰ ਜ਼ਰੂਰ ਦੇਂਦੇ ਹੁੰਦੇ ਸਨ। ਜਦ ਦੋ ਤਿੰਨ ਵਾਰੀ ਦੀ ਸਿਖਿਆ ਪਰ ਭੀ ਉਹ ਆਪਣੇ ਲਿਖਤੀ ਅਹਿਦਨਾਮਿਆਂ ਦੀ ਵਰਤੋਂ ਵਿਚ ਪੂਰੇ ਨਾ ਉਤਰਦੇ ਤਦ ਉਹ ਇਲਾਕਾ ਛੇਕੜ ਖਾਲਸਾ ਰਾਜ ਦਾ ਭਾਗ ਬਣਾ ਲਿਆ ਜਾਂਦਾ। ਜਿਹਾ ਕਿ ਕਸੂਰ ਪਰ ਪਹਿਲੀ ਚੜ੍ਹਾਈ ਸੰਨ ੧੮੦੧ ਵਿਚ ਕੀਤੀ, ਦੂਜੀ ਵੇਰ ੧੮੦੨ ਵਿਚ ਅਤੇ ਛੇਕੜ ੧੮੦੭ ਵਿਚ ਸਾਰਾ ਕਸੂਰ ਦਾ ਇਲਾਕਾ ਖਾਲਸਾ ਰਾਜ ਨਾਲ ਸੰਮਿਲਤ ਕਰ ਲਿਆ ਗਿਆ।

   ਇਸੇ ਤਰ੍ਹਾਂ ਮੁਲਤਾਨ ਪਰ ਪਹਿਲੀ ਮੁਹਿੰਮ ੧੮੦੨ ਵਿਚ ਹੋਈ, ਦੂਜੀ ੧੮੦੫ ਵਿਚ, ਤੀਜੀ ੧੮੦੯ ਵਿਚ, ਚੌਥੀ ੧੮੧੦ ਵਿਚ, ਫਿਰ ੧੮੧੬ ਵਿਚ ਤੇ ਛੇਕੜ ੧੮੧੮ ਵਿਚ ਮੁਲਤਾਨ ਖਾਲਸਾ ਰਾਜ ਨਾਲ ਮਿਲਾ ਲਿਆ ਗਿਆ। ਇਸੇ ਤਰ੍ਹਾਂ ਸਿਆਲਕੋਟ ਤੀਜੀ ਵਾਰ, ਵਜ਼ੀਰਬਾਦ ਚੌਥੀ ਵਾਰ, ਡਸਕਾ ਤੀਜੀ ਵਾਰ, ਪਿਸ਼ਾਵਰ ਪਰ ਚੌਥੀ ਵਾਰ ਚੜ੍ਹਾਈ ਕਰਕੇ ਖਾਲਸਾ ਰਾਜ ਵਿਚ ਮਿਲਾਇਆ।

   ਇਸ ਨਿਯਮ ਅਨੁਸਾਰ ਮੁਹੰਮਦ ਅਜ਼ੀਮ ਖਾਨ ਹਾਕਮ ਕਸ਼ਮੀਰ ਨੇ ਜਦ ਇਹ ਅਹਿਦਨਾਮਾ ਲਿਖ ਭੇਜਿਆ ਅਤੇ ਆਪਣੀ ਸਿਖ ਤੇ ਹਿੰਦੂ ਤੇ ਸ਼ੀਹਾ ਮੁਸਲਮਾਨ ਨਾਲ ਭਲੇ ਸਲੂਕ ਦਾ ਵਾਇਦਾ ਕੀਤਾ ਤਾਂ ਸ਼ੇਰਿ ਪੰਜਾਬ ਨੇ ਇਸ ਨੂੰ ਇਸ ਸਮੇਂ ਮੌਕਾ ਦੇ ਦਿਤਾ।

2. ਮੁਹੰਮਦ ਅਜ਼ੀਮ ਖਾਨ ਦੇ ਇਸ ਅਹਿਦਨਾਮੇ ਬਾਰੇ ਖੁਸ਼ਵਕਤ ਰਾਇ, ਈਸਟ ਇੰਡੀਆ ਕੰਪਨੀ ਦੇ ਖਬਰ ਨਵੀਸ ਨੇ ਕਪਤਾਨ ਮਰੇ, ਪੁਲੀਟੀਕਲ ਏਜੰਟ ਲੁਧਿਆਣਾ ਨੂੰ, ਇਕ ਕਲਪਤ ਨੋਟ ਲਿਖ ਭੇਜਿਆ ਜੋ ਨਾ ਕੇਵਲ ਨਿਰਮੂਲ ਹੀ ਸੀ ਸਗੋਂ ਹਾਸੋਹੀਣਾ ਵੀ ਸੀ। ਵੱਡੀ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਸ ਮਨਘੜਤ ਲਿਖਤ ਨੂੰ ਬਿਨਾਂ ਵਿਚਾਰੇ, ਇਸ ਤੋਂ ਕੈਪਟਨ ਕੰਨਿੰਘਮ ਵਰਗਾ ਸਿਆਣਾ ਲੇਖਕ ਵੀ ਟਪਲਾ ਖਾ ਗਿਆ ਹੈ।

   ਖੁਸ਼ਵਕਤ ਰਾਇ ਲਿਖਦਾ ਹੈ ਕਿ ਇਹ ਅਹਿਦਨਾਮਾ ਮੁਹੰਮਦ ਅਜ਼ੀਮ ਖਾਨ ਨੇ ਕੇਵਲ ਦੀਵਾਨ ਰਾਮ ਦਿਆਲ ਦੇ ਦਾਦੇ ਦੀਵਾਨ ਮੋਹਕਮ ਚੰਦ ਨੇ ਸੰਨ ੧੮੧੧ ਵਾਲੀ ਅਟਕ ਦੀ ਲੜਾਈ ਵ੍ਰਿਚ ਮੁਹੰਮਦ ਅਜ਼ੀਮ ਖਾਨ ਦੇ ਭਿਰਾਵਾਂ ਵਜ਼ੀਰ ਖਾਨ ਤੇ ਦੋਸਤ ਮੁਹੰਮਦ ਖਾਨ ਨਾਲ ਜੋ ਹੈਸਾਨ ਕੀਤਾ ਸੀ ਇਹ ਅਹਿਦਨਾਮਾ ਉਸ ਨੇਕੀ ਵਜੋਂ ਸੀ।

   ਇਤਿਹਾਸ ਦੇ ਗਿਆਤਿਆਂ ਤੋਂ ਇਹ ਗੱਲ ਲੁਕਵੀਂ ਨਹੀਂ ਕਿ ਇਸੇ ਅਟਕ ਦੀ ਲੜਾਈ ਵਿਚ ਦੀਵਾਨ ਮੋਹਕਮ ਚੰਦ ਨੇ ਕੋਈ ਹੈਸਾਨ, ਦੋਸਤ ਮੁਹੰਮਦ ਖਾਨ ਆਦਿ ਨਾਲ ਨਹੀਂ ਸੀ ਕੀਤਾ, ਸਗੋਂ ਅਸੀਂ ਪੜ੍ਹਦੇ ਹਾਂ ਕਿ ਬਾਰਕਜ਼ਈ ਭਿਰਾਵਾਂ ਦੇ ੨੦੦੦ ਜਵਾਨ ਇਸ ਜੰਗ ਵਿਚ ਮਾਰ ਦਿਤੇ ਗਏ ਸਨ (ਅਮਰਨਾਥ, ਸਫਰਨਾਮਾ ਸਫਾ ੭੪) ਅਤੇ ਦੋਸਤ ਮੁਹੰਮਦ ਖਾਨ ਖਾਲਸੇ ਦੇ ਹਥੋਂ ਸਖ਼ਤ ਘਾਇਲ ਹੋਇਆ ਅਤੇ ਇਕ ਅਫ਼ਗਾਨੀ ਸਵਾਰ ਦੀ ਮਦਦ ਨਾਲ ਇਸ ਭਿਆਨਕ ਸਮੇਂ ਬਚਿਆ, ਜਿਹੜਾ ਬੜੀ ਦਲੇਰੀ ਨਾਲ ਇਸ ਨੂੰ ਆਪਣੇ ਘੋੜੇ ਪਰ ਬਿਠਾ ਕੇ ਮੈਦਾਨਿ ਜੰਗ ਵਿਚੋਂ ਭਜਾ ਕੇ ਲੈ ਨਿਕਲਿਆ ਸੀ। ਇਸ ਦੀ ਜਾਨ ਤਾਂ ਇਸ ਪਠਾਨ ਨੇ ਬਚਾਈ ਸੀ ਨਾ ਕਿ ਦੀਵਾਨ ਮੋਹਕਮ ਚੰਦ ਦੇ ਹੈਸਾਨ ਨੇ। ਅਸਲ ਗਲ ਇਹ ਹੈ ਕਿ ਕਸ਼ਮੀਰ ਬਾਰੇ ਇਹ ਅਹਿਦਨਾਮਾ ਦੂਰ ਦਰਸ਼ੀ ਮੁਹੰਮਦ ਅਜ਼ੀਮਖਾਨ ਨੇ ਕੇਵਲ ਖਾਲਸਾ ਫੌਜ ਦੇ ਦਬਾਉ ਨੂੰ ਅਨੁਭਵ ਕਰਕੇ, ਮਹਾਰਾਜਾ ਨੂੰ ਲਿਖ ਦਿਤਾ ਸੀ ਤਾਕਿ ਇਸ ਤਰ੍ਹਾਂ ਉਹ ਕਸ਼ਮੀਰ ਦੀ ਹਕੂਮਤ ਨਾਲ ਕੁਝ ਸਮੇਂ ਲਈ ਹੋਰ ਚਮਟਿਆ ਰਹਿ ਸਕੇ। ਨਾ ਕਿ ਕਿਸੇ ਦੇ ਹੈਸਾਨ ਦਾ ਬਦਲਾ ਦੇਣ ਲਈ ਲਿਖਿਆ ਸੀ।



Sri Satguru Jagjit Singh Ji eLibrary NamdhariElibrary@gmail.com

## ਸਰਦਾਰ ਜੋਧ ਸਿੰਘ ਦੇ ਹੋਰ ਕਾਰਨਾਮੇ

ਸਰਦਾਰ ਜੈ ਸਿੰਘ ਦਾ ਪੁੱਤ੍ਰ ਸਰਦਾਰ ਜੋਧ ਸਿੰਘ ਮਾਨ ਜਿਸ ਦਾ ਜ਼ਿਕਰ ਕਸ਼ਮੀਰ ਦੀ ਮੁਹਿੰਮ ਵਿਚ ਆ ਚੁਕਾ ਹੈ। ਇਸ ਨੇ ਖਾਲਸਾ ਰਾਜ ਦੀ ਉਸਾਰੀ ਵਿਚ ਬੜੇ ਬੜੇ ਕਾਰਨਾਮੇ ਕੀਤੇ ਸਨ। ਸੰਨ ੧੮੧੨ ਤੋਂ ਜਿੰਨੀਆਂ ਲੜਾਈਆਂ ਖਾਲਸਾ ਰਾਜ ਦੇ ਵਾਧੇ ਲਈ ਲੜੀਆਂ ਗਈਆਂ ਲਗਭਗ ਉਨ੍ਹਾਂ ਸਾਰੀਆਂ ਵਿਚ ਸ: ਜੋਧ ਸਿੰਘ ਸ਼ਾਮਲ ਰਿਹਾ ਅਤੇ ਚਾਰ ਵਾਰੀ ਆਪ ਨੂੰ ਬੜੇ ਗਹਿਰੇ ਘਾਓ ਲਗੇ ਸਨ। ਸੰਨ ੧੮੪੮ ਵਿਚ ਇਹ ਜਰਨੈਲ ਦੇ ਅਹੁਦੇ ਪਰ ਸੀ।

## ਸਰਦਾਰ ਦੀਵਾਨ ਸਿੰਘ ਮਾਨ ਦੀ ਦਿਲਾਵਰੀ

ਸਰਦਾਰ ਜੈ ਸਿੰਘ ਦਾ ਤੀਜਾ ਪੁੱਤ੍ਰ ਦੀਵਾਨ ਸਿੰਘ ਵੀ ਬੜਾ ਨਾਮੀ ਦਿਲਾਵਰ ਹੋ ਬੀਤਿਆ ਹੈ। ਇਸ ਨੇ ਕਈ ਸੰਗ੍ਰਾਮਾਂ ਵਿਚ ਵਡੀਆਂ ਖਿਦਮਤਾਂ ਕੀਤੀਆਂ ਸਨ। ਇਹ ਮਹਾਰਾਜਾ ਦੀ ਫੌਜੇ ਖਾਸ (ਬਾਡੀ ਗਾਰਡ) ਦਾ ਕੁਮੇਦਾਨ ਸੀ ਤੇ ਮਹਾਰਾਜੇ ਦੇ ਮੰਨੇ ਪ੍ਰਮੰਨੇ ਅਫ਼ਸਰਾਂ ਵਿਚੋਂ ਗਿਣਿਆ ਜਾਂਦਾ ਸੀ।

## ਸਰਦਾਰ ਸਦਾ ਸਿੰਘ ਦੀ ਕੁਰਬਾਨੀ

ਸਰਦਾਰ ਮਾਨ ਸਿੰਘ ਦਾ ਸਪੁੱਤ੍ਰ ਸਰਦਾਰ ਸਦਾ ਸਿੰਘ ਜਦ ਖਾਲਸਾ ਫ਼ੌਜ ਵਿਚ ਕੁਮੇਦਾਨ ਨੀਯਤ ਹੋਇਆ ਤਾਂ ਆਪ ਨੇ ਵੀ ਆਪਣੇ ਘਰਾਣੇ ਦੇ ਹੋਰਨਾਂ ਸੂਰਮਿਆਂ ਵਾਂਗ ਖਾਲਸਾ ਰਾਜ ਦੀ ਉਸਾਰੀ ਲਈ ਆਪਣਾ ਬਹੁਤ ਸਾਰਾ ਲਹੂ ਵਾਰਿਆ।

ਕਸ਼ਮੀਰ ਦੀ ਸਨ ੧੮੧੯ ਦੀ ਛੇਕੜਲੀ ਲੜਾਈ, ਜਦ ਕਿ ਇਸ ਦੇਸ਼ ਨੂੰ ਖਾਲਸਾ ਰਾਜ ਨਾਲ ਸੰਪੂਰਨ ਤੌਰ ਪਰ ਮਿਲਾ ਲਿਆ ਗਿਆ ਸੀ ਸਰਦਾਰ ਸਦਾ ਸਿੰਘ ਨੇ ਬੇਨਜ਼ੀਰ ਕਮਾਲ ਇਸ ਮੈਦਾਨ ਵਿਚ ਦੱਸੇ ਸਨ।

## ਸਿਰ ਧੜ ਦੀ ਬਾਜ਼ੀ

੩ ਜੁਲਾਈ ਦੀ ਭਿਆਨਕ ਲੜਾਈ ਵਿਚ - ਜਿਹੜੀ ਨਵਾਬ ਜ਼ਬਾਰ ਖਾਨ ਨੇ ਬਹੁਤ ਬੜੀ ਅਫ਼ਗਾਨੀ ਫੌਜ ਨਾਲ ਸ਼ੋਪੀਆਂ[1] ਦੇ ਮੈਦਾਨ ਵਿਚ ਲੜੀ ਸੀ - ਇਸ ਸਮੇਂ ਸਰਦਾਰ ਸਦਾ ਸਿੰਘ ਨੇ ਵੈਰੀਆਂ ਦੇ ਕੁਚਲ ਸੁਟਣ ਵਿਚ ਐਸੀ ਵਰਯਾਮਤਾ ਦਸੀ ਜਿਹੜੀ ਕਿ ਆਪ ਦੇ ਬਹਾਦਰ ਘਰਾਣੇ ਦੀ ਕਦੀਮੀ ਸ਼ਾਨ ਨਾਲ ਸ਼ੋਭਦੀ ਸੀ। ਇਸ ਰਣ-ਤੱਤੇ ਵਿਚ ਆਪ ਨੇ ਸਿਰ ਧੜ ਦੀ ਬਾਜ਼ੀ ਲਾ ਕੇ ਆਪਣੇ ਰਸਾਲੇ ਨਾਲ ਐਸਾ ਗਜ਼ਬ ਨਾਲ ਹੱਲਾ ਕੀਤਾ ਸੀ, ਜਿਸ ਨੂੰ ਨਵਾਬ ਜ਼ਬਾਰ ਖਾਨ ਵਰਗਾ ਜਾਂ ਬਾਜ਼ ਵਿਜਈ ਵੀ, ਹਜ਼ਾਰ ਯਤਨ ਕਰਨ ਪਰ ਵੀ ਨਾ ਰੋਕ ਸਕਿਆ ਅਤੇ ਇਹ ਬਹਾਦਰ ਗ਼ਨੀਮ ਦੀਆਂ ਸਫਾਂ ਨੂੰ ਚੀਰਦਾ ਹੋਇਆ ਵਰ੍ਹਦੀਆਂ ਗੋਲੀਆਂ ਵਿਚ ਇਵੇਂ ਧੈਂ ਵੜਿਆ ਸੀ, ਜਿਵੇਂ ਬਿਫਰਿਆ ਹੋਇਆ ਸ਼ੇਰ ਆਪਣੇ ਸ਼ਿਕਾਰ ਪਰ ਪਿਲ ਪੈਂਦਾ ਹੈ।

## ਹੱਥੋ ਹੱਥ ਲੜਾਈ ਵਿਚ ਫੱਟੜ ਹੋਣਾ

ਇਥੇ ਘਮਸਾਣ ਦੀ ਲੜਾਈ ਦੇ ਬਾਅਦ ਨਵਾਬ ਦੀ ਫੌਜ ਨੂੰ ਘੇਰਾ ਪਾ ਲਿਆ ਗਿਆ। ਹੁਣ ਅਫ਼ਗਾਨੀ ਫ਼ੌਜ ਘੇਰਾ ਤੋੜ ਕੇ ਨਿਕਲਣ ਲਈ ਸਿਰਾਂ ਪਰ ਕਫ਼ਨ ਬੰਨ੍ਹ ਕੇ ਤਲਵਾਰਾਂ

---

1. ਇਹ ਮੈਦਾਨ ਪੁਰਾਤਨ ਸਮੇਂ ਤੋਂ ਕਸ਼ਮੀਰ ਦੇ ਬਾਦਸ਼ਾਹ ਦੀ ਰਣਭੂਮੀ ਪ੍ਰਸਿੱਧ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

ਚਲਾ ਰਹੀ ਸੀ ਤੇ ਅਗੋਂ ਖਾਲਸਾ ਮੁਹਾਸਰੇ ਨੂੰ ਪਲੋ ਪਲੀ ਤੰਗ ਕਰਕੇ, ਘਿਰ ਚੁਕੀ ਫੌਜ ਨੂੰ ਕੈਦ ਕਰਨਾ ਚਾਹੁੰਦਾ ਸੀ। ਇਸ ਤਰ੍ਹਾਂ ਦੋਹਾਂ ਧਿਰਾਂ ਵਲੋਂ ਹਨੇਰ ਦਾ ਰਣ ਪਿਆ। ਇਸ ਸਮੇਂ ਠੀਕ ਉਸੇ ਮੈਦਾਨ ਵਿਚ ਜਿਥੇ ਆਪ ਦੇ ਚਚੇਰੇ ਭਾਈ ਸਰਦਾਰ ਮੇਹਰ ਸਿੰਘ ਨੇ ਸਨਮੁਖ ਲੜਦਿਆਂ ਸੰਨ ੧੮੧੪ ਵਾਲੀ ਕਸ਼ਮੀਰ ਦੀ ਲੜਾਈ ਵਿਚ ਆਪਣਾ ਸੀਸ ਵਾਰ ਕੇ, ਖਾਲਸਾ ਰਾਜ ਲਈ ਕੁਰਬਾਨੀ ਦਿਤੀ ਸੀ[1] ਠੀਕ ਉਥੇ ਹੀ ਅਤੇ ਠੀਕ ਉਸੇ ਮਹੀਨੇ ਅੱਜ ਪੰਜ ਸਾਲ ਬਾਅਦ ਮੁੜ ਸ: ਸਦਾ ਸਿੰਘ ਨੇ ਆਪਣੇ ਲਹੂ ਦੀਆਂ ਧਾਰਾਂ ਵਗਾ ਕੇ ਉਸ ਪਾਵਨ ਸ਼ਹੀਦੀ ਯਾਦਗਾਰ ਨੂੰ ਫਿਰ ਤਾਜ਼ਾ ਕਰ ਦਿਤਾ ਅਰਥਾਤ ਇਥੇ ਸਰਦਾਰ ਜੀ ਨੂੰ ਚਾਰ ਗਹਿਰੇ ਘਾਓ ਲਗੇ।

ਆਪ ਜਦ ਮੈਦਾਨ ਜੰਗ ਤੋਂ ਵਾਪਸ ਡੇਰੇ (ਕੈਂਪ) ਵਿਚ ਆਏ ਤਾਂ ਆਪ ਦਾ ਪੁਸ਼ਾਕਾ ਇੰਝ ਦਿਸਦਾ ਸੀ, ਜਿਵੇਂ ਕਿਸੇ ਨੇ ਖ਼ੂਨ ਦੇ ਤਲਾ ਵਿਚ ਟੁੱਬਾ ਲਾਇਆ ਹੋਵੇ। ਆਪ ਦੀ ਇਸ ਅਦੁਤੀ ਕਰਨੀ ਦਾ ਖਾਲਸਾ ਫੌਜ ਪਰ ਬੜਾ ਅਸਰ ਹੋਇਆ। ਇਸ ਬਲੀਦਾਨ ਦਾ ਨਤੀਜਾ ਇਹ ਹੋਇਆ ਕਿ ਬਹੁਤ ਸਾਰੀ ਅਫ਼ਗਾਨੀ ਫੌਜ ਨੂੰ ਕੈਦ ਕਰ ਲਿਆ ਗਿਆ ਤੇ ਖਾਲਸੇ ਦੀ ਪੂਰਨ ਫਤਹ ਹੋਈ ਸੀ।

ਸਰਦਾਰ ਸਦਾ ਸਿੰਘ ਦੇ ਘਾਓ ਪਹਿਲਾਂ ਤਾਂ ਬੜੇ ਭਿਆਨਕ ਦਿਸਦੇ ਸਨ ਅਤੇ ਆਪ ਦੇ ਬਚ ਨਿਕਲਣੇ ਦੀ ਬਹੁਤ ਘਟ ਆਸ ਸੀ ਪਰ ਚੰਗੇ ਭਾਗਾਂ ਨੂੰ ਸਮੇਂ ਸਿਰ ਚਤਰ ਫੱਟ-ਬੰਨ੍ਹਾਂ ਦੀ ਸਹਾਇਤਾ ਮਿਲ ਜਾਣ ਨਾਲ ਸਹਿਜੇ ਆਪ ਦੇ ਫੱਟ ਮੌਲ ਪਏ। ਇਸ ਤਰ੍ਹਾਂ ਆਪ ਨੂੰ ਮੁੜ ਨਵਾਂ ਜੀਵਨ ਪ੍ਰਾਪਤ ਹੋਇਆ। ਇਨ੍ਹਾਂ ਹੀ ਕੁਰਬਾਨੀਆਂ ਦਾ ਸਦਕਾ ਕਸ਼ਮੀਰ ਸੁਰਗ ਨਜ਼ੀਰ ਜਿਹਾ ਸੋਹਣਾ ਦੇਸ ਖਾਲਸਾ ਰਾਜ ਦਾ ਇਕ ਵਡਿਆਈ ਯੋਗ ਭਾਗ ਬਣਿਆ ਸੀ। ਇਸ ਬਹਾਦਰੀ ਦੀ ਕਦਰ ਵਜੋਂ, ਮਹਾਰਾਜਾ ਸਾਹਿਬ ਨੇ ਆਪ ਨੂੰ ੧੨ ਹਜ਼ਾਰ ਰੁਪਿਆ ਸਾਲਾਨਾ ਦੀ ਜਾਗੀਰ ਇਲਾਕਾ ਮਨਾਵਰ ਵਿਚ ਦਿਤੀ।

ਇਹ ਗੱਲ ਬੜੇ ਰੰਜ ਨਾਲ ਲਿਖਣੀ ਪੈਂਦੀ ਹੈ ਕਿ ਇਸ ਅਦੁਤੀ ਬਹਾਦਰ ਜਰਨੈਲ ਦੇ ਘਰ ਕੋਈ ਸੰਤਾਨ ਨਹੀਂ ਸੀ। ਇਸ ਦੀ ਜਾਗੀਰ ਅਤੇ ਜਰਨੈਲੀ ਦਾ ਅਹੁਦਾ ਇਸ ਦੇ ਛੋਟੇ ਭਾਈ ਸਰਦਾਰ ਅਮੀਰ ਸਿੰਘ ਮਾਨ ਨੂੰ ਸ਼ੇਰਿ ਪੰਜਾਬ ਨੇ ਦਿਤਾ।

## ਬੇਮਿਸਾਲ ਸੋਹਣਾ ਸਰਦਾਰ

ਨੌਜੁਆਨ ਸਰਦਾਰ ਅਮੀਰ ਸਿੰਘ ਦਾ ਰੰਗ-ਰੂਪ, ਡੀਲ-ਡੌਲ ਅਤੇ ਸੁਹਪਣ ਉਸ ਸਮੇਂ ਸਾਰੇ ਪੰਜਾਬ ਵਿਚ ਅਮੋਲ ਮੰਨਿਆਂ ਜਾਂਦਾ ਸੀ। ਸ਼ੇਰਿ ਪੰਜਾਬ ਦੇ ਦਰਬਾਰ ਵਿਚ ਜਦ ਕੋਈ ਯੂਰਪੀਅਨ, ਈਰਾਨੀ ਜਾਂ ਅਫ਼ਗਾਨੀ ਸਫੀਰ ਯਾਤਰੂ ਆਉਂਦਾ ਹੁੰਦਾ ਸੀ ਤਾਂ ਐਸੇ ਸਮੇਂ ਸਰਕਾਰ ਵਡੇ ਫ਼ਖ਼ਰ ਨਾਲ ਸਰਦਾਰ ਅਮੀਰ ਸਿੰਘ ਮਾਨ ਨੂੰ, ਖਾਲਸਾ ਕੌਮ ਦੇ ਨਮੂਨੇ ਦੇ ਤੌਰ ਪਰ ਪੇਸ਼ ਕਰਦੇ ਹੁੰਦੇ ਸਨ। ਉਹ ਵਿਦੇਸ਼ੀ ਇਸ ਸੁੰਦਰਤਾ ਤੇ ਕੱਦ ਕਾਠ ਨੂੰ ਦੇਖ ਦੇਖ ਕੇ ਅਸਚਰਜ ਹੋ ਜਾਂਦੇ ਸਨ।

ਸਰਦਾਰ ਅਮੀਰ ਸਿੰਘ ਮਾਨ ਦੀਆਂ ਖਿਦਮਤਾਂ ਪਰ ਮਹਾਰਾਜਾ ਸਾਹਿਬ ਵਡੇ ਪ੍ਰਸੰਨ ਸਨ। ਆਪ ਨੂੰ ਬਹੁਤ ਵੱਡੀ ਜਾਗੀਰ ਬਖ਼ਸ਼ੀ ਹੋਈ ਸੀ। ਆਪ ਦੀ ਤਾਇਤ ਵਿਚ ਚਾਰ ਪੈਦਲ ਪਲਟਨਾਂ ਦੋ ਪੂਰੇ ਤੋਪਖਾਨੇ ਅਤੇ ਇਕ ਰਸਾਲਾ ਸਦਾ ਰਹਿੰਦਾ ਸੀ।

---

1. ਸ: ਮੇਹਰ ਸਿੰਘ ਮਾਨ ਨੇ ਇਸੇ ਸ਼ੋਪੀਆਂ ਦੇ ਮੈਦਾਨ ਵਿਚ ਜੁਲਾਈ ੧੮੧੪ ਵਿਚ ਬਟੂਲ ਸ਼ਕੂਰ ਖਾਨ ਨਾਲ ਲੜਦਿਆਂ ਆਪਾ ਵਾਰਿਆ ਸੀ।



Sri Satguru Jagjit Singh Ji eLibrary NamdhariElibrary@gmail.com

ਸਰਦਾਰ ਮਾਨ ਸਿੰਘ ਦਾ ਤੀਜਾ ਪੁੱਤ੍ਰ ਸਰਦਾਰ ਸ਼ਾਮ ਸਿੰਘ ਮਾਨ ਘਰੋਂ ਕਰਨੈਲ ਭਰਤੀ ਹੋਇਆ। ਇਹ ਖਾਲਸਾ ਫ਼ੌਜ ਦਾ ਵੱਡਾ ਮੁਰਾਤਬਾ ਸੀ ਤੇ ਇਹ ਮਾਣ ਬਹੁਤ ਘਟ ਕਿਸੇ ਨੂੰ ਦਿੱਤਾ ਜਾਂਦਾ ਸੀ।

ਇਸੇ ਤਰ੍ਹਾਂ ਸਰਦਾਰ ਮਾਨਾ ਸਿੰਘ ਦੇ ਸਭ ਤੋਂ ਨਿੱਕੇ ਲੜਕੇ ਨੂੰ ਵੀ ਮਹਾਰਾਜਾ ਦੀ ਫ਼ੌਜ ਖਾਸ ਵਿਚ ਵੱਡੀ ਜਿਮੇਂਵਾਰੀ ਦਾ ਅਹੁਦਾ ਮਿਲਿਆ ਸੀ। ਇਸ ਨੇ ਆਪਣਾ ਸਾਰਾ ਜੀਵਨ ਖਾਲਸਾ ਰਾਜ ਦੇ ਵਾਧੇ ਲਈ ਬਤੀਤ ਕੀਤਾ।

ਸਰਦਾਰ ਸੁਰਜਾ ਸਿੰਘ ਦਾ ਤੀਜਾ ਪੁੱਤ੍ਰ ਸਰਦਾਰ ਨਾਹਰ ਸਿੰਘ ਮਾਨ ਨੇ ਵੀ ਆਪਣੇ ਘਰਾਣੇ ਦੇ ਹੋਰ ਬੀਰਾਂ ਵਾਂਗ ਖਾਲਸਾ ਕੌਮ ਦੀ ਰਾਜਸੀ ਸੇਵਾ ਵਿਚ ਵਧ ਕੇ ਹਿੱਸਾ ਲਿਆ, ਪਰ ਇਹ ਅਜੇ ਜੁਆਨ ਹੀ ਸੀ ਕਿ ਇਸ ਸੰਸਾਰ ਤੋਂ ਕੂਚ ਕਰ ਗਿਆ।

ਇਸ ਸਰਦਾਰ ਦੇ ਤਿੰਨ ਪੁੱਤ੍ਰ ਸਰਦਾਰ ਅਤਰ ਸਿੰਘ, ਰਤਨ ਸਿੰਘ ਤੇ ਬਘੇਲ ਸਿੰਘ ਮਾਨ ਨੇ ਖਾਲਸਾ ਫ਼ੌਜ ਵਿਚ ਵੱਡਾ ਨਾਮਣਾ ਪਾਇਆ। ਇਨ੍ਹਾਂ ਵਿਚੋਂ ਵੱਡਾ ਅਤਰ ਸਿੰਘ ਤਾਂ ਯੁਵਾ ਅਵਸਥਾ ਵਿਚ ਹੀ ਚੜ੍ਹਾਈ ਕਰ ਗਿਆ।

## ਜਰਨੈਲ ਰਤਨ ਸਿੰਘ

ਸਰਦਾਰ ਰਤਨ ਸਿੰਘ ਜਰਨੈਲ ਦੇ ਅਹੁਦੇ ਪਰ ਪੁਜਾ। ਆਪ ਬਾਰੇ ਸਾਰੀ ਫ਼ੌਜ ਜਾਣਦੀ ਸੀ ਕਿ ਇਹ ਮੈਦਾਨ ਜੰਗ ਵਿਚ, ਜਦ ਕਿ ਗੋਲੀਆਂ ਦਾ ਮੋਲ੍ਹੇ ਧਾਰ ਮੀਂਹ ਵਰ੍ਹ ਰਿਹਾ ਹੁੰਦਾ ਸੀ, ਤਦ ਇਹ ਮਸਤ ਹਾਥੀ ਦੀ ਤਰ੍ਹਾਂ, ਛਾਤੀ ਤਾਣ ਕੇ ਵੈਰੀਆਂ ਪਰ ਧਾਵਾ ਕਰਨ ਵਿਚ ਸਭ ਤੋਂ ਅਗੇ ਹੁੰਦਾ ਸੀ, ਉਸ ਸਮੇਂ ਇਹ ਐਸੀ ਨਿਡਰਤਾ ਨਾਲ ਆਪਣੀ ਦੁਸ਼ਟ-ਦਾਮਨੀ ਚਲਾਂਦਾ ਹੁੰਦਾ ਸੀ ਕਿ ਵੈਰੀਆਂ ਵਲੋਂ ਜੋ ਵੀ ਸਾਹਮਣੇ ਆਇਆ, ਗਾਜਰ ਮੂਲੀ ਵਤ ਉਸ ਦੇ ਟੁਕੜੇ ਉਡਾ ਦੇਂਦਾ ਹੁੰਦਾ ਸੀ।

## ਮਾਂਗਲੀ ਦੀ ਫ਼ਤਹ ਤੇ ਸਰਦਾਰ ਰਤਨ ਸਿੰਘ

ਮਾਂਗਲੀ ਪਰਗਨਾ ਹਜ਼ਾਰੇ ਵਿਚ ਇਕ ਪ੍ਰਸਿੱਧ ਘਾਟੀ ਹੈ। ਇਸ ਦੇ ਖੰਡਰ ਅਜੇ ਤਕ ਉਸ ਸੜਕ ਦੇ ਕੰਢੇ ਉਪਰ ਮੌਜੂਦ ਹਨ ਜਿਹੜੀ ਹਜ਼ਾਰੇ ਵਿਚੋਂ ਕਸ਼ਮੀਰ ਨੂੰ ਜਾਂਦੀ ਹੈ। ਕਿਸੇ ਸਮੇਂ ਇਹ ਘਾਟੀ ਵੱਡੀ ਖ਼ਤਰਨਾਕ ਸਮਝੀ ਜਾਂਦੀ ਸੀ। ਸਰਦਾਰ ਹਰੀ ਸਿੰਘ ਨਲੂਆ ਜਦ ਨਵੰਬਰ ਸੰਨ ੧੮੨੧ ਨੂੰ ਕਸ਼ਮੀਰ ਦੀ ਸਫਲ ਗਵਰਨਰੀ ਦੇ ਉਪਰੰਤ, ਸ਼ੇਰਿ ਪੰਜਾਬ ਨਾਲ ਮਨਕੇਰੇ ਦੀ ਮੁਹਿੰਮ ਵਿਚ ਮਿਲਣ ਲਈ ਇਸੇ ਰਾਹ ਕਸ਼ਮੀਰ ਤੋਂ ਆ ਰਹੇ ਸਨ, ਪਤਾ ਲਗਾ ਕਿ ਮਾਂਗਲੀ ਦੇ ਗੁਜ਼ਰ ਪਰ ੩੦,੦੦੦ ਜਦੂਨ[1] ਤੇ ਤਨਾਵਲੀ ਆਦਿ ਖਾਲਸੇ ਨਾਲ ਲੜਨ ਲਈ ਤਿਆਰ ਖੜੋਤੇ ਹਨ। ਸਰਦਾਰ ਹਰੀ ਸਿੰਘ ਨੇ ਆਪਣੇ ਸਦਾ ਦੇ ਰਵਈਏ ਅਨੁਸਾਰ ਪਹਿਲਾਂ ਯਤਨ ਕੀਤਾ ਕਿ ਕਿਸੇ ਤਰ੍ਹਾਂ ਬਿਨਾਂ ਖ਼ੂਨ ਖਰਾਬੇ ਦੇ ਰਸਤਾ ਮਿਲ ਜਾਏ ਪਰ ਆਪ ਦੀ ਨੇਕ ਰਾਇ ਵਲ ਗਾਜ਼ੀਆਂ ਜੋਸ਼ ਦੀ ਲਹਿਰ ਵਿਚ ਕੋਈ ਧਿਆਨ ਨਾ ਦਿਤਾ[2] ਛੇਕੜ ਲਾਚਾਰ ਹੋਕੇ ਆਪਣੀ ੭੦੦੦ ਖਾਲਸਾ ਫੌਜ ਨਾਲ ੩੦੦੦੦ ਗ਼ਨੀਮ ਦੇ ਲਸ਼ਕਰ ਪਰ ਧਾਵਾ ਬੋਲ ਦਿੱਤਾ[3]।

---

1. ਪੁਰਾਤਨ ਇਤਿਹਾਸ ਦਸਦਾ ਹੈ ਕਿ ਜਦੂਨ ਉਨ੍ਹਾਂ ਜਾਦੋਬੰਸੀਆਂ ਵਿਚੋਂ ਹਨ ਜਿਹੜੇ ੧੧੦੦ ਸਾਲ ਮਸੀਹ ਤੋਂ ਪਹਿਲਾਂ ਗੁਜਰਾਤ ਕਾਠੀਆਵਾੜ ਤੋਂ ਨਿਕਲ ਕੇ ਇਸ ਇਲਾਕੇ ਵਿਚ ਆ ਵਸੇ ਸਨ। ਜਾਦੋਬੰਸੀਆਂ ਦੇ ਬੋਲ ਚਾਲ ਵਿਚ ਕੁਝ ਬਦਲੀ ਆ ਜਾਣ ਨਾਲ ਜਦੂਲ ਬਣ ਗਿਆ।
2. ਮੌਲਵੀ ਮੀਰਾਂ ਬਖਸ਼, ਤਵਾਰੀਖ ਸੂਬਾ ਸਰਹੱਦੀ ਸਫਾ ੧੬੮ ।
3. ਮਿਸਟਰ ਵਾਟਸਨ, ਹਜ਼ਾਰਾ ਰੀਪੋਰਟ ਸਫਾ ੧੨੭ ।



Sri Satguru Jagjit Singh Ji eLibrary NamdhariElibrary@gmail.com

## ਸਰਦਾਰ ਰਤਨ ਸਿੰਘ ਦਾ ਫੱਟੜ ਹੋਣਾ

ਇਸ ਸਮੇਂ ਹਰ ਇਕ ਖਾਲਸੇ ਨੇ ਆਪਣੀ ਤਲਵਾਰ ਦਾ ਜ਼ੋਰ ਇਕ ਦੂਜੇ ਤੋਂ ਵਧ ਵਧ ਕੇ ਦਸਿਆ। ਪਰ ਅਸੀਂ ਹੋਰਨਾਂ ਦੇ ਕਾਰਨਾਮੇ ਛੱਡ ਕੇ ਕੇਵਲ ਸ: ਰਤਨ ਸਿੰਘ ਮਾਨ ਦਾ ਹਾਲ ਲਿਖਦੇ ਹਾਂ ਆਪ ਨੇ ਇਸ ਸਮੇਂ ਆਪਣੇ ਜੀਵਨ ਤੋਂ ਹੱਥ ਧੋਕੇ ਕੌਮੀ ਜੋਸ਼ ਵਿਚ ਆਪਣੇ ਬਹਾਦਰ ਸਵਾਰਾਂ ਨਾਲ ਵੈਰੀਆਂ ਪਰ ਐਸਾ ਅਠੱਲ ਹੱਲਾ ਕੀਤਾ ਕਿ ਮਾਨੋ ਕੜਕਦੀ ਹੋਈ ਬਿਜਲੀ ਅਕਾਸ਼ ਤੋਂ ਟੁੱਟ ਕੇ ਆ ਪਈ। ਇਸ ਸਮੇਂ ਜੋ ਭਾਗ ਹੀਣ ਆਪ ਦੇ ਸਾਹਮਣੇ ਆਇਆ ਤਲਵਾਰ ਦੀ ਧਾਰ ਤੋਂ ਪਾਰ ਕਰ ਦਿਤਾ ਗਿਆ। ਉਸ ਦਿਨ ਆਪ ਐਸੀ ਗਹਿ-ਗਚ ਲੜਾਈ ਲੜੇ ਜਿਸਦੀ ਨਜ਼ੀਰ ਕਦੇ ਕਦੇ ਮਿਲਦੀ ਹੈ। ਮਾਨ ਸਰਦਾਰ ਇਸ ਤਰ੍ਹਾਂ ਮਾਰੋ ਮਾਰ ਗ਼ਨੀਮ ਨੂੰ ਅਗੇ ਦਬਾਂਦਾ ਹੋਇਆ ਦੂਰ ਤਕ ਨਿਕਲ ਗਿਆ। ਇਸ ਸਮੇਂ ਸਰਦਾਰ ਰਥਨ ਸਿੰਘ ਇਕ ਜੋਸ਼ੀਲੇ ਗ਼ਾਜ਼ੀ ਨਾਲ ਹੱਥ-ਪਲਥੇ ਦੇ ਦਾਉ ਕਰ ਰਿਹਾ ਸੀ ਤਾਂ ਨਾਲ ਦੇ ਇਕ ਹੋਰ ਜਦੂਨ ਨੇ ਆਪ ਪਰ ਤਲਵਾਰ ਦਾ ਐਸਾ ਤੁਲਵਾਂ ਵਾਰ ਕੀਤਾ ਕਿ ਆਪ ਦਾ ਖੱਬਾ ਮੋਢਾ ਦੂਰ ਤਕ ਵਢਿਆ ਗਿਆ। ਸਰਦਾਰ ਨੇ ਇਸ ਹਾਲਤ ਵਿਚ ਆਪਣਾ ਘੋੜਾ ਦਬਾ ਕੇ ਉਸ ਨੂੰ ਤਾਂ ਉਥੇ ਹੀ ਖੇਤ ਰਖਿਆ ਅਤੇ ਆਪ ਉਸੇ ਤਰ੍ਹਾਂ ਆਪਣੇ ਸਵਾਰਾਂ ਨੂੰ ਅੱਗੇ ਵਧਾਈ ਚਲੇ ਗਏ। ਦੂਜੇ ਬੰਨਿਓਂ ਸਰਦਾਰ ਹਰੀ ਸਿੰਘ ਵੈਰੀਆਂ ਦਾ ਸਫਾਇਆ ਕਰਦਾ ਹੋਇਆ ਜਦ ਮਾਨ ਸਰਦਾਰ ਦੀ ਫੌਜ ਨਾਲ ਆ ਮਿਲਿਆ ਤਦ ਆਪ ਦੇ ਲਹੂ ਵਿਚ ਡੁਬ ਹੋਏ ਕਪੜੇ ਤੇ ਫੱਟ ਦੇਖ ਕੇ ਹੈਰਾਨ ਰਹਿ ਗਿਆ ਕਿ ਐਨੇ ਡੂੰਘੇ ਫੱਟ ਦੇ ਹੁੰਦਿਆਂ ਵੀ ਆਪ ਗ਼ਨੀਮ ਨੂੰ ਉਸੇ ਤਰ੍ਹਾਂ ਅਗੇ ਦਬਾਈ ਲੈ ਜਾ ਰਹੇ ਸਨ।

ਇਸ ਵਿਚ ਸ਼ੱਕ ਨਹੀਂ ਕਿ ਦਲੇਰ ਜਦੂਨੀ ਅੱਜ ਦੀ ਲੜਾਈ ਵਿਚ ਬੜੀ ਬਹਾਦਰੀ ਨਾਲ ਲੜੇ ਸਨ ਅਤੇ ਆਪਣੇ ਦੇਸ਼ ਪਿਆਰ ਵਿਚ ਹਜ਼ਾਰਾਂ ਨੇ ਆਪਣੇ ਨੂੰ ਕੁਰਬਾਨ ਕਰ ਦਿਤਾ। ਪਰ ਛੇਕੜ ਖਾਲਸੇ ਦੇ ਅਥਾਹ ਜੋਸ਼ ਅੱਗੇ ਨਾ ਠਹਿਰ ਸਕੇ। ਮੈਦਾਨ ਜੰਗ ਵਿਚੋਂ ਇਨ੍ਹਾਂ ਦੇ ਪੈਰ ਥਿੜਕਦਿਆਂ ਹੀ ਇਨ੍ਹਾਂ ਚਿੱਟਾ ਝੰਡਾ ਝੁਲਾ ਦਿੱਤਾ ਜੋ ਵੈਰੀ ਦੇ ਸਲਾਮੀ ਹੋਣ ਦੀ ਨਿਸ਼ਾਨੀ ਹੁੰਦਾ ਹੈ। ਉਂਝ ਖਾਲਸੇ ਦਾ ਇਨ੍ਹਾਂ ਨਾਲ ਕੋਈ ਜ਼ਾਤੀ ਵੈਰ ਤਾਂ ਹੈ ਹੀ ਨਹੀਂ ਸੀ, ਉਸੇ ਵਕਤ ਖਾਲਸਾ ਫੌਜ ਨੂੰ ਲੜਾਈ ਬੰਦ ਕਰਨ ਦਾ ਹੁਕਮ ਦਿੱਤਾ ਗਿਆ ਅਤੇ ਅੱਜ ਦੀ ਇਹ ਇਤਿਹਾਸਕ ਲੜਾਈ ਖਾਲਸੇ ਦੇ ਹੱਕ ਵਿਚ ਖਤਮ ਹੋਈ। ਮੈਦਾਨ ਵਿਚੋਂ ਬਹੁਤ ਸਾਰੇ ਸਾਮਾਨ ਜੰਗ ਦੇ ਹੱਥ ਔਣ ਤੋਂ ਬਿਨਾਂ ਸਰਦਾਰ ਹਰੀ ਸਿੰਘ ਨੇ ਇਨ੍ਹਾਂ ਨੂੰ ਸਿਖਿਆ ਦੇਣ ਲਈ ਪੰਜ ਰੁਪਏ ਫੀ ਘਰ ਜੰਗ ਦੀ ਚੱਟੀ ਇਨ੍ਹਾਂ ਤੋਂ ਵਸੂਲ ਕੀਤੀ[1] ਇਹ ਗੱਲ ੨੫ ਕੱਤਕ ਸੰ: ੧੮੭੮ ਬਿ: ਮੁਤਾਬਕ ੧੦ ਨਵੰਬਰ ੧੮੨੧ ਦੀ ਹੈ।

## ਸ਼ੇਰਿ ਪੰਜਾਬ ਦੀ ਪ੍ਰਸੰਨਤਾ

ਸਰਦਾਰ ਹਰੀ ਸਿੰਘ ਨੇ ਹੁਣ ਸਰਦਾਰ ਰਤਨ ਸਿੰਘ ਨੂੰ ਜੰਗੀ ਡੋਲੀ ਵਿਚ ਪੁਵਾ ਕੇ ਆਪਣੇ ਡੇਰੇ ਲੈ ਆਂਦਾ। ਅਗਲੇ ਦਿਨ ਹੋਰ ਜ਼ਖਮੀਆਂ ਦੇ ਨਾਲ ਆਪ ਨੂੰ ਵੀ ਸ੍ਰੀ ਪੰਜੇ ਸਾਹਿਬ

1. ਮੌਲਾਨਾ ਮੀਰ ਅਹਿਮਦ ਤਵਾਰੀਖ ਸਰਹੱਦੀ ਦੇ ਸਫਾ ੧੫੮ ਪਰ ਲਿਖਦਾ ਹੈ ਕਿ ਇਸ ਲੜਾਈ ਵਿਚ ੨੦੦੦ ਗ਼ਾਜ਼ੀ ਸ਼ਹੀਦ ਹੋਏ।



Sri Satguru Jagjit Singh Ji eLibrary NamdhariElibrary@gmail.com

(ਹਸਨ ਅਬਦਾਲ) ਦੇ ਕੈਂਪ ਵਿਚ ਭਿਜਵਾ ਦਿੱਤਾ। ਜਿਥੇ ਆਪ ਦਾ ਫੱਟ ਛੇਤੀ ਹੀ ਮੌਲ ਆਇਆ ਅਤੇ ਆਪ ਮੁੜ ਤਿਆਰ ਬਰ ਤਿਆਰ ਹੋ ਕੇ ਆਪਣੇ ਕੰਮ ਵਿਚ ਲੱਗ ਪਏ।

ਸਰਦਾਰ ਹਰੀ ਸਿੰਘ ਨੇ ਜਦ ਸ਼ੇਰਿ ਪੰਜਾਬ ਨਾਲ ਸਰਦਾਰ ਰਤਨ ਸਿੰਘ ਮਾਨ ਦੀ ਬੀਰਤਾ ਦਾ ਜ਼ਿਕਰ ਕੀਤਾ ਜੋ ਆਪ ਨੇ ਇਸ ਜੰਗ ਵਿਚ ਦੱਸੀ ਸੀ ਤਾਂ ਸਰਕਾਰ ਨੇ ਅਤਿ ਪ੍ਰਸੰਨ ਹੋ ਕੇ ਆਪ ਨੂੰ ਵੱਡੀ ਜਾਗੀਰ ਬਖਸ਼ੀ ਤੇ ਅਹੁਦਾ ਵੀ ਹੋਰ ਵਧਾ ਦਿੱਤਾ।

ਸਰਦਾਰ ਰਤਨ ਸਿੰਘ ਦਾ ਦੂਜਾ ਭਾਈ ਸਰਦਾਰ ਬਘੇਲ ਸਿੰਘ ਖਾਲਸਾ ਫੌਜ ਵਿਚ ਵੱਡੀ ਜ਼ਿਮੇਂਵਾਰੀ ਦੇ ਅਹੁਦੇ ਪਰ ਸੀ। ਇਹ ਸ਼ੇਰਿ ਪੰਜਾਬ ਦੇ ਚਲਾਣੇ ਦੇ ਉਪ੍ਰੰਤ ਵੀ ਉਸੇ ਤਰ੍ਹਾਂ ਖਾਲਸਾ ਰਾਜ ਦੀ ਫੌਜੀ ਸੇਵਾ ਕਰਦੇ ਰਹੇ।

## ਬਹਾਦਰ ਸਰਦਾਰ ਪਹਾੜ ਸਿੰਘ ਮਾਨ

ਮੁਗ਼ਲ ਚੱਕ ਦੇ ਮਾਨ-ਯੋਗ ਮਾਨ-ਸਰਦਾਰਾਂ ਵਿਚੋਂ ਹੁਣ ਅਸੀਂ ਇਕ ਹੋਰ ਸ਼ਖਸੀਅਤ ਦਾ ਹਾਲ ਲਿਖਦੇ ਹਾਂ ਜਿਹੜਾ ਉਮਰ ਵਿਚ ਤਾਂ ਭਾਵੇਂ ਸਰਦਾਰ ਸੁਰਜਾ ਸਿੰਘ ਦੇ ਸਾਰਿਆਂ ਪੁਤਾਂ ਤੋਂ ਨਿੱਕਾ ਸੀ ਪਰ ਭਾਗਾਂ ਤੇ ਗੁਣਾਂ ਵਿਚ ਸਭ ਤੋਂ ਵੱਡਾ। ਇਸ ਦਾ ਫਖ਼ਰਯੋਗ ਨਾਮ ਸਰਦਾਰ ਪਹਾੜ ਸਿੰਘ ਸੀ। ਠੀਕ ਜਿਸ ਤਰ੍ਹਾਂ ਇਸ ਦਾ ਨਾਮ ਪਹਾੜ ਸਿੰਘ ਸੀ ਇਸੇ ਤਰ੍ਹਾਂ ਇਸ ਦਾ ਦਿਲ ਵੀ ਚਟਾਨ ਵਤ ਅਡੋਲ ਸੀ। ਇਹ ਆਪਣੇ ਨਾਲੋਂ ਕਈ ਕਈ ਗੁਣਾਂ ਵਧ ਵੈਰੀਆਂ ਨੂੰ ਚਿੜੀਆਂ ਸਮਝਕੇ ਬਾਜ਼ ਦੀ ਤਰ੍ਹਾਂ ਉਨ੍ਹਾਂ ਪਰ ਲਪਕਦਾ ਹੁੰਦਾ ਸੀ ਅਤੇ ਇਸ ਸਮੇਂ ਜੋ ਵੀ ਆਪ ਦੇ ਸਾਹਮਣੇ ਆਉਂਦਾ ਆਪਣਾ ਆਪ ਤਬਾਹ ਕਰ ਲੈਂਦਾ। ਆਪ ਨੂੰ ਇਸ ਗੱਲ ਦਾ ਮਾਨ ਪ੍ਰਾਪਤ ਸੀ, ਕਿ ਆਪ ਨੂੰ ਸ਼ੇਰਿ ਪੰਜਾਬ ਦੀਆਂ ਤਿੰਨਾਂ ਪੀੜ੍ਹੀਆਂ ਨਾਲ ਮਿਲਕੇ, ਆਪਣੀ ਕਦੇ ਖੁੰਡੀ ਨਾ ਹੋਣ ਵਾਲੀ ਸ਼ਮਸ਼ੇਰ ਦੇ ਜੌਹਰ ਦਸਣ ਦਾ ਸਮਾਂ ਮਿਲਿਆ ਸੀ। ਸਰਦਾਰ ਚੜ੍ਹਤ ਸਿੰਘ ਸੁਕ੍ਰਚਕੀਏ ਨਾਲ ਆਪਣੀ ਪਹਿਲੀ ਉਮਰ ਵਿਚ, ਸਰਦਾਰ ਮਹਾਂ ਸਿੰਘ ਨਾਲ ਭਰ ਜਵਾਨੀ ਦੇ ਸਮੇਂ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ, ਖਾਲਸਾ ਰਾਜ ਦੀ ਉਸਾਰੀ ਦੇ ਪਹਿਲੇਂ ਸੰਗ੍ਰਾਮਾਂ ਵਿਚ ਵਧ ਵਧ ਕੇ ਇਸ ਹਿੱਸਾ ਲਿਆ ਸੀ। ਲਾਹੌਰ ਪਰ ਕਬਜ਼ਾ ਕਰਨ ਸਮੇਂ ਸਰਦਾਰ ਪਹਾੜ ਸਿੰਘ ਸਣੇ ਆਪਣੇ ਤਿੰਨਾਂ ਹੋਰ ਭਾਈਆਂ ਸਰਦਾਰ ਜੈ ਸਿੰਘ, ਸਰਦਾਰ ਮਾਨਾ ਸਿੰਘ ਅਤੇ ਸਰਦਾਰ ਨਾਹਰ ਸਿੰਘ ਦੇ ਮੌਜੂਦ ਸੀ।

## ਅਦੁਤੀ ਨਿਰਭੈਤਾ ਦਾ ਕਾਰਨਾਮਾ

ਕਸੂਰ ਦੀ ਫਤਹ ਸਮੇਂ ਆਪ ਨੇ ਵੱਡੀ ਸੂਰਮਤਾ ਦੱਸੀ ਜਿਸ ਨੂੰ ਦੇਖਕੇ ਸ਼ੇਰਿ ਪੰਜਾਬ ਇਨ੍ਹਾਂ ਪਰ ਬੜਾ ਪ੍ਰਸੰਨ ਹੋਇਆ ਤੇ ਆਪ ਨੂੰ ਵੱਡੀ ਜਾਗੀਰ ਬਖਸ਼ੀ। ਇਸਦੇ ਉਪ੍ਰੰਤ ਨਰੈਣ ਗੜ੍ਹ ਦੀ ਪ੍ਰਸਿਧ ਲੜਾਈ ਜਿਹੜੀ ਮੀਆਂ ਕਿਸ਼ਨ ਸਿਹੁੰ ਨਾਲ ਲੜੀ ਗਈ ਸੀ ਜਿਸ ਵਿਚ ਆਪ ਨੇ ਆਪਣਾ ਸਿਰ ਤਲੀ ਪਰ ਰੱਖਕੇ ਇਕ ਐਸਾ ਕਾਰਨਾਮਾ ਕੀਤਾ ਜਿਸ ਨਾਲ ਸਾਰੇ ਹੈਰਾਨ ਰਹਿ ਗਏ ਸਨ। ਉਹ ਇਸ ਤਰ੍ਹਾਂ ਸੀ ਕਿ ਜਦ ਕਰੜੀ ਲੜਾਈ ਦੇ ਬਾਅਦ ਕਿਲ੍ਹਾ ਫ਼ਤਹ ਹੋ ਗਿਆ ਤੇ ਸਰਦਾਰ ਫਤਹ ਸਿੰਘ ਕਾਲਿਆਂ ਵਾਲੇ ਇਸ ਪਰ ਆਪਣਾ ਪਕਾ ਕਬਜ਼ਾ ਜਮਾ ਰਹੇ ਸਨ ਤਾਂ ਕਿਲ੍ਹੇ ਦੇ ਇਕ ਬੁਰਜ ਵਿਚੋਂ ਕੁਝ ਲੁਕੇ ਹੋਏ ਪਹਾੜੀਆਂ ਨੇ ਸਰਦਾਰ ਨੂੰ ਗੋਲੀ ਮਾਰ ਕੇ ਫੱਟੜ ਕਰ ਦਿੱਤਾ। ਇਸ ਸਮੇਂ ਸ: ਪਹਾੜ ਸਿੰਘ ਆਪਣੀ ਤਲਵਾਰ ਧੂਹ ਕੇ ਭੱਜਦੇ ਹੋਏ

---

1. ਹਜ਼ਾਰਾ ਗਜ਼ਟੀਅਰ, ਸਫਾ ੧੨੦, ਮੌਲਾਨਾ ਮੀਰ ਅਹਿਮਦ ਤਵਾਰੀਖ ਸੂਬਾ ਸਰਹੱਦੀ ਸਫਾ ੧੭੯।



Sri Satguru Jagjit Singh Ji eLibrary NamdhariElibrary@gmail.com

ਉਸ ਬੁਰਜ ਵਿਚ ਜਾ ਵੜੇ ਜਿਹੜਾ ਵੱਡੇ ਖ਼ਤਰੇ ਦਾ ਕੰਮ ਸੀ - ਅਤੇ ਜਾਂਦੇ ਹੀ ਆਪ ਨੇ ਐਸੀ ਵਰਿਯਾਮਤਾ ਦੱਸੀ ਕਿ ਇਨ੍ਹਾਂ ਦੋਵਾਂ ਵੈਰੀਆਂ ਨੂੰ ਫੜ ਕੇ ਬੁਰਜ ਤੋਂ ਹੇਠਾਂ ਧੂਹ ਲਿਆਂਦਾ ਅਤੇ ਸਰਦਾਰ ਫਤਹ ਸਿੰਘ ਦੀਆਂ ਅੱਖਾਂ ਦੇ ਸਾਹਮਣੇ ਇਨ੍ਹਾਂ ਖ਼ੂਨੀਆਂ ਦੇ ਡੱਕਰੇ ਡੱਕਰੇ ਕਰ ਦਿੱਤੇ। ਇਸ ਨਿਰਭੈਤਾ ਬਦਲੇ ਸ਼ੇਰਿ ਪੰਜਾਬ ਨੇ ਆਪ ਨੂੰ ਬਹੁ-ਮੁਲੀ ਖਿਲਤ ਤੇ ਵੱਡੀ ਜਾਗੀਰ ਬਖ਼ਸ਼ੀ। ਇਹ ਗੱਲ ੧੫ ਅਕਤੂਬਰ ਸੰ: ੧੮੦੭ ਦੀ ਹੈ।

ਇਸ ਦੇ ਉਪ੍ਰੰਤ ਇਲਾਕਾ ਖੁਸ਼ਾਬ ਨੂੰ ਫਤਰ ਕਰਨ ਸਮੇਂ ਆਪ ਨੇ ਸ਼ੇਰਿ ਪੰਜਾਬ ਦੇ ਸਾਹਮਣੇ ਉਹ ਨਿਰਭੈਤਾ ਦੱਸੀ ਜਿਸ ਦੇ ਕਾਰਨ ਆਪ ਸਦਾ ਲਈ ਸਰਦਾਰ ਦੀ ਕ੍ਰਿਪਾ ਦੇ ਪਾਤਰ ਬਣ ਗਏ।

## ਜੀਵਨ ਦਾ ਛੇਕੜਲਾ ਸੰਗ੍ਰਾਮ

ਸੰਨ ੧੮੧੩ ਵਾਲੀ ਅਟਕ ਦੀ ਭਿਆਨਕ ਲੜਾਈ, ਜਿਸ ਦੀ ਫਤਹ ਨਾਲ ਪੰਜਾਬ ਵਿਚੋਂ ਅਫ਼ਗਾਨਾਂ ਦੀ ਹਕੂਮਤ ਦਾ ਖਾਲਸੇ ਨੇ ਖਾਤਮਾ ਕਰ ਦਿੱਤਾ ਸੀ[1] ਇਸ ਸਮੇਂ ਸਰਦਾਰ ਪਹਾੜ ਸਿੰਘ ਨੇ ਸਣੇ ਆਪਣੇ ਭਤੀਜਿਆਂ ਦੇ ਆਪਣੀ ਤਲਵਾਰ ਦੇ ਐਸੇ ਜੌਹਰ ਦੱਸੇ ਸਨ ਜੋ ਸਿਖ ਇਤਿਹਾਸ ਵਿਚ ਸਦਾ ਲਈ ਆਪ ਦੇ ਨਾਮ ਨੂੰ ਜੀਊਂਦਾ ਰੱਖਣਗੇ।

ਸ਼ੇਰਿ ਪੰਜਾਬ ਨੇ ਜਦ ਆਪ ਦੀ ਇਸ ਸ਼ਾਨਦਾਰ ਬਹਾਦਰੀ ਦੇ ਕਰਤਵ ਦਾ ਹਾਲ ਸੁਣਿਆ ਤਾਂ ਆਪ ਦੀ ਇੱਜ਼ਤ ਵਧਾਣ ਲਈ ਆਪ ਨੂੰ ਹੋਰ ਨਵੀਂ ਜਾਗੀਰ ਬਖਸ਼ੀ। ਇਸ ਜਾਗੀਰ ਨੂੰ ਪਹਿਲੀ ਨਾਲ ਮਿਲਾਕੇ ਹੁਣ ਆਪ ਦੀ ਸਾਲਾਨਾ ਆਮਦਨੀ ੨੦੦੦੦੦ ਰੁਪਏ ਤੋਂ ਕੁਝ ਵਧ ਸੀ।

ਬਹਾਦਰ ਸਰਦਾਰ ਪਹਾੜ ਸਿੰਘ ਇਸੇ ਸਾਲ ਅਖੀਰ ਦਸੰਬਰ ੧੮੧੩ ਨੂੰ ਆਪਣੇ ਬੇਗਿਣਤ ਦੋਸਤਾਂ ਮਿੱਤਰਾਂ ਨੂੰ ਵਿਛੋੜਾ ਦੇ ਕੇ ਇਸ ਸੰਸਾਰ ਤੋਂ ਕੂਚ ਕਰ ਗਿਆ।

## ਹਰੀ ਸਿੰਘ ਮਾਨ ਸਰਦਾਰ ਹੁਕਮਾ ਸਿੰਘ ਦੀ ਸੌਂਪਣੀ ਵਿਚ

ਆਪ ਆਪਣੇ ਪਿਛੇ ਇਕ ਨਿੱਕੀ ਉਮਰ ਦਾ ਇਕਲੌਤਾ ਪੁੱਤ੍ਰ ਜਿਸ ਦਾ ਨਾਮ ਹਰੀ ਸਿੰਘ ਸੀ ਛੱਡ ਗਏ। ਚੂੰਕਿ ਸ਼ੇਰਿ ਪੰਜਾਬ ਦਾ ਮਨ ਸਰਦਾਰ ਪਹਾੜ ਸਿੰਘ ਦੀਆਂ ਖਾਲਸਾ ਰਾਜ ਦੀ ਉਸਾਰੀ ਲਈ ਕੀਤੀਆਂ ਘਾਲਾਂ ਦੀ ਕਦਰ ਨਾਲ ਭਰਪੂਰ ਸੀ ਇਸ ਲਈ ਆਪ ਨੇ ਨਾ ਕੇਵਲ ਇਸ ਬੱਚੇ ਨੂੰ ਆਪਣੇ ਪਿਤਾ ਦੀ ਸਾਰੀ ਜਾਗੀਰ ਹੀ ਦੇ ਦਿਤੀ, ਸਗੋਂ ਆਪ ਦੀ ਪ੍ਰਿਤਪਾਲਣਾ, ਵਿਦਿਆ ਤੇ ਜੰਗੀ ਹੁਨਰ ਦੀ ਸਿਖਲਾਈ ਦਾ ਕੰਮ ਖਾਲਸਾ ਫੌਜ ਦੇ ਇਕ ਐਸੇ ਚੋਣਵੇਂ ਜਰਨੈਲ ਦੀ ਸੌਂਪਣੀ ਵਿਚ ਦਿਤਾ ਜੋ ਆਪਣੇ ਸਮੇਂ ਦਾ ਵੱਡਾ ਕਾਮਯਾਬ ਮੰਨਿਆ ਜਾਂਦਾ ਸੀ, ਇਸ ਦਾ ਨਾਮ ਸਰਦਾਰ ਹੁਕਮਾ ਸਿੰਘ ਚਿਮਨੀ ਸੀ। ਇਸ ਤਰ੍ਹਾਂ ਮਹਾਰਾਜਾ ਸਾਹਿਬ ਨੇ ਮਾਨ ਘਰਾਣੇ ਦੇ ਸਰਦਾਰਾਂ ਨਾਲ ਆਪਣੇ ਦਿਲੀ ਪ੍ਰੇਮ ਦਾ ਵੱਡਾ ਸਬੂਤ ਦਿਤਾ।

ਜਿਹਾ ਕਿ ਅਸੀਂ ਉਪਰ ਲਿਖ ਆਏ ਹਾਂ ਸਰਦਾਰ ਹੁਕਮਾ ਸਿੰਘ ਚਿਮਨੀ ਖਾਲਸਾ ਫੌਜ ਦੇ ਉੱਚੇ ਜਰਨੈਲਾਂ ਵਿਚੋਂ ਇਕ ਸੀ। ਆਪ ਨੇ ਥੋਹੜੇ ਸਾਲਾਂ ਵਿਚ ਹੀ ਇਸ ਬੱਚੇ ਦੇ ਜੀਵਨ ਨੂੰ ਐਸੇ ਸੱਚੇ ਵਿਚ ਢਾਲ ਦਿਤਾ ਕਿ ਜੋ ਕੁਝ ਚਿਮਨੀ ਸਰਦਾਰ ਨੇ ਸਾਰੀ ਉਮਰ ਕਰੜੀਆਂ

---

1. ਇਹ ਅਸਚਰਜ ਗੱਲ ਹੈ ਕਿ ਠੀਕ ਇਸੇ ਮੈਦਾਨ ਵਿਚ ਸੰਨ ੧੦੦੮ ਵਿਚ ਮਹਿਮੂਦ ਗ਼ਜ਼ਨਵੀ ਅਤੇ ਹਿੰਦ ਦੇ ਸੰਮਿਲਤ ਰਾਜਿਆਂ ਦੇ ਵਿਚਾਲੇ ਹਿੰਦ ਦੇ ਭਾਗਾਂ ਦਾ ਫ਼ੈਸਲਾ ਕਰਨ ਵਾਲੀ ਲੜਾਈ ਲੜੀ ਗਈ ਸੀ। ਜਿਸ ਵਿਚ ਮਹਿਮੂਦ ਦੀ ਫ਼ਤਹ ਹੋਈ। ਰਾਜਿਆਂ ਦੀ ੨੦੦੦੦ ਫੌਜ ਮਾਰੀ ਗਈ ਸੀ ਜਿਸ ਕਰਕੇ ਹਿੰਦ ਵਿਚੋਂ, ਹਿੰਦੂ ਰਾਜ ਦਾ ਅੰਤ ਹੋ ਗਿਆ ਅਤੇ ਉਸ ਦੀ ਥਾਂ ਇਸਲਾਮੀ ਹਕੂਮਤ ਕਾਇਮ ਹੋਈ। ਅਜ ਉਸੇ ਹੀ ਰਣਭੂਮੀ ਵਿਚ ਗੁਰੂ ਕੇ ਖਾਲਸੇ ਨੇ ਅਫ਼ਗਾਨਾਂ ਪਰ ਪੂਰੀ ਫ਼ਤਹ ਪਾ ਕੇ ਪੰਜਾਬ ਵਿਚੋਂ ਗੈਰ ਹਕੂਮਤ ਦਾ ਅੰਤ ਕਰ ਦਿਤਾ ਅਤੇ ਮੁੜ ੮੦੦ ਸਾਲ ਦੇ ਉਪਰੰਤ ਖਾਲਸਾ ਰਾਜ ਕਾਇਮ ਕੀਤਾ।



Sri Satguru Jagjit Singh Ji eLibrary NamdhariElibrary@gmail.com

ਘਾਲਾਂ ਘਾਲ ਕੇ ਸਿਖਿਆ ਸੀ ਉਨ੍ਹਾਂ ਨੂੰ ਸਾਰੇ ਉੱਚ ਗੁਣਾਂ ਵਿਚ ਇਸ ਨੌ-ਨਿਹਾਲ ਨੂੰ ਚੰਦ ਸਾਲਾਂ ਵਿਚ ਪੂਰਨ ਨਿਪੁੰਨ ਕਰ ਦਿੱਤਾ।

ਸਰਦਾਰ ਹਰੀ ਸਿੰਘ ਮਾਨ ਅਜੇ ੧੪ ਸਾਲਾਂ ਦਾ ਯੁਵਕ ਸੀ ਕਿ ਸ਼ੇਰਿ ਪੰਜਾਬ ਨੂੰ ਇਸ ਦੀ ਯੋਗਤਾ ਦੇਖਣ ਦਾ ਸਮਾਂ ਮਿਲਿਆ। ਆਪ ਨੂੰ ਹਰ ਪੱਖ ਵਿਚ ਸਭ ਤਰ੍ਹਾਂ ਯੋਗ ਸਮਝ ਕੇ ਉਸ ਨੂੰ ਆਪਣੇ ਪਿਤਾ ਦਾ ਅਹੁਦਾ ਫੌਜ ਵਿਚ ਦੇ ਦਿਤਾ ਅਤੇ ਸਰਕਾਰ ਹੁਕਮਾ ਸਿੰਘ ਚਿਮਨੀ ਪਰ, ਇਸ ਨੌਜੁਆਨ ਨਾਲ ਘਾਲ ਘਾਲਣ ਬਦਲੇ ਵੱਡੀ ਖ਼ੁਸ਼ੀ ਪ੍ਰਗਟ ਕੀਤੀ।

ਇਸ ਬਹਾਦਰ ਪਿਤਾ ਦੇ ਬੀਰ ਸਪੁੱਤ੍ਰ ਨੇ ਥੋੜੇ ਸਮੇਂ ਵਿਚ ਹੀ ਆਪਣੇ ਪਿਤਾ ਦੀ ਥਾਂ ਨੂੰ ਪੂਰੀ ਤਰ੍ਹਾਂ ਪੁਰ ਕਰ ਲਿਆ।

ਆਪ ਦਾ ਸਭ ਤੋਂ ਪਹਿਲਾ ਕਾਰਨਾਮਾ ਮੁਲਤਾਨ ਦੀ ੧੮੧੮ ਵਾਲੀ ਲੜਾਈ ਸਮੇਂ ਦੇਖਣ ਵਿਚ ਆਇਆ। ਜਦੋਂ ਆਪ ਵੱਡੇ ਵੱਡੇ ਪੁਰਾਣੇ ਤੇ ਹੰਢੇ ਹੋਏ ਬਹਾਦਰ ਜਰਨੈਲਾਂ ਨਾਲ ਕਿਲ੍ਹੇ ਦੇ ਪਾੜ ਵਿਚ, ਆਪਣੀ ਜੁਆਨੀ ਦੀ ਕੱਖ ਪਰਵਾਹ ਨਾ ਕਰਦਾ ਹੋਇਆ, ਧੈ ਵੜਿਆ ਸੀ ਅਤੇ ਉਹ ਕੁਝ ਕਰ ਦਸਿਆ ਜਿਸ ਨੂੰ ਦੇਖ ਕੇ ਮੈਦਾਨ ਜੰਗ ਦੇ ਪੁਰਾਣੇ ਖਿਲਾਰੀ ਭੀ ਦੰਗ ਰਹਿ ਗਏ ਸਨ। ਹੁਣ ਸਭ ਨੂੰ ਆਪ ਦੇ ਜੀਵਨ ਪਰ ਬੜੀਆਂ ਉੱਚੀਆਂ ਆਸਾਂ ਬੱਝ ਗਈਆਂ ਸਨ। ਪਰ ਬਿਧਨਾ ਦੀ ਗਤੀ ਨਿਆਰੀ ਹੈ। ਇਹ ਨੌ ਨਿਹਾਲ ਅਜੇ ੨੨ ਸਾਲ ਦੀ ਭਰ ਜਵਾਨੀ ਵਿਚ ਹੀ ਸੀ ਕਿ ਧੁਰ ਦਰਗਾਹ ਤੋਂ ਸੱਦਾ ਆ ਗਿਆ ਅਤੇ ਆਪ ਸਭ ਦੀਆਂ ਉਮੈਦਾਂ ਅੱਧ ਵਿਚਾਲੇ ਛਡ ਕੇ ਇਹ ਸਦਾ ਲਈ ਡੇਰਾ ਕੂਚ ਕਰ ਗਏ, ਇਹ ਗੱਲ ੧੮੨੧ ਦੀ ਹੈ।

ਜਿਸ ਤਰ੍ਹਾਂ ਸਰਦਾਰ ਹਰੀ ਸਿੰਘ ਮਾਨ ਆਪਣੇ ਪਿਤਾ ਤੋਂ ਇਆਣਾਂ ਬੱਚਾ ਰਹਿ ਗਿਆ ਸੀ ਇਸੇ ਤਰ੍ਹਾਂ ਇਹ ਵੀ ਆਪਣੇ ਪਿਛੇ ਦੋ ਨਿੱਕੇ ਨਿੱਕੇ ਬਾਲਕ-ਜਗਤ ਸਿੰਘ ਤੇ ਪ੍ਰਤਾਪ ਸਿੰਘ ਛੱਡ ਗਿਆ।

ਇਨ੍ਹਾਂ ਦੋਵਾਂ ਬੱਚਿਆਂ ਨੇ ਜਵਾਨ ਹੋਣ ਪਰ ਖਾਲਸਾ ਰਾਜ ਦੀ ਫ਼ੌਜੀ ਸੇਵਾ ਵਿਚ ਕਾਫ਼ੀ ਨਾਮ ਪਾਇਆ।

ਇਥੋਂ ਤਕ ਮੁਗ਼ਲ ਚੱਕ ਦੇ ਮਾਨ ਸਰਦਾਰਾਂ ਦੀ ਵਿਥਿਆ ਸੀ, ਹੁਣ ਅਸੀਂ ਸਰਹਾਲਾ (ਹੁਸ਼ਿਆਰਪੁਰ) ਦੇ ਮਾਨ ਸਰਦਾਰਾਂ ਦਾ ਬ੍ਰਿਤਾਂਤ ਦੇਂਦੇ ਹਾਂ।

## ਸਰਹਾਲੀਏ ਮਾਨ ਸਰਦਾਰ

ਇਨ੍ਹਾਂ ਉਪਰ ਲਿਖੇ ਮਾਨ ਸਰਦਾਰਾਂ ਦੇ ਘਰਾਣਿਆਂ ਤੋਂ ਛੁਟ ਇਕ ਹੋਰ ਸਰਦਾਰ ਦੀ ਖਾਲਸਾ ਰਾਜ ਦੇ ਉਸਰਈਏ ਵਿਚ ਵੱਡੀ ਪ੍ਰਸਿੱਧੀ ਹੈ, ਜਿਹੜੇ ਸਰਹਾਲਾ (ਹੁਸ਼ਿਆਰਪੁਰ) ਵਿਚ ਜਾ ਵੱਸੇ ਸਨ। ਇਨ੍ਹਾਂ ਵਿਚੋਂ ਸਰਦਾਰ ਕਾਹਨ ਸਿੰਘ ਮਾਨ[1] ਅਤੇ ਸਰਦਾਰ ਭਾਗ ਸਿੰਘ ਮਾਨ ਖਾਲਸਾ ਫ਼ੌਜ ਵਿਚ ਬੜੇ ਉਚੇ ਅਹੁਦਿਆਂ ਪਰ ਸੇਵਾ ਕਰਦੇ ਹੋਏ ਕਈ ਲੜਾਈਆਂ ਵਿਚ ਆਪਣੀ ਸੂਰਮ-ਗਤੀ ਦੇ ਕਾਰਨ ਵੱਡਾ ਨਾਮਣਾ ਪਾ ਚੁਕੇ ਸਨ। ਇਸ ਘਰਾਣੇ ਦੇ ਲਗਪਗ ਸਾਰੇ ਜਵਾਨ ਮਹਾਰਾਜਾ ਸਾਹਿਬ ਦੀ ਆਪਣੀ ਫੌਜੇ-ਖਾਸ (ਬਾਡੀ ਗਾਰਡ) ਵਿਚ ਜ਼ਿਮੇਂਵਾਰੀ ਦੇ ਅਹੁਦਿਆਂ ਪਰ ਨੀਯਤ ਸਨ।

ਸਰਦਾਰ ਕਾਹਨ ਸਿੰਘ ਜਰਨੈਲ ਤੇ ਸਰਦਾਰ ਭਾਗ ਸਿੰਘ ਕਰਨੈਲ ਦੇ ਅਹੁਦੇ ਪਰ ਸਨ। ਇਨ੍ਹਾਂ ਦੇ ਭਤੀਜੇ ਸਰਦਾਰ ਅਤਰ ਸਿੰਘ, ਭੂਪ ਸਿੰਘ ਤੇ ਪ੍ਰਤਾਪ ਸਿੰਘ ਆਦਿ ਸਭੇ ਫੌਜੇ-ਖਾਸ ਦੇ ਅਫ਼ਸਰ ਸਨ। ਇਹ ਸਭ ਔਖੀਆਂ ਘੜੀਆਂ ਅਤੇ ਪਰਤਾਵੇ ਦੇ ਸਮੇਂ ਨਿਡਰ ਤੇ ਸੂਰਮੇ ਸਾਬਤ ਹੋਏ ਸਨ ਜਿਸ ਦੇ ਕਾਰਨ ਇਨ੍ਹਾਂ ਦੀ ਸ਼ੋਹਰਤ ਗਗਨ ਮੰਡਲ ਪਰ ਚਮਕਦੀ ਸੀ।

---

1. ਸਰਦਾਰ ਕਾਹਨ ਸਿੰਘ ਮਾਨ ਉਹੀ ਸਰਦਾਰ ਸੀ, ਜਿਹੜਾ ਲਾਹੌਰ ਦਰਬਾਰ ਵਲੋਂ ਦੀਵਾਨ ਮੂਲ ਰਾਜ ਦੇ ਅਸਤੀਫਾ ਦੇਣ ਸਮੇਂ ਸੂਬਾ ਮੁਲਤਾਨ ਦਾ ਗਵਰਨਰ ਨੀਯਤ ਹੋਇਆ ਸੀ।



Sri Satguru Jagjit Singh Ji eLibrary NamdhariElibrary@gmail.com

# ਸ. ਫਤਹ ਸਿੰਘ ਕਾਲਿਆਂ ਵਾਲਾ

ਸਰਦਾਰ ਫਤਹ ਸਿੰਘ ਕਾਲਿਆਂ ਵਾਲਾ ਖਾਲਸਾ ਰਾਜ ਦੇ ਉਸਰਈਆਂ ਵਿਚੋਂ ਉਹ ਮਹਾਨ ਹਸਤੀ ਸੀ ਜਿਸ ਦੀ ਜੀਵਨ ਕਲਾ ਦੇ ਕਾਰਨਾਮਿਆਂ ਦੇ ਪੜ੍ਹਨ ਨਾਲ ਮੁਰਦਾ ਲੋਥਾਂ ਵਿੱਚ ਮੁੜ ਜੀਵਨ ਸ਼ਕਤੀ ਉਛਾਲੇ ਖਾਣ ਲਗ ਪੈਂਦੀ ਹੈ। ਇਹ ਸੂਰਮਤਾ ਦੀ ਸੰਪੂਰਨ ਸੂਰਤ ਤੇ ਕੁਰਬਾਨੀ ਦੀ ਪਰਤਖ ਮੂਰਤ ਸੀ ਜਿਸ ਦੇ ਸਫਲ ਜੀਵਨ ਪਰ ਆਉਣ ਵਾਲੀਆਂ ਨਸਲਾਂ ਮਾਣ ਕੀਤਾ ਕਰਨਗੀਆਂ ।ਆਪ ਨੇ ਖਾਲਸਾ ਰਾਜ ਦੀ ਮੁਢਲੀ ਉਸਾਰੀ ਸਮੇਂ ਬੜੀਆਂ ਘਾਲਾਂ ਘਾਲੀਆਂ ਸਨ। ਇਥੋਂ ਤਕ ਕਿ ਛੇਕੜ ਆਪਣਾ ਹੱਡ, ਚੰਮ, ਤਨ ਸਭ ਕੁਛ ਇਸ ਲਗਨ ਵਿਚ ਵਾਰ ਦਿਤਾ।

ਸਰਦਾਰ ਫਤਹ ਸਿੰਘ ਦੇ ਪਿਤਾਮਾ, ਸਰਦਾਰ ਜੈਮਲ ਸਿੰਘ ਸਿਧੂ ਨੂੰ ਇਸ ਗੱਲ ਦਾ ਮਾਣ ਸੀ ਕਿ ਇਸ ਨੇ ਖਾਲਸੇ ਦੇ ਮਾਨਯੋਗ ਅਦੁਤੀ ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ[1] ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ।ਸਰਦਾਰ ਜੈਮਲ ਸਿੰਘ ਨੇ ਨਾ ਕੇਵਲ ਆਪ ਹੀ ਅੰਮ੍ਰਿਤ ਪਾਨ ਕੀਤਾ ਸਗੋਂ ਹੁਣ ਇਸ ਨੇ ਆਪਣੇ ਦੋਹਾਂ ਨੌਜੁਵਾਨ ਪੁਤ੍ਰਾਂ ਸਰਦਾਰ ਜੈ ਸਿੰਘ ਤੇ ਜੱਸਾ ਸਿੰਘ ਨੂੰ ਵੀ ਅੰਮ੍ਰਿਤ ਛਕਾ ਕੇ ਤਿਆਰ ਬਰ ਤਿਆਰ ਕਰ ਦਿਤਾ। ਸਰਦਾਰ ਜੱਸਾ ਸਿੰਘ ਦਾ ਪੁਤ੍ਰ ਫਤਹ ਸਿੰਘ ਚੜ੍ਹਦੀ ਜੁਵਾਨੀ ਵਿਚ ਸੀ ਕਿ ਉਹ ਸੰਨ ੧੭੦੮ ਈ: ਵਿਚ ਸ਼ੇਰਿ ਪੰਜਾਬ ਦੀ ਮਿਸਲ ਵਿਚ ਮਿਲ ਗਿਆ।

## ਸਰਦਾਰ ਫਤਹ ਸਿੰਘ ਤੇ ਚੱਠਿਆਂ ਦੀ ਸੋਧ

ਚੱਠਿਆਂ ਨਾਲ ਖਾਲਸੇ ਦੀ ਜ਼ੋਰ ਅਜ਼ਮਾਈ ਦਾ ਹਾਲ ਲਿਖਣ ਤੋਂ ਪਹਿਲਾਂ ਪਾਠਕਾਂ ਦੀ ਇਤਿਹਾਸਕ ਵਾਕਫੀ ਲਈ ਚੱਠਿਆਂ ਦਾ ਸੰਖਿਪਤ ਹਾਲ ਇਥੇ ਦੇਂਦੇ ਹਾਂ। ਖੋਜ ਤੋਂ ਪਤਾ

---

1. ਭਾਈ ਮਨੀ ਸਿੰਘ ਪਟਿਆਲਾ ਰਾਜ ਵਿਚ, ਪਿੰਡ ਕੈਂਬੋਵਾਲ ਦੇ ਚੌਧਰੀ ਕਾਲ੍ਹੇ ਮਲ ਦਾ ਸਪੁੱਤ੍ਰ ਸੀ। ਆਪ ਨੂੰ ਛੋਟੀ ਅਵਸਥਾ ਵਿਚ ਹੀ ਸ੍ਰੀ ਕਲਗੀਧਰ ਪਿਤਾ ਦੀ ਸੇਵਾ ਦਾ ਫਖਰ ਪ੍ਰਾਪਤ ਸੀ। ਆਪ ਨੇ ਸ਼੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਪਾਨ ਕੀਤਾ। ਸੰਮਤ ੧੭੬੧ ਬਿ: ਵਿਚ ਅਨੰਦਪੁਰ ਛੱਡਣ ਸਮੇਂ ਸਤਿਗੁਰ ਜੀ ਦੇ ਹੁਕਮ ਅਨੁਸਾਰ, ਆਪ ਮਾਤਾ ਸੁੰਦਰੀ ਜੀ ਅਤੇ ਸਾਹਿਬ ਕੌਰ ਨੂੰ ਨਾਲ ਲੈ ਕੇ ਦਿਲੀ ਪਹੁੰਚੇ ਤੇ ਉਥੇ ਸੇਵਾ ਵਿਚ ਹਾਜ਼ਰ ਰਹੇ।ਫਿਰ ਸੰਨ ੧੭੬੨-੬੩ ਵਿਚ ਦੋਵਾਂ ਮਾਤਾਵਾਂ ਨਾਲ ਦਮਦਮੇ ਸਾਹਿਬ ਆਏ।ਆਪ ਦੇ ਹੱਥ ਅੱਖਰ ਬੜੇ ਹੀ ਸੁੰਦਰ ਸਨ।ਇਥੇ ਸ਼੍ਰੀ ਦਸ਼ਮੇਸ਼ ਜੀ ਨੇ ਆਪ ਤੋਂ ਦਮਦਮੇ ਵਾਲੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਆਤਮਕ ਸ਼ਕਤੀ ਨਾਲ ਮੁਖ-ਆਗਰ ਲਿਖਵਾਈ। ਸੰਮਤ ੧੭੭੮ ਬਿ: ਵਿਚ ਆਪ ਨੂੰ ਮਾਤਾ ਸੁੰਦਰੀ ਜੀ ਨੇ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਗਰੰਥੀ ਥਾਪਿਆ।ਇਸ ਸਮੇਂ ਭਾਈ ਸਾਹਬਿ ਨੇ ਕਈ ਗਰੰਥ ਲਿਖੇ। ਸ਼੍ਰੀ ਗੁਰੂ ਗਰੰਥ ਸਾਹਿਬ ਦੀ ਇਕ ਨਵੀਂ ਬੀੜ ਤਿਆਰ ਕੀਤੀ। ਜਿਸ ਵਿਚ ਹਰੇਕ ਸਤਿਗੁਰੂ ਦੀ ਬਾਣੀ ਸਭਨਾਂ ਰਾਗਾਂ ਵਿਚ ਛਾਂਟ ਕੇ ਇਕ ਥਾਂ ਇਕੱਠੀ ਕਰ ਦਿੱਤੀ ਅਤੇ ਭਗਤ ਬਾਣੀ ਨੂੰ ਵੀ ਇਸੇ ਕ੍ਰਮ ਨਾਲ ਲਿਖਿਆ। ਇਸ ਪਰ ਪੰਥ ਨੇ ਸਰਾਪ ਦਿੱਤਾ ਕਿ ਭਾਈ ਮਨੀ ਸਿੰਘ ਦੇ ਅੰਗ ਅੰਗ ਜੁਦੇ ਹੋਣ। ਸੋ ਜ਼ਕਰੀਆ ਖਾਨ ਸੂਬਾ ਲਾਹੌਰ ਦੇ ਹੁਕਮ ਨਾਲ ਆਪ ਨੇ ਬੜੀ ਸਾਬਤ ਕਦਮੀ ਤੇ ਸਿਦਕ ਨਾਲ ਆਪਣੇ ਬੰਦ ਬੰਦ ਜੁਦਾ ਕਰਾਏ। ਆਪ ਦਾ ਸ਼ਹੀਦ ਗੰਜ ਇਸ ਵਕਤ ਲਾਹੌਰ ਵਿਚ ਕਿਲ੍ਹੇ ਦੇ ਪਾਸ ਮੌਜੂਦ ਹੈ। ਉਹ ਬੀੜ ਜੋ ਆਪ ਨੇ ਰਚੀ ਸੀ ਇਸ ਵਕਤ ਹਜ਼ੂਰ ਸਾਹਿਬ ਅਬਚਲਾ ਨਗਰ ਸਾਹਿਬ ਦੱਖਨ ਵਿਚ ਮੌਜੂਦ ਹੈ।



Sri Satguru Jagjit Singh Ji eLibrary NamdhariElibrary@gmail.com

ਲਗਦਾ ਹੈ ਕਿ ਅਸਲੋਂ ਇਹ ਬੀਰ ਘਰਾਣਾ ਚੁਹਾਂ ਰਾਜਪੂਤ ਸਨ। ਬਰਾਦਰੀ ਦੇ ਕਈ ਅਯੋਗ ਤੇ ਬੇਲੋੜਿਆਂ ਬੰਧਨਾਂ ਤੋਂ ਖੁਲ ਪ੍ਰਾਪਤ ਕਰਨ ਲਈ ਚੌਧਰੀ ਧਨ ਰਾਜ ਨੇ ਇਸਲਾਮ ਮਤ ਧਾਰਨ ਕੀਤਾ। ਇਸ ਦੇ ਦੇਖੋ ਦੇਖੀ ਲਗਭਗ ਤਿੰਨ ਸੌ ਹੋਰ ਸਾਥੀਆਂ ਵੀ ਇਸ ਦੀ ਪੈਰਵੀ ਕੀਤੀ।

ਇਸ ਦੇ ਉਪਰੰਤ ਇਹ ਨਵ-ਮੁਸਲਮ ਦਰਿਆ ਚਨਾਬ ਦੇ ਨਾਲ-ਨਾਲ ਆਪਣੇ ਲਈ ਇਲਾਕੇ ਨੂੰ ਵਧਾਂਦੇ ਹੋਏ ਕਈ ਪਿੰਡਾਂ ਵਿਚ ਖਿਲਰ ਗਏ। ਇਨ੍ਹਾਂ ਵਿਚ ਬੜੇ ਬੜੇ ਦਲੇਰ ਤੇ ਲੜਾਕੇ ਆਗੂ ਜੰਮਦੇ ਰਹੇ ਹਨ। ਜਿਹਾ ਕਿ ਚੌਧਰੀ ਨੂਰ ਮੁਹੰਮਦ ਖਾਨ ਅਤੇ ਅਹਿਮਦ ਖਾਨ ਬੜੇ ਮੰਨੇ ਪ੍ਰਮੰਨੇ ਦਿਲਾਵਰ ਆਗੂ ਸਨ।

ਇਨ੍ਹਾਂ ਨੇ ਆਪਣੀ ਖਿੰਡੀ ਹੋਈ ਕੌਮ ਨੂੰ ਇਕ ਮੁੱਠ ਕਰਕੇ ਐਸਾ ਸ਼ਕਤੀਮਾਨ ਕਰ ਦਿੱਤਾ ਜਿਸ ਦੀ ਧਾਕ ਦੂਰ ਦੂਰ ਤਕ ਮੰਨੀ ਜਾਂਦੀ ਸੀ। ਇਥੋਂ ਤਕ ਕਿ ਕੋਈ ਟਾਡਾ ਸ਼ੇਰ ਸ਼ਾਹੀ ਸੜਕ[1] ਤੋਂ ਸਲਾਮਤੀ ਨਾਲ ਨਹੀਂ ਸੀ ਲੰਘ ਸਕਦਾ, ਜਦ ਤਕ ਇਨ੍ਹਾਂ ਦਾ ਮੂੰਹ ਮੰਗਿਆ ਕਰ ਨਹੀਂ ਸੀ ਤਾਰ ਦੇਂਦਾ। ਪਰ ਜੇ ਅਗੋਂ ਕੋਈ ਜ਼ਰਾ ਜਿੰਨੀ ਵੀ ਨਾਂਹ ਨੁਕਰ ਕਰਦਾ ਤਾਂ ਇਹ ਉਸਦਾ ਸਭ ਕੁਝ ਲੁੱਟ ਪੁੱਟ ਕੇ ਆਪਣੇ ਹੱਥ ਰੰਗ ਲੈਂਦੇ। ਇਹ ਚੱਠੇ ਪਹਿਲਾਂ ਸਰਦਾਰ ਚੜ੍ਹਤ ਸਿੰਘ, ਸ਼ੇਰਿ ਪੰਜਾਬ ਦੇ ਦਾਦਾ ਨਾਲ ਅਤੇ ਇਸ ਦੇ ਉਪਰੰਤ, ਸਰਦਾਰ ਮਹਾਂ ਸਿੰਘ ਨਾਲ ਬੜੇ ਤਕੜੇ ਟਾਕਰੇ ਕਰਦੇ ਰਹੇ। ਸੰਨ ੧੭੯੦ ਵਿਚ ਨੌਜੁਆਨ ਮਹਾਂ ਸਿੰਘ ਸੁਕ੍ਰਚੱਕੀਏ ਨੇ ਚੱਠਿਆਂ ਤੋਂ 'ਅਲੀਪੁਰ' ਫਤਹ ਕਰਕੇ ਇਸ ਦਾ ਨਾਮ 'ਅਕਾਲਗੜ੍ਹ' ਅਤੇ 'ਰਸੂਲਪੁਰ' ਨੂੰ ਜਿੱਤ ਕੇ ਇਹਦਾ ਨਾਮ 'ਰਾਮਨਗਰ' ਰਖਿਆ।[2]

## ਚੱਠਿਆਂ ਦਾ ਸ਼ਾਹ ਜ਼ਮਾਨ ਨੂੰ ਸੱਦਣਾ

ਛੇਕੜ ਜਾਨ ਮੁਹੰਮਦ ਖਾਨ ਚੱਠੇ ਨੂੰ ਜਦ ਇਹ ਪੱਕਾ ਯਕੀਨ ਹੋ ਗਿਆ ਕਿ ਉਹ ਹੁਣ ਹੋਰ ਸੁਕ੍ਰਚੱਕੀਏ ਬੀਰਾਂ ਦੇ ਟਾਕਰੇ ਪਰ ਮੈਦਾਨ ਵਿਚ ਨਹੀਂ ਠਹਿਰੇਗਾ ਤਾਂ ਉਸ ਨੂੰ ਦੇਸ਼-ਧ੍ਰੋਹ ਦੀ ਗੱਲ ਸੁਝੀ ਅਜੇ ਉਹ ਇਥੋਂ ਭੱਜਿਆ ਅਤੇ ਕਾਬਲ ਜਾ ਸਿਰ ਕੱਢਿਆ। ਇਥੋਂ ਸ਼ਾਹ ਜ਼ਮਾਨ ਸਦੋਜ਼ਈ ਨੂੰ ਉਕਸਾ ਕੇ ਪੰਜਾਬ ਨੂੰ ਲੁਟਾਣ ਲਈ ਸਣੇ ਭਾਰੀ ਲਸ਼ਕਰ ਦੇ ਚਾੜ੍ਹ ਆਂਦਾ। ਇਹ ਗੱਲ ਸੰਨ ੧੭੯੭ ਦੀ ਹੈ।

---

1. ਇਹ ਲੰਮੀ ਸੜਕ ਬੰਗਾਤ ਤੋਂ ਪਿਸ਼ਾਵਰ ਤਕ ਸ਼ੇਰ ਸ਼ਾਹ ਸੂਰੀ ਨੇ ਸੰਨ ੧੫੪੦ ਵਿਚ ਤਿਆਰ ਕਰਵਾਣੀ ਅਰੰਭੀ। ਸ਼ੇਰ ਸ਼ਾਹ ਦਾ ਪਹਿਲਾ ਨਾਮ ਫਰੀਦ ਖਾਨ ਸੀ। ਇਸ ਨੇ ਇਕ ਵਾਰੀ ਸ਼ੇਰ ਮਾਰਿਆ ਸੀ ਤਾਂ ਇਸ ਦੀ ਬੀਰਤਾ ਪਰ ਪ੍ਰਸੰਨ ਹੋ ਕੇ ਬਿਹਾਰ ਦੇ ਬਾਦਸ਼ਾਹ ਲੋਹਾਨੀ ਨੇ ਇਸ ਨੂੰ ਸ਼ੇਰ ਸ਼ਾਹ ਦਾ ਖਿਤਾਬ ਦਿੱਤਾ। ਇਹ ਹਸਨ ਖਾਨ ਅਫਰੀਦੀ ਪਠਾਨ ਦਾ ਪੁੱਤ੍ਰ ਅਤੇ ਇਬਰਾਹੀਮ ਖਾਨ ਦਾ ਪੋਤਾ ਸੀ। ਸ਼ੇਰ ਸ਼ਾਹ ਨੇ ਸਸਰਾਮ (ਬੰਗਾਲ) ਦੀ ਆਪਣੀ ਜਾਗੀਰ ਤੋਂ ਉੱਠ ਕੇ ੧੭ ਮਈ ਸੰਨ ੧੫੪੦ ਨੂੰ ਕਨੌਜ ਦੀ ਜੰਗ ਵਿਚ ਹਮਾਯੂੰ ਮੁਗਲ ਬਾਦਸ਼ਾਹ ਪਰ ਫ਼ਤਹ ਪਾ ਕੇ ਉਸ ਨੂੰ ਹਿੰਦ ਵਿਚੋਂ ਕੱਢ ਦਿਤਾ, ਆਪ ਦਿਲੀ ਤਖ਼ਤ ਪਰ ਬੈਠ ਕੇ ਆਦਲਸ਼ਾਹ ਦੀ ਪਦਵੀ ਧਾਰਨ ਕੀਤੀ। ਇਸ ਦਾ ਦੇਹਾਂਤ ੨੪ ਮਈ ੧੫੪੫ ਨੂੰ ਹੋਇਆ, ਆਪ ਦਾ ਬੜਾ ਸ਼ਾਨਦਾਰ ਮਕਬਰਾ ਸਸਰਾਮ ਵਿਚ ਮੌਜੂਦ ਹੈ।
2. ਇਨ੍ਹਾਂ ਦੋਹਾਂ ਨਗਰਾਂ ਦੇ ਨਾਮ ਅੱਜ ਇਹੀ ਚਲੇ ਆਉਂਦੇ ਹਨ ਜੋ ਸ਼ੇਰਿ ਪੰਜਾਬ ਦੇ ਘਰਾਣੇ ਦੀ ਅਮਿਟ ਯਾਦਗਾਰ ਨੂੰ ਜੀਵਤ ਰਖ ਰਹੇ ਹਨ।



Sri Satguru Jagjit Singh Ji eLibrary NamdhariElibrary@gmail.com

## ਸ਼ੇਰਿ ਪੰਜਾਬ ਦਾ ਦੁਖ ਮਨਾਣਾ

ਨੌਜੁਆਨ ਸ਼ੇਰਿ ਪੰਜਾਬ ਨੇ ਪੰਜਾਬੀਆਂ ਨੂੰ ਗ਼ੈਰਾਂ ਦੇ ਹਥੀਂ ਲੁਟੀਂਦਾ ਦੇਖਕੇ ਬੜਾ ਦੁਖ ਮੰਨਿਆ ਅਤੇ ਅਗੇ ਨੂੰ ਆਪਣੇ ਪਿਆਰੇ ਦੇਸ਼ ਨੂੰ ਇਨ੍ਹਾਂ ਜਰਵਾਣਿਆਂ ਦੀ ਗ਼ੁਲਾਮੀ ਤੋਂ ਸਦਾ ਲਈ ਅਜ਼ਾਦ ਕਰਾਣ ਦੀ ਧੁਨ ਵਿਚ ਲਗ ਗਿਆ। ਇਸ ਨੌਜੁਆਨ ਨੇ ਸ਼ਾਹ ਜ਼ਮਾਨ ਦੇ ਰਾਹ ਵਿਚ ਕਈ ਐਸੀਆਂ ਔਕੜਾਂ ਪੈਦਾ ਕਰ ਦਿਤੀਆਂ ਜਿਸ ਕਰਕੇ ਸ਼ਾਹ ਇਨ੍ਹਾਂ ਦਿੱਕਤਾਂ ਤੋਂ ਦਿੱਕ ਹੋਕੇ ਬਹੁਤ ਛੇਤੀ ਹੀ ਅਫ਼ਗਾਨਿਸਤਾਨ ਵਲ ਪਰਤ ਗਿਆ।

ਸ਼ਾਹ ਜ਼ਮਾਨ ਦੇ ਜ਼ੁਲਮਾਂ ਨੂੰ ਦੇਖਕੇ ਸ਼ੇਰਿ-ਪੰਜਾਬ ਦਾ ਖ਼ੂਨ ਜੋਸ਼ ਵਿਚ ਉਬਲ ਰਿਹਾ ਸੀ। ਸ਼ਾਹ ਜ਼ਮਾਨ ਨੂੰ ਲਿਆਉਣ ਅਤੇ ਇਸ ਸਾਰੀ ਆਪਦਾ ਦਾ ਜ਼ਿਮੇਂਵਾਰ, ਮਹਾਰਾਜਾ ਸਾਹਿਬ, ਜਾਨ ਮੁਹੰਮਦ ਚੱਠੇ ਨੂੰ ਸਮਝਦਾ ਸੀ।

ਸੋ ਸ਼ਾਹ ਜ਼ਮਾਨ ਦੀ ਕੰਡ ਫੇਰਨ ਦੀ ਦੇਰ ਸੀ ਕਿ ਸ਼ੇਰਿ ਪੰਜਾਬ ਨੇ ਸਣੇ ਆਪਣੇ ਮਿੱਤ੍ਰ, ਸਰਦਾਰ ਫਤਹ ਸਿੰਘ ਕਾਲਿਆਂ ਵਾਲੇ ਦੇ, ਜਾਨ ਮੁਹੰਮਦ ਚੱਠਿਆਂ ਦੇ ਆਗੂ ਪਰ ਧਾਵਾ ਬੋਲ ਦਿਤਾ। ਅਗੋਂ ਚੱਠੇ ਵੀ ਇਸ ਰਣਭੂਮੀ ਦੇ ਪੁਰਾਣੇ ਖਿਲਾੜੀ ਸਨ। ਉਨ੍ਹਾਂ ਨੇ ਖਾਲਸੇ ਦਾ ਬੜਾ ਡਟ ਕੇ ਟਾਕਰਾ ਕੀਤਾ। ਦੋਵੇਂ ਧਿਰਾਂ ਖ਼ੂਬ ਦਿਲ ਖੋਲ ਕੇ ਲੜੀਆਂ ਤੇ ਕਈ ਦਿਨਾਂ ਤਕ ਇਕ ਰਸ ਤਲਵਾਰ ਚਲਦੀ ਰਹੀ। ਇਸ ਸੰਗਰਾਮ ਵਿਚ ਸਰਦਾਰ ਫਤਹ ਸਿੰਘ ਦੀ ਨਿਡਰਤਾ ਤੇ ਬੀਰਤਾ ਨੂੰ ਦੇਖਕੇ, ਸ਼ੇਰਿ ਪੰਜਾਬ ਅਸਚਰਜ ਰਹਿ ਗਿਆ। ਜਿਧਰ ਵੀ ਉਹ ਘੋੜੇ ਦੀ ਵਾਗ ਮੋੜਦਾ, ਗ਼ਨੀਮ ਦੀਆਂ ਸਫਾਂ ਦੀਆਂ ਸਫਾਂ ਦਾ ਸਫਾਇਆ ਕਰਦਾ ਚਲਾ ਜਾਂਦਾ ਸੀ।

## ਇਕ ਅਸਚਰਜ ਘਟਨਾ

ਚੱਠੇ ਜਦ ਕਈ ਦਿਨਾਂ ਤਕ ਬਹਾਦਰੀ ਨਾਲ ਲੜਦੇ ਹੋਏ ਥਕ ਗਏ ਅਤੇ ਇਨ੍ਹਾਂ ਦੇ ਪੈਰ ਮੈਦਾਨਿ ਜੰਗ ਵਿਚੋਂ ਥਿੜਕਣ ਲਗੇ ਤਾਂ ਇਸ ਸਮੇਂ ਇਕ ਅਸਚਰਜ ਘਟਨਾ ਸਾਹਮਣੇ ਆਈ ਜਿਸਦੇ ਸੁਣਨ ਨਾਲ ਖਾਲਸੇ ਦੇ ਰੋਹਬ ਦਾ ਸੌਖਾ ਹੀ ਪਤਾ ਲਗ ਜਾਂਦਾ ਹੈ। ਉਹ ਇਸ ਤਰ੍ਹਾਂ ਹੈ ਕਿ ਚੱਠਿਆਂ ਨੇ ਆਪਣੀ ਰਾਜਧਾਨੀ ਵਿਚ ਕਿਸੇ ਔਖੇ ਸਮੇਂ ਦੀ ਅਸੀਸ ਲਈ ਇਕ ਪੀਰ ਰੱਖਿਆ ਹੋਇਆ ਸੀ ਜੋ ਬੜੀ ਹੀ ਅਜ਼ਮਤ ਵਾਲਾ ਮੰਨਿਆ ਜਾਂਦਾ ਸੀ। ਇਨ੍ਹਾਂ ਨੂੰ ਆਪਣੇ ਪੀਰ ਪਰ ਪੂਰਨ ਭਰੋਸਾ ਸੀ ਤੇ ਉਸ ਦੀ ਥਾਪੜੀ ਨਾਲ ਮੈਦਾਨਿ ਜੰਗ ਵਿਚ ਖਾਲਸੇ ਪਰ ਫਤਹ ਪਾ ਲਵਾਂਗੇ। ਜਾਨ ਮੁਹੰਮਦ ਖਾਨ ਇਸ ਨਾਜ਼ਕ ਸਮੇਂ ਭੱਜ ਕੇ ਆਪਣੇ ਪੀਰ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਅਤੇ ਬੜੀ ਨਿਮ੍ਰਤਾ ਨਾਲ ਪੀਰ ਜੀ ਨੂੰ ਆਖਿਆ, "ਸਾਈਂ ਜੀ, ਅਸਾਂ ਆਪ ਨੂੰ ਅਜ ਦੇ ਦਿਨ ਲਈ ਆਪਣੇ ਪਾਸ ਟਿਕਾ ਰਖਿਆ ਸੀ। ਕਾਫਰ ਸਿਖ, ਦਮ-ਬਦਮ ਮਾਰੋ ਮਾਰ ਕਰਦੇ ਅਗੇ ਵਧਦੇ ਚਲੇ ਆ ਰਹੇ ਹਨ ਹੁਣ ਬਾਜ਼ੀ ਹਥੋਂ ਨਿਕਲ ਚਲੀ ਹੈ। ਇਹੋ ਸਮਾਂ ਹੈ ਕਿ ਆਪ ਆਪਣੀ ਗੈਬੀ ਸ਼ਕਤੀ ਨਾਲ ਇਨ੍ਹਾਂ ਵੈਰੀਆਂ ਨੂੰ ਠੱਲਾ ਪਾਕੇ ਇਸ ਕਠਨ ਘੜੀ ਸਾਡੀ ਸਹਾਇਤਾ ਕਰੋ।"

## ਖਾਲਸੇ ਦੇ ਤੇਜ ਦਾ ਵੈਰੀਆਂ ਪਰ ਪ੍ਰਭਾਵ

ਇਸ ਪਰ ਪੀਰ ਸਾਹਿਬ ਨੇ ਆਪਣੇ ਮੁਰੀਦ ਚੱਠਿਆਂ ਨੂੰ ਜੋ ਉੱਤਰ ਦਿਤਾ ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਖਾਲਸੇ ਦਾ ਆਮ ਲੋਕਾਂ ਦੇ ਮਨਾਂ ਪਰ ਕਿੰਨਾ ਦਬ ਦਬਾ ਆਇਆ ਹੋਇਆ ਸੀ ਜਿਸ



Sri Satguru Jagjit Singh Ji eLibrary NamdhariElibrary@gmail.com

ਤੋਂ ਸਭ ਲੋਕ ਇਹ ਅਨੁਭਵ ਕਰਦੇ ਸਨ ਕਿ ਖਾਲਸੇ ਦੀ ਸਹਾਇਤਾ ਲਈ ਦ੍ਰਿਸ਼ਟ ਸ਼ਕਤੀਆਂ ਕੰਮ ਕਰਦੀਆਂ ਸਨ।

ਪੀਰ ਜੀ ਨੇ ਕਿਹਾ, ਮੈਂ ਰਣਜੀਤ ਸਿੰਘ ਦੇ ਟਾਕਰੇ ਲਈ ਆਪ ਦੀ ਕੋਈ ਸਹਾਇਤਾ ਨਹੀਂ ਕਰ ਸਕਦਾ ਕਿਉਂਕਿ ਮੈਂ ਹੁਣੇ ਹੀ ਅੰਤਰ ਧਿਆਨ ਹੋਕੇ ਡਿਠਾ ਹੈ ਕਿ ਹਜ਼ਰਤ ਮਹਿਬੂਬ ਸੁਬਹਾਨੀ, ਆਪ ਸ਼ੇਰ ਦਾ ਜਾਮਾ ਪਹਿਨਕੇ, ਰਣਜੀਤ ਸਿੰਘ ਵਲੋਂ ਮੈਦਾਨ ਵਿਚ ਲੜ ਰਿਹਾ ਹੈ। ਮੈਂ ਆਪ ਦੀ ਮਦਦ ਉਸ ਦੇ ਉਲਟ ਕਿਉਂਕਰ ਕਰਾਂ[1] ਇਸ ਨਿਰਾਸਤਾ ਵਿੱਚ ਚੱਠਿਆਂ ਦੀ ਹਿੰਮਤ ਟੁਟ ਗਈ ਤੇ ਉਹ ਮੈਦਾਨ ਖਾਲਸੇ ਦੇ ਹਥ ਸੌਂਪ ਕੇ ਨਸ ਗਏ।

ਖਾਲਸਾ ਰਾਜ ਦੀ ਉਸਾਰੀ ਦੀ ਇਹ ਬੁਨੀਆਦੀ ਫਤਹ ਸੀ ਜੋ ਬਹਾਦਰ ਫਤਹ ਸਿੰਘ ਕਾਲਿਆਂ ਵਾਲੇ ਨੇ ਸ਼ੇਰਿ ਪੰਜਾਬ ਨਾਲ ਮਿਲ ਕੇ ਪ੍ਰਾਪਤ ਕੀਤੀ। ਇਹ ਗੱਲ ਸੰਨ ੧੭੯੮ ਦੀ ਹੈ। ਇਸ ਹਾਲ ਚੱਠਿਆਂ ਦੀ ਹਕੂਮਤ ਦਾ ਸਦਾ ਲਈ ਅੰਤ ਹੋ ਗਿਆ ਪਰ ਬਹਾਦਰ ਕੌਮਾਂ ਵਿਚ ਇਕ ਗੁਣ ਵਾਧੇ ਦਾ ਦੇਖੀਦਾ ਹੈ ਕਿ ਉਨ੍ਹਾਂ ਦਾ ਵੈਰ ਵੀ ਅਤਿ ਦਾ ਹੁੰਦਾ ਹੈ ਅਤੇ ਮਿਤ੍ਰਤਾ ਵੀ ਅਦੁਤੀ, ਇਹੋ ਕੁਝ ਬਹਾਦਰ ਚੱਠਿਆਂ ਵੀ ਕਰ ਦਸਿਆ। ਜਦ ਸ਼ੇਰਿ ਪੰਜਾਬ ਤੋਂ ਇਹ ਖੁਲ੍ਹੇ ਮੈਦਾਨ ਵਿਚ ਹਾਰ ਖਾ ਚੁਕੇ ਤਾਂ ਮਹਾਰਾਜਾ ਸਾਹਿਬ ਨੇ ਜਾਨ ਮੁਹੰਮਦ ਖਾਨ ਤੇ ਉਸ ਦੇ ਸੰਬੰਧੀਆਂ ਨਾਲ, ਐਸਾ ਖੁਲ੍ਹ-ਦਿਲਾ ਵਰਤਾਵ ਕੀਤਾ ਕਿ ਚੱਠਿਆਂ ਦੀ ਸ਼ਤ੍ਰਤਾ, ਗੂੜ੍ਹੀ ਮਿਤ੍ਰਤਾ ਦੇ ਰੂਪ ਵਿਚ ਪਲਟ ਪਈ।

## ਚੱਠਿਆਂ ਪਰ ਮਹਾਰਾਜ ਦੀ ਕ੍ਰਿਪਾ ਦ੍ਰਿਸ਼ਟੀ

ਸਰਦਾਰ ਨੇ ਇਨ੍ਹਾਂ ਨੂੰ ਐਸੀਆਂ ਵੱਡੀਆਂ ਜਾਗੀਰਾਂ ਬਖਸ਼ੀਆਂ ਕਿ ਉਹ ਗੁਜ਼ਾਰੇ ਵਲੋਂ ਨਿਸਚਿੰਤ ਹੋ ਗਏ। ਉਸ ਦਿਨ ਤੋਂ ਚੱਠਿਆਂ ਦੀ ਤਿਖੀ ਸ਼ਮਸ਼ੇਰ, ਖਾਲਸਾ ਰਾਜ ਦੇ ਵਾਧੇ ਲਈ ਮੈਦਾਨ ਵਿਚ ਖਾਲਸੇ ਦੇ ਵੈਰੀਆਂ ਵਿਰੁੱਧ ਚਲਣ ਲਗ ਪਈ।

ਇਨ੍ਹਾਂ ਵਿਚੋਂ ਚੌਧਰੀ ਖੁਦਾ ਬਖਸ਼ ਖਾਨ ਚੱਠਾ, ਸਰਕਾਰ ਵਲੋਂ ਕਈ ਸੰਗ੍ਰਾਮਾਂ ਵਿਚ, ਬੜੀ ਬੀਰਤਾ ਨਾਲ ਲੜਦਾ ਹੋਇਆ ਅਨੇਕ ਵਾਰੀ ਫੱਟੜ ਹੋਇਆ ਸੀ, ਖਾਸ ਕਰ ਸੰਨ ੧੮੧੩ ਦੀ ਵੈਂਸੇ ਦੀ ਲਹੂ ਡੋਲ੍ਹਵੀਂ ਲੜਾਈ ਵਿਚ ਇਸ ਨੂੰ ਖਾਲਸੇ ਵਲੋਂ ਆਪਣੇ ਹਮ-ਮਜ਼੍ਹਬ ਭਾਈਆਂ ਅਫ਼ਗਾਨਾਂ ਦੇ ਟਾਕਰੇ ਪਰ, ਵਡੀ ਨਿਡਰਤਾ ਨਾਲ ਹਥੋਹਥ ਲੜਦੇ ਹੋਇਆਂ ਬੜਾ ਡੂੰਘਾ ਘਾਓ ਲਗਾ ਸੀ। ਇਸ ਸਮੇਂ ਇਸ ਨੇ ਆਪਣੇ ਆਪ ਨੂੰ ਵੱਡੇ ਖਤਰੇ ਵਿਚ ਪਾ ਕੇ, ਇਕ ਅਫ਼ਗਾਨ ਫੌਜਦਾਰ ਵਲੀ ਮੁਹੰਮਦ ਖਾਨ ਦਾ ਸਿਰ ਆਪਣੀ ਤਲਵਾਰ ਨਾਲ ਇੰਞ ਕਟ ਲਿਆ ਸੀ ਜਿਵੇਂ ਚੱਕ ਤੇ ਚੜ੍ਹਿਆ ਭਾਂਡਾ ਘੁਮ੍ਹਿਆਰ ਸਫਾਈ ਨਾਲ ਕੱਟ ਕੇ ਰਖ ਦੇਂਦਾ ਹੈ। ਮਹਾਰਾਜਾ ਸਾਹਿਬ ਨੇ ਖੁਦਾ ਬਖਸ਼ ਖਾਨ ਨੂੰ ਇਸ ਬੀਰਤਾ ਤੇ ਸਦਾਕਤ ਦੇ ਬਦਲੇ ਬਹੁਤ ਹੀ ਬੜੀ ਜਾਗੀਰ ਤੇ ਬਹੁਮੁੱਲਾ ਖਿਲਤ ਬਖਸ਼ਿਆ।

---

1. ਇਸ ਬਾਰੇ ਸਰ ਲੈਪਲ ਗ੍ਰਿਫ਼ਨ ਦੀ ਇਤਿਹਾਸਕ ਲਿਖਤ ਇਸ ਤਰ੍ਹਾਂ ਹੈ :-

"ਚਠੋਂ ਨੇ ਇਕ ਫ਼ਕੀਰ (ਪੀਰ) ਸੇ ਜੋ, ਉਨ ਕੇ ਪਾਸ ਰਹਿਤਾ ਥਾ, ਮਦਦ ਮਾਂਗੀ। ਉਸ ਨੇ ਕਹਾ ਮੈਂ ਤੁਮਹਾਰੀ ਕਿਸ ਤਰ੍ਹਾਂ ਮਦਦ ਕਰੂੰ, ਜਬ ਕਿ ਮੈਂ ਦੇਖਤਾ ਹੂੰ ਕਿ ਮਹਿਬੂਬ ਸੁਬਹਾਨੀ (ਅਬਦੁਲ ਕਾਦਰ ਜੀਲਾਨੀ ਜਿਸ ਦਾ ਮਜ਼ਾਰ ਬਗ਼ਦਾਦ ਮੇਂ ਹੈ) ਸ਼ੇਰ ਕਾ ਲਬਾਸ ਪਹਿਨੇ ਹੂਏ ਰਣਜੀਤ ਸਿੰਘ ਕੀ ਤਰਫ ਸੇ ਲੜ ਰਹਾ ਹੈ)।"

ਰਈਸਾਨੇ ਪੰਜਾਬ ਸਫਾ ੪੧੨



Sri Satguru Jagjit Singh Ji eLibrary NamdhariElibrary@gmail.com

## ਸਰਦਾਰ ਫਤਹ ਸਿੰਘ ਤੇ ਲਾਹੌਰ ਦੀ ਫਤਹ

ਹੁਣ ਸ਼ੇਰਿ ਪੰਜਾਬ ਨੇ ਚੱਠਿਆਂ ਦੇ ਖਤਰੇ ਨੂੰ ਮੁਕਾ ਦੇਣ ਦੇ ਬਾਅਦ, ਆਪਣੇ ਪਿਆਰੇ ਦੇਸ਼ ਪੰਜਾਬ ਤੇ ਪੰਜਾਬੀਆਂ ਨੂੰ ਨਿਤ ਨਿਤ ਦੀਆਂ ਲੁੱਟਾਂ ਤੇ ਗੈਰਾਂ ਦੀ ਗ਼ੁਲਾਮੀ ਤੋਂ ਸਦਾ ਲਈ ਛੁਟਕਾਰਾ ਦਿਵਾਣ ਤੇ ਲਾਹੌਰ ਨੂੰ ਫਤਹ ਕਰ ਕੇ ਖਾਲਸੇ ਦੀ ਰਾਜਧਾਨੀ ਬਨਾਣ ਦੀ ਵੀਚਾਰ, ਸਰਦਾਰ ਫਤਹ ਸਿੰਘ ਕਾਲਿਆਂ ਵਾਲੇ ਤੇ ਸਰਦਾਰਨੀ ਸਦਾ ਕੌਰ ਆਦਿ ਨਾਲ ਕੀਤੀ। ਇਸ ਸਮੇਂ ਸਰਦਾਰ ਫਤਹ ਸਿੰਘ ਨੇ ਆਪਣਾ ਸਭ ਕੁਝ ਇਸ ਮਹਾਨ ਕਾਰਜ ਦੀ ਸਫਲਤਾ ਲਈ ਸ਼ੇਰਿ ਪੰਜਾਬ ਦੇ ਅਗੇ ਹਾਜ਼ਰ ਕਰ ਦਿਤਾ ਅਤੇ ਆਪ ਨੂੰ ਬੜਾ ਹੌਂਸਲਾ ਦਿਵਾਇਆ।

੨੭ ਜੂਨ ੧੭੯੯ ਦੀ ਰਾਤ ਨੂੰ ਜਦ ਸ਼ੇਰਿ ਪੰਜਾਬ ਨੇ ਲਾਹੌਰ ਪਰ ਹੱਲਾ ਕੀਤਾ ਤਾਂ ਸਰਦਾਰ ਫਤਹ ਸਿੰਘ, ਉਨ੍ਹਾਂ ਸੂਰਬੀਰਾਂ ਵਿਚੋਂ ਇਕ ਸੀ ਜਿਹੜੇ ਸਰਕਾਰ ਦੇ ਮੋਢੇ ਜੋੜ ਕੇ ਸਭ ਤੋਂ ਪਹਿਲਾਂ ਲੋਹਾਰੀ ਦਰਵਾਜ਼ੇ ਦੇ ਅੰਦਰ ਧੈਂ ਵੜੇ ਸਨ।

ਇਸ ਤਰ੍ਹਾਂ ਸੰਨ ੧੮੦੨ ਵਿਚ ਸ੍ਰੀ ਅੰਮ੍ਰਿਤਸਰ ਨੂੰ ਖਾਲਸਾ ਰਾਜ ਨਾਲ ਮਿਲਾਣ ਸਮੇਂ ਵੀ ਆਪ ਸ਼ੇਰਿ ਪੰਜਾਬ ਦੀ ਹਰ ਇਕ ਵਿਚਾਰ ਵਿਚ ਮੁਖ ਸਲਾਹਕਾਰਾਂ ਵਿਚੋਂ ਸਨ।

## ਸਰਦਾਰ ਫ਼ਤਹ ਸਿੰਘ ਦੀਆਂ ਹੋਰ ਘਾਲਾਂ

ਝੰਗ ਦੇ ਸਿਆਲ ਆਪਣੇ ਜੰਗੀ ਕਾਰਨਾਮਿਆਂ ਦੇ ਕਾਰਨ ਵੱਡੀ ਪ੍ਰਸਿੱਧਤਾ ਰਖਦੇ ਸਨ। ਇਸ ਘਰਾਣੇ ਦਾ ਵਡੱਕਾ, ਸਿਆਲ ਨਾਮੀ ਰਾਜਪੂਤਾਨੇ ਤੋਂ ਪੰਜਾਬ ਵਲ ਬਹਿਲੋਲ ਲੋਧੀ ਦੇ ਰਾਜ ਸਮੇਂ ਆਇਆ ਸੀ। ਇਸ ਦੇਸ਼ ਨੂੰ ਵੱਡਾ ਰਮਣੀਕ ਤੇ ਉਪਜਾਊ ਜਾਣ ਕੇ ਇਹ ਇਥੇ ਸਣੇ ਆਪਣੇ ਕਬੀਲੇ ਦੇ ਵੱਸ ਪਿਆ। ਪਹਿਲਾਂ ਇਸ਼ ਨੇ ਇਕ ਪੁਰਾਣੇ ਸ਼ਹਿਰ ਦੀ ਥੇਹ ਪਰ ਇਕ ਕੱਚਾ ਕਿਲ੍ਹਾ ਉਸਾਰਿਆ ਜਿਸ ਦਾ ਨਾਮ ਇਸ ਨੇ ਆਪਣੇ ਨਾਮ ਪਰ ਸਿਆਲਕੋਟ ਰਖਿਆ, ਜੋ ਅੱਜ ਤਕ ਇਸੇ ਨਾਲ ਪ੍ਰਸਿੱਧ ਹੈ ਇਥੇ ਇਹ ਵਧੇਰੇ ਸਮੇਂ ਤਕ ਆਪਦੇ ਪੈਰ ਨਾ ਜਮਾ ਸਕਿਆ, ਜਿਸ ਕਰਕੇ ਇਥੋਂ ਨਿਕਲ ਕੇ ਇਹ ਮੌਜੂਦਾ ਸਾਹੀਵਾਲ ਦੇ ਪਰਗਨੇ ਵਿਚ ਆ ਰਿਹਾ। ਇਥੇ ਇਸ ਨੇ ਸੰਨ ੧੪੬੨ ਈ: ਵਿਚ ਝੰਗ ਸਿਆਲ ਵਸਾਇਆ।

ਇਸ ਘਰਾਣੇ ਵਿਚੋਂ ਹਿਦਾਇਤਉਲਾ ਖਾਨ ਬੜਾ ਲੜਾਕਾ ਹੁਕਮਰਾਨ ਸੀ। ਇਹ ਸੰਨ ੧੭੭੮ ਵਿਚ ਮਰ ਗਿਆ। ਇਸ ਦੀ ਗੱਦੀ ਪਰ ਕਬੀਰ ਖ਼ਾਨ ਤੇ ਇਸ ਦੇ ਬਾਅਦ ਉਹਦਾ ਪੁੱਤ੍ਰ ਅਹਿਮ੍ਦ ਖਾਨ ਸਿਆਲ ਬੈਠਾ। ਇਹ ਗੱਲ ੧੭੯੮ ਦੀ ਹੈ।

ਇਸ ਸਮੇਂ ਸ਼ੇਰਿ ਪੰਜਾਬ ਆਪਣੀ ਰਾਜਸੀ ਸ਼ਕਤੀ ਬੜੀ ਤੇਜੀ ਨਾਲ ਵਧਾ ਰਿਹਾ ਸੀ। ਇਸ ਨੇ ਪਹਿਲੀ ਲੜਾਈ ਝੰਗ ਪਰ ਸੰਨ ੧੮੦੩ ਵਿਚ ਕੀਤੀ। ਜਿਸ ਵਿਚ ਅਹਿਮਦ ਖਾਨ ਵਾਲੀਏ ਝੰਗ ਨੇ ਖਾਲਸੇ ਦੀ ਬਾਜਗੁਜ਼ਾਰੀ ਮੰਨ ਕੇ ਆਪਣੀ ਖਲਾਸੀ ਕਰਵਾਈ।

ਪਰ ਇਹ ਗੱਲ ਰੰਜ ਨਾਲ ਲਿਖਣੀ ਪੈਂਦੀ ਹੈ ਕਿ ਅਹਿਮਦ ਖਾਨ ਨੇ ਆਪਣੀ ਦੇਣੀ ਕੀਤੀ ਹੋਈ ਬਾਜ ਦੇ ਤਾਰਨ ਵਲੋਂ ਮੂਲੋਂ ਬੇਪਰਵਾਹੀ ਦਸੀ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸ਼ੇਰਿ ਪੰਜਾਬ ਨੇ ਸਰਦਾਰ ਫਤਹ ਸਿੰਘ ਕਲਿਆਂ ਵਾਲੇ ਦੀ ਸਰਦਾਰੀ ਵਿਚ ਖਾਲਸਾ ਫੌਜ ਨੂੰ ਸੰਨ ੧੮੦੬ ਵਿਚ ਮੁੜ ਝੰਗ ਪਰ ਚੜ੍ਹਾਈ ਦਾ ਹੁਕਮ ਦਿਤਾ। ਮਾਲੂਮ ਹੁੰਦਾ ਹੈ ਕਿ ਇਨ੍ਹਾਂ ਤਿੰਨਾਂ ਸਾਲਾਂ ਵਿਚ ਅਹਿਮਦ ਖਾਨ ਨੇ ਖਾਲਸੇ ਦੇ ਟਾਕਰੇ ਲਈ ਅੰਦਰੋ ਅੰਦਰ ਬਹੁਤ ਬੜੀ ਜੰਗੀ ਤਿਆਰੀ ਕਰ ਲਈ



Sri Satguru Jagjit Singh Ji eLibrary NamdhariElibrary@gmail.com

ਸੀ। ਹੁਣ ਸਰਦਾਰ ਫਤਹ ਸਿੰਘ ਨੂੰ ਝੰਗ ਤੋਂ ਦੁਰੇਡੇ ਹੀ ਰੋਕਣ ਲਈ ੭ ਕੋਹ ਦੀ ਵਾਟ ਪਰ ਆ ਕੇ ਲੜਾਈ ਆਰੰਭ ਦਿਤੀ। ਇਸ ਮੈਦਾਨ ਵਿਚ ਨਵਾਬ ਅਹਿਮਦ ਖਾਨ ਬੜੀ ਜੀਦਾਰੀ ਨਾਲ ਲੜਿਆ। ਪਰ ਖਾਲਸਾ ਫੌਜ ਨੇ ਆਪਣੇ ਪ੍ਰਸਿੱਧ ਵਰਿਯਾਮ ਸੂਰਮੇ ਆਗੂ ਦੀ ਤਾਇਤ ਵਿਚ ਮੈਦਾਨ ਜੰਗ ਵਿਚ ਐਸੀ ਬੀਰਤਾ ਦਸੀ ਕਿ ਸਿਆਲ ਨਵਾਬ ਹੈਰਾਨ ਰਹਿ ਗਿਆ। ਇਸ ਸਮੇਂ ਸਰਦਾਰ ਫਤਹ ਸਿੰਘ ਨੇ ਕਮਾਲ ਦੀ ਤੇਜ਼ੀ ਨਾਲ ਖਾਲਸਾ ਫੌਜ ਨੂੰ ਅਗੇ ਵਧਾ ਕੇ ਨਵਾਬ ਦੀ ਫ਼ੌਜ – ਖਾਸ ਬਾਡੀ (ਗਾਰਡ) ਪਰ ਧਾਵਾ ਬੋਲ ਦਿੱਤਾ ਜਿਸ ਵਿਚ ਸਿਆਲ ਭਾਰੀ ਨੁਕਸਾਨ ਉਠਾ ਕੇ ਪਿਛੇ ਹਟੇ ਤੇ ਮੈਦਾਨ ਪਰ ਖਾਲਸਾ ਨੇ ਕਬਜ਼ਾ ਕਰ ਲਿਆ। ਇਥੇ ਅਨਗਿਣਤ ਜੰਗੀ ਸਾਮਾਨ ਖਾਲਸੇ ਦੇ ਹਥ ਆਇਆ।

ਅਹਿਮਦ ਖਾਨ ਨੇ ਇਥੋਂ ਬਚਕੇ ਨਵਾਬ ਮੁਜੱਫਰ ਖਾਨ ਮੁਲਤਾਨ ਵਾਲੇ ਕੋਲ ਜਾ ਪਨਾਹ ਲਈ। ਸਰਦਾਰ ਫਤਹ ਸਿੰਘ ਕਾਲਿਆਂ ਵਾਲੇ ਨੇ ਝੰਗ ਦੀ ਸਾਰੀ ਰਿਆਸਤ ਨੂੰ ਖਾਲਸਾ ਰਾਜ ਨਾਲ ਮਿਲਾ ਲਿਆ।

ਸ਼ੇਰਿ ਪੰਜਾਬ ਸਰਦਾਰ ਫਤਹ ਸਿੰਘ ਦੀ ਇਸ ਭਾਰੀ ਫਤਹ ਪਰ ਐਨੇ ਪ੍ਰਸੰਨ ਹੋਏ ਕਿ ਇਹ ਸਾਰਾ ਇਲਾਕਾ ਆਪਣੇ ਵਲੋਂ ਆਪ ਨੂੰ ਸੌਂਪ ਦਿਤਾ। ਇਸ ਤਰ੍ਹਾਂ ਇਹ ਫਤਹ ਯਾਬ ਸਰਦਾਰ ਸਣੇ ਖਾਲਸਾ ਫੌਜ ਦੇ ੧੫ ਮਈ, ਸੰਨ ੧੮੦੬ ਨੂੰ ਲਾਹੌਰ ਪਰਤ ਆਇਆ।

## ਸਰਦਾਰ ਫ਼ਤਹ ਸਿੰਘ ਦੀ ਨਰੈਣ ਗੜ੍ਹ ਤੇ ਚੜ੍ਹਾਈ

ਸ਼ੇਰਿ ਪੰਜਾਬ ਜਦ ੧੭ ਅਕਤੂਬਰ ਸੰਨ ੧੮੦੭ ਨੂੰ ਪਟਿਆਲੇ ਤੋਂ ਪਰਤ ਕੇ ਲਾਹੌਰ ਆ ਰਹੇ ਸਨ ਤਾਂ ਅੰਬਾਲੇ ਦੇ ਪੜਾ ਪਰ ਇਲਾਕੇ ਦੇ ਕਈ ਮੁਖੀ, ਸਰਕਾਰ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਅਤੇ ਨਰੈਣ ਗੜ੍ਹ ਦੇ ਹੁਕਮਰਾਨ ਮੀਆਂ ਕਿਸ਼ਨ ਸਿੰਹੁ[1] ਦੀਆਂ ਵਧੀਕੀਆਂ ਤੇ ਹੰਕਾਰੀ ਵਰਤਾਓ ਦੀ ਬੜੀ ਸ਼ਕਾਇਤ ਕੀਤੀ। ਇਨ੍ਹਾਂ ਦਸਿਆ ਕਿ ਇਹ ਨੂੰ ਆਪਣੇ ਕਈ ਹਜ਼ਾਰ ਪੈਦਲ ਤੇ ਸਵਾਰ ਜਵਾਨਾਂ ਅਤੇ ਨਰੈਣ ਗੜ੍ਹ ਵਰਗੇ ਪੱਕੇ ਕਿਲ੍ਹੇ ਦਾ ਮਾਨ ਆਪੇ ਤੋਂ ਬਾਹਿਰ ਕਰ ਰਿਹਾ ਹੈ। ਇਸ ਇਲਾਕੇ ਵਿਚ ਮਾਰ ਧਾੜ ਦੇ ਕਾਰਨ ਉਹ ਐਨਾ ਕਠੋਰ ਤੇ ਹੰਕਾਰੀ ਹੋ ਗਿਆ ਹੈ ਕਿ ਕਿਸੇ ਤੋਂ ਭੀ ਅੱਖ ਨਹੀਂ ਫੇਰਦਾ[2]।

ਸ਼ੇਰਿ ਪੰਜਾਬ ਸਦਾ ਆਪਣੇ ਬੋਲਿਆਂ ਵਿਚ ਆਖਿਆ ਕਰਦੇ ਸਨ ਕਿ 'ਹਰਿ ਜੀ ਹੰਕਾਰ ਨ ਭਾਵਈ' ਇਸ ਲਈ ਮੈਨੂੰ ਵਾਹਿਗੁਰੂ ਨੇ ਹੰਕਾਰੀਆਂ ਦੇ ਹੰਕਾਰ ਤੋੜਨ ਲਈ ਭੇਜਿਆ ਹੈ, ਸੋ ਆਪ ਨੇ ਫਰਿਆਦੀਆਂ ਨੂੰ ਭਰੋਸਾ ਦਿਵਾਇਆ ਕਿ ਨਿਸਚਿੰਤ ਰਹਿਣ। ਅਗੇ ਨੂੰ ਕੋਈ ਉਨ੍ਹਾਂ ਪਰ ਧੱਕਾ ਨਹੀਂ ਕਰ ਸਕੇਗਾ।

ਆਪ ਨੇ ਇਸੇ ਦਿਨ ਆਪਣੀਆਂ ਵਾਗਾਂ ਨਰੈਣ ਗੜ੍ਹ ਵਲ ਮੋੜ ਲਈਆਂ। ਇਸ ਸਮੇਂ ਸਰਦਾਰ ਫਤਹ ਸਿੰਘ ਕਾਲਿਆਂ ਵਾਲੇ, ਜੋ ਪਟਿਆਲੇ ਦੀ ਯਾਤ੍ਰਾ ਸਮੇਂ ਆਪ ਦੇ ਨਾਲ ਸਨ, ਸਰਕਾਰ ਨੇ ਖਾਲਸਾ ਫੌਜ ਨੂੰ ਉਸ ਦੀ ਸੌਂਪਣੀ ਵਿਚ ਨਰੈਣ ਗੜ੍ਹ ਨੂੰ ਫਤਹ ਕਰਨ ਦਾ ਹੁਕਮ ਦਿੱਤਾ।

---

1. ਮੀਆਂ ਕਿਸ਼ਨ ਸਿੰਹੁ ਪਹਾੜੀ ਰਿਆਸਤ ਨਾਹਿਨ ਦਾ ਰਈਸ ਸੀ।
2. ਘਨੱਯਾ ਲਾਲ, ਤਵਾਰੀਖ ਪੰਜਾਬ ਸ: ੧੯੦ ।



Sri Satguru Jagjit Singh Ji eLibrary NamdhariElibrary@gmail.com

## ਲੜਾਈ ਦਾ ਪਹਿਲਾ ਦਿਨ

ਕਿਲ੍ਹਾ ਨਰੈਣ ਗੜ੍ਹ ਅੰਬਾਲੇ ਦੀ ਹੱਦ ਤੋਂ ਅੱਗੇ ਪਹਾੜ ਦੀ ਕੰਢੀ ਪਰ, ਬੜਾ ਅਜਿੱਤ ਦੁਰਗ ਸੀ। ਇਸ ਦੇ ਬਚਾਓ ਲਈ ਇਸ ਦੇ ਆਲੇ ਦੁਆਲੇ ਕਈ ਦਮਦਮੇ ਬਣੇ ਹੋਏ ਸਨ। ਜੰਗੀ ਸਾਮਾਨ ਤੇ ਖਾਣ ਪੀਣ ਦੇ ਸਾਰੇ ਪ੍ਰਬੰਧ ਕਿਲ੍ਹੇ ਦੇ ਅੰਦਰ ਕੀਤੇ ਹੋਏ ਸਨ। ਕਿਲ੍ਹੇ ਦੇ ਬੁਰਜਾਂ ਤੇ ਦਮਦਮਿਆਂ ਵਿਚ ਰਹਿਕਲੇ ਤੇ ਤੋਪਾਂ ਬੀੜੀਆਂ ਹੋਈਆਂ ਸਨ। ਕਿਲ੍ਹੇ ਦੇ ਹੁਕਮਰਾਨ ਨੂੰ ਜਦ ਖਾਲਸਾ ਫੌਜ ਦੇ ਏਧਰ ਆਉਣ ਦੀ ਖਬਰ ਮਿਲੀ ਤਾਂ ਉਹ ਬੜੇ ਜੋਸ਼ ਵਿਚ ਟਾਕਰੇ ਲਈ ਡਟ ਗਿਆ।

ਹੁਣ ਜਦ ਖਾਲਸਾ ਫੌਜ ਕਿਲ੍ਹੇ ਦੇ ਲਾਗੇ ਪਹੁੰਚੀ ਤਾਂ ਅਗੋਂ ਰਾਜਪੂਤੀ ਫੌਜ ਨੇ ਖਾਲਸੇ ਪਰ ਅੰਧਾ ਧੁੰਦ ਬਾੜਾਂ ਝਾੜੀਆਂ। ਪਰ ਖਾਲਸਾ ਫੌਜ, ਆਪਣੇ ਬਹਾਦਰ ਆਗੂ ਦੀ ਅਗਵਾਈ ਵਿਚ, ਬਿਨਾਂ ਰੋਕ ਅਗੇ ਵਧਦੀ ਗਈ। ਸਾਰਾ ਦਿਨ ਇਹੀ ਸਿਲਸਿਲਾ ਜਾਰੀ ਰਿਹਾ। ਰਾਤ ਪੈ ਜਾਣ ਪਰ ਦੋਹਾਂ ਧਿਰਾਂ ਵਲੋਂ ਅੱਗ ਵਸਣੀ ਕੁਝ ਬੰਦ ਹੋ ਗਈ ਅਤੇ ਫੌਜ ਨੇ ਸੁਖ ਦਾ ਸਾਹ ਲਿਆ। ਸਰਦਾਰ ਫਤਹ ਸਿੰਘ ਨੇ ਅੱਜ ਦੀ ਸਾਰੀ ਵਿਥਿਆ ਮਹਾਰਾਜਾ ਸਾਹਿਬ ਦੇ ਡੇਰੇ (ਕੈਂਪ) ਵਿਚ ਭਿਜਵਾ ਦਿਤੀ।

## ਲੜਾਈ ਦਾ ਦੂਜਾ ਦਿਨ

ਅਗਲੇ ਦਿਨ ਪਹੁ ਫੁਟਾਲੇ ਤੋਂ ਪਹਿਲਾਂ ਹੀ ਖਾਲਸੇ ਨੇ ਕਿਲ੍ਹੇ ਦੇ ਬਾਹਰਲੇ ਦਮਦਮਿਆਂ ਪਰ ਮੁੜ ਧਾਵਾ ਆਰੰਭ ਦਿਤਾ ਅਤੇ ਦੁਪਹਿਰ ਤਕ ਲੜਾਈ ਲੜੀ ਗਈ। ਅੱਜ ਰਾਜਪੂਤੀ ਆਨ ਸ਼ਾਨ ਨੂੰ ਸਥਿਰ ਰਖਣ ਲਈ ਸੈਂਕੜੇ ਖਾਲਸੇ ਤੇਗ਼ ਦੀ ਧਾਰ ਤੋਂ ਪਾਰ ਹੋ ਗਏ, ਪਰ ਖਾਲਸੇ ਦੀ ਅਥਾਹ ਲਹਿਰ ਨੂੰ ਠੱਲ੍ਹ ਨਾ ਪਾ ਸਕੇ। ਸ: ਫਤਹ ਸਿੰਘ ਨੇ ਨਰੈਣ ਗੜ੍ਹ ਦੇ ਸਾਰੇ ਬਾਹਰਲਿਆਂ ਦਮਦਮਿਆਂ ਤੇ ਸੰਘਰਾਂ ਪਰ ਪੂਰਾ ਕਬਜ਼ਾ ਕਰ ਲਿਆ। ਜਿਨ੍ਹਾਂ ਵਿਚੋਂ ਦੋ ਛੋਟੀਆਂ ਤੋਪਾਂ ਤੇ ਕਈ ਰਹਿਕਲੇ ਖਾਲਸੇ ਦੇ ਹੱਥ ਆਏ ਤੇ ਅੱਜ ਦੀ ਲੜਾਈ ਇਥੇ ਮੁਕੀ। ਪਰ ਅਜੇ ਨਰੈਣ ਗੜ੍ਹ ਦਾ ਪ੍ਰਸਿਧ ਕਿਲ੍ਹਾ ਫਤਹ ਕਰਨਾ ਬਾਕੀ ਸੀ।

ਸ: ਫਤਹ ਸਿੰਘ ਨੇ ਸਾਰੇ ਦਿਨ ਦੀ ਥੱਕੀ ਹੋਈ ਫੌਜ ਨੂੰ ਜ਼ਰੂਰੀ ਪੈਹਰੇਦਾਰਾਂ ਤੋਂ ਛੁਟ, ਸਭ ਨੂੰ ਆਰਾਮ ਕਰਨ ਦਾ ਹੁਕਮ ਦੇ ਦਿੱਤਾ।

## ਲੜਾਈ ਦਾ ਤੀਜਾ ਦਿਨ

ਸ: ਫਤਹ ਸਿੰਘ ਨੇ ਰਾਤ ਨੂੰ ਆਪਣੇ ਸਾਥੀ ਸਰਦਾਰਾਂ ਨੂੰ ਇਕੱਤ੍ਰ ਕੀਤਾ ਅਤੇ ਸਵੇਰ ਨੂੰ ਕਿਲ੍ਹਾ ਨਰੈਣ ਗੜ੍ਹ ਪਰ ਹੱਲਾ ਕਰਕੇ ਫਤਹ ਕਰਨ ਦੀਆਂ ਵਿਚਾਰਾਂ ਵਿਚਾਰਦੇ ਰਹੇ। ਫ਼ੈਸਲਾ ਇਹ ਹੋਇਆ ਕਿ ਕੁਝ ਚੋਣਵੇਂ ਜਵਾਨ ਕਿਲ੍ਹੇ ਦੀ ਲਹਿੰਦੀ ਬਾਹੀ ਦੇ ਦਰਵਾਜ਼ੇ ਹੇਠ ਬਰੂਦੀ ਸੁਰੰਗਾਂ ਦਬਾ ਦੇਣ ਅਤੇ ਕੁਝ ਜਵਾਨ ਇਸ ਉਡੀਕ ਵਿਚ ਰਹਿਣ ਕਿ ਜਿਸ ਵਕਤ ਕਿਲ੍ਹੇ ਦਾ ਦਰਵਾਜ਼ਾ ਉਡ ਜਾਏ ਤਾਂ ਧੈਂ ਕੇ ਕਿਲ੍ਹੇ ਅੰਦਰ ਜਾ ਵੜਨ, ਜਿਸ ਦੀ ਅਗਵਾਈ ਸਰਦਾਰ ਫਤਹ ਸਿੰਘ ਨੇ ਆਪਣੇ ਹੱਥ ਰਖੀ।

ਰਾਤੋ ਰਾਤ ਸਾਰਾ ਪ੍ਰਬੰਧ ਹੋ ਗਿਆ ਅਤੇ ਪਹਿਰ ਰਾਤ ਰਹਿੰਦੀ ਏਹ ਸ਼ੇਰ ਦਿਲ ਸੂਰਮੇ ਜਾਂਦੇ ਹੀ ਕਿਲ੍ਹੇ ਦੇ ਦਰਵਾਜ਼ੇ ਹੇਠ ਸੁਰੰਗਾਂ ਪੁਟਣ ਵਿਚ ਜੁਟ ਪਏ। ਉਪਰੋਂ ਵੈਰੀ ਇਨ੍ਹਾਂ ਪਰ ਅੱਗ ਦਾ



Sri Satguru Jagjit Singh Ji eLibrary NamdhariElibrary@gmail.com

ਵੀਂਹ ਵਸਾ ਰਿਹਾ ਸੀ। ਸਰਦਾਰ ਫਤਹ ਸਿੰਘ ਨੇ ਇਨ੍ਹਾਂ ਜੋਧਿਆਂ ਨੂੰ ਗਨੀਮ ਦੀ ਮਾਰ ਤੋਂ ਬਚਾਈ ਰਖਣ ਲਈ ਤੋਪਾਂ ਨੂੰ ਚੋਣਵੇਂ ਨਿਸ਼ਾਨਚੀ ਜਿਨ੍ਹਾਂ ਦੇ ਨਿਸ਼ਾਨੇ ਅਚੂਕ ਮੰਨੇ ਜਾਂਦੇ ਸਨ, ਵੈਰੀ ਪਰ ਜ਼ੋਰਦਾਰ ਗੋਲਾ-ਬਾਰੀ ਕਰਨ ਦੇ ਕੰਮ ਪਰ ਲਾ ਦਿੱਤੇ। ਇਸ ਸਮੇਂ ਇਨ੍ਹਾਂ ਜਵਾਨਾਂ ਦੇ ਬਰੂਦ ਦਬਾਣ ਦਾ ਕੰਮ ਬੜੀ ਤੇਜ਼ੀ ਨਾਲ ਪੂਰਾ ਕਰ ਲਿਆ। ਇਨ੍ਹਾਂ ਦੇ ਪਲੀਤਿਆਂ ਨੂੰ ਜਦ ਦਾਗਿਆ ਗਿਆ ਤਾਂ ਉਥੋਂ ਦਰਵਾਜ਼ਾ ਉਡ ਕੇ ਪਰੇ ਜਾ ਪਿਆ। ਬਸ ਫੇਰ ਕੀ ਸੀ ਸਰਦਾਰ ਫਤਹ ਸਿੰਘ ਸਣੇ ਆਪਣੇ ਬਹਾਦਰ ਸਾਥੀਆਂ ਦੇ ਇਸ ਪਾੜ ਪਰ ਟੁਟ ਪਏ। ਅੰਧਾ ਧੁੰਦ ਤਲਵਾਰਾਂ ਚਲਾਉਂਦੇ ਹੋਏ ਵੈਰੀਆਂ ਦੇ ਹਜ਼ਾਰਾਂ ਰੋਕਣ ਦੇ ਯਤਨ ਕਰਦਿਆਂ ਵੀ ਇਹ ਧਾ ਕੇ ਕਿਲ੍ਹੇ ਅੰਦਰ ਜਾ ਵੜੇ।

## ਕਿਲ੍ਹੇ ਦੀ ਫਤਹ

ਕਿਲ੍ਹੇ ਵਾਲਿਆਂ ਜਦ ਖਾਲਸੇ ਨੂੰ ਕਿਲ੍ਹੇ ਵਿਚ ਵੜਦਿਆਂ ਡਿੱਠਾ ਤਾਂ ਉਨ੍ਹਾਂ ਦਾ ਗ਼ਜ਼ਬ ਦਾ ਟਾਕਰਾ ਕੀਤਾ ਤੇ ਚੱਪਾ-ਚੱਪਾ ਜ਼ਮੀਨ ਲਈ ਲਹੂ ਦੀਆਂ ਨਦੀਆਂ ਵਗਾ ਦਿੱਤੀਆਂ। ਪਰ ਖਾਲਸਾ ਕਿਲ੍ਹੇ ਦਾ ਦੂਜਾ ਦਰਵਾਜ਼ਾ ਵੀ ਬਾਹਰ ਦੀ ਫੌਜ ਲਈ ਖੋਲ੍ਹਣ ਵਿਚ ਸਫ਼ਲ ਹੋ ਗਿਆ। ਹੁਣ ਸਾਰੀ ਫੌਜ ਇਕ ਦੂਜੇ ਤੋਂ ਅਗੇ ਵਧਦੀ ਹੋਈ ਕਿਲ੍ਹੇ ਅੰਦਰ ਜਾ ਵੜੀ। ਇਸ ਸਮੇਂ ਵੈਰੀ ਨਾਲ ਹੱਥੋ ਹੱਥ ਤਲਵਾਰ ਚਲਾਂਦਿਆਂ ਬੜੇ ਨਾਮੀ ਬੀਰ ਆਪਣੀ ਬੀਰਤਾ ਦਾ ਸਬੂਤ ਦੇਂਦੇ ਹੋਏ ਆਪਣੇ ਕੌਮੀ ਰਾਜ ਤੋਂ ਨਿਛਾਵਰ ਹੋਏ ਸਨ। ਇਨ੍ਹਾਂ ਵਿਚੋਂ ਕੁਝ ਕੁ ਦੇ ਨਾਮ ਇਹ ਹਨ। ਸਰਦਾਰ ਰਣ ਸਿੰਘ ਨੂੰ ਚਾਰ ਫੱਟ ਲੱਗੇ ਸਨ ਅਤੇ ਉਥੇ ਹੀ ਕੌਮ ਤੋਂ ਵਾਰਨੇ ਹੋਇਆ। ਇਸੇ ਤਰ੍ਹਾਂ ਕਰਨਲ ਮੋਹਨ ਸਿੰਘ ਅਤੇ ਸਰਦਾਰ ਦੇਵਾ ਸਿੰਘ ਭੰਡਾਰੀ ਆਦਿ ਨੇ ਆਪਣੇ ਪਿਆਰੇ ਮਹਾਰਾਜਾ ਲਈ ਆਪਾ ਬਲੀਦਾਨ ਕੀਤਾ[1]। ਸਰਦਾਰ ਫਤਹ ਸਿੰਘ ਦੇ ਕਿਲ੍ਹੇ ਵਿਚ ਵੜਦਿਆਂ ਹੀ ਵੈਰੀ ਦੀ ਰਹਿੰਦੀ ਆਸ ਦਾ ਵੀ ਲੱਕ ਟੁਟ ਗਿਆ। ਮੀਆਂ ਕਿਸ਼ਨ ਸਿੰਹੁ ਨੇ ਜਾਨ ਬਖਸ਼ੀ ਲਈ ਚਿੱਟਾ ਝੰਡਾ ਝੁਲਾ ਦਿੱਤਾ। ਸਰਦਾਰ ਫਤਹ ਸਿੰਘ ਨੇ ਆਪਣੀ ਸੂਤੀ ਹੋਈ ਤਲਵਾਰ ਉੱਚੀ ਕਰਕੇ ਖਾਲਸਾ ਫੌਜ ਨੂੰ ਹਥਿਆਰ ਚਲਾਣ ਤੋਂ ਮਨ੍ਹਾਂ ਕਰ ਦਿਤਾ ਅਤੇ ਮੀਆਂ ਕਿਸ਼ਨ ਸਿੰਘ ਨੂੰ ਫੜ ਲਿਆ ਗਿਆ। ਸਰਦਾਰ ਫ਼ਤਹ ਸਿੰਘ ਨੇ ਇਸ ਨੂੰ ਸਣੇ ਇਸ ਦੇ ਹੋਰਨਾਂ ਸਾਥੀਆਂ ਦੇ ਤਕੜੀ ਗਾਰਦ ਦੀ ਰਾਖੀ ਵਿਚ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਭਿਜਵਾ ਦਿਤਾ। ਹੁਣ ਖਾਲਸੇ ਦਾ ਕਿਲ੍ਹੇ ਪਰ ਕਬਜਾ ਹੋ ਗਿਆ। ਇਸ ਹਫੜਾ ਦਫੜੀ ਵਿਚ ਜਦ ਕਿ ਫੌਜਾਂ ਖ਼ਾਲਸੇ ਦੀ ਕੈਦ ਤੋਂ ਬਚਨ ਲਈ ਵਡੀ ਘਬਰਾਹਟ ਵਿਚ ਭੱਜ ਰਹੀਆਂ ਸਨ, ਠੀਕ ਇਸ ਸਮੇਂ ਕਿਲ੍ਹੇ ਦੇ ਇਕ ਬੁਰਜ ਵਿਚੋਂ ਕੁਝ ਗੋਲੀਆਂ ਚਲੀਆਂ ਇਨ੍ਹਾਂ ਵਿਚੋਂ ਇਕ ਸਰਦਾਰ ਫਤਹ ਸਿੰਘ ਕਾਲਿਆਂ ਵਾਲੇ ਦੀ ਛਾਤੀ ਵਿਚ ਲੱਗੀ। ਇਹ ਦੇਖਦੇ ਹੀ ਸਰਦਾਰ ਪਹਾੜ ਸਿੰਘ ਮਾਨ ਝੱਟ ਦੌੜ ਕੇ ਉਸ ਬੁਰਜ ਵਿਚ ਜਾ ਵੜਿਆ ਅਤੇ ਆਪਣੇ ਆਪ ਨੂੰ ਵੱਡੇ ਖ਼ਤਰੇ ਵਿਚ ਪਾ ਕੇ ਉਨ੍ਹਾਂ ਦੋਹਾਂ ਵੈਰੀਆਂ ਨੂੰ ਜਿਨ੍ਹਾਂ ਕਾਲਿਆਂ ਵਾਲੇ ਸਰਦਾਰ ਪਰ ਗੋਲੀਆਂ ਚਲਾਈਆਂ ਸਨ ਇਕੱਲੇ ਹੱਥ ਫੜ ਲਿਆ ਅਤੇ ਸਰਦਾਰ ਫਤਹ ਸਿੰਘ ਦੀਆਂ ਅੱਖਾਂ ਦੇ ਸਾਹਮਣੇ ਲਿਆ ਕੇ ਉਨ੍ਹਾਂ ਦੇ ਟੁਕੜੇ-ਟੁਕੜੇ ਉਡਾ ਦਿੱਤੇ।

## ਸਰਦਾਰ ਫ਼ਤਹ ਸਿੰਘ ਦਾ ਆਪਾ ਵਾਰਨਾ

ਸਰਦਾਰ ਫਤਹ ਸਿੰਘ ਦਾ ਫੱਟ ਬੜਾ ਗਹਿਰਾ ਸੀ ਤੇ ਇਸ ਤੋਂ ਰੱਤ ਦੇ ਫਵਾਰੇ ਚਲ ਰਹੇ ਸਨ। ਇਸ ਸਮੇਂ ਸ਼ੇਰਿ ਪੰਜਾਬ ਨੂੰ ਪਹਿਲੇ ਨਰੈਣ ਗੜ੍ਹ ਦੇ ਫਤਹ ਹੋ ਜਾਣ ਦੀ ਅਤਿ ਖੁਸ਼ੀ ਭਰੀ

---

1. ਸਯੱਦ ਮੁਹੰਮਦ ਲਤੀਫ ਹਿਸਟਰੀ ਔਫ ਦੀ ਪੰਜਾਬ ਸ: ੩੬੯।



Sri Satguru Jagjit Singh Ji eLibrary NamdhariElibrary@gmail.com

ਖਬਰ ਪਹੁੰਚੀ ਤੇ ਆਪ ਪ੍ਰਫੁਲਤ ਹੋ ਗਏ। ਹੁਣ ਆਪ ਇਸ ਮੁਹਿੰਮ ਨੂੰ ਫਤਹ ਕਰਨ ਵਾਲੇ ਵਿਜੰਈ ਬਹਾਦਰਾਂ ਲਈ ਜਾਗੀਰਾਂ ਤੇ ਖਿਲਤਾਂ ਬਖਸ਼ਣ ਦੀਆਂ ਵਿਚਾਰਾਂ ਕਰ ਰਹੇ ਸਨ, ਕਿ ਇਨੇ ਨੂੰ ਇਕਾ ਇਕ, ਇਕ ਸਵਾਰ ਘਬਰਾਇਆ ਹੋਇਆ ਪੁਜਾ ਤੇ ਉਸ ਨੂੰ ਸਰਦਾਰ ਫਤਹ ਸਿੰਘ ਦੇ ਘਾਇਲ ਹੋਣ ਦੀ ਦੁਖ਼ਦਾਈ ਖਬਰ ਸਰਕਾਰ ਨੂੰ ਆ ਸੁਣਾਈ। ਇਸ ਖਬਰ ਦੇ ਸੁਣਨ ਨਾਲ ਮਹਾਰਾਜਾ ਸਾਹਿਬ ਦੀਆਂ ਸਾਰੀਆਂ ਖੁਸ਼ੀਆਂ ਆਨ ਦੀ ਆਨ ਵਿਚ ਇਕ ਭਾਰੀ ਦੁਖ ਵਿਚ ਪਲਟ ਗਈਆਂ।

ਸ਼ੇਰਿ ਪੰਜਾਬ ਝਟ ਪਟ ਘੋੜੇ ਪਰ ਪਲਾਕੀ ਮਾਰ ਇਸ ਨੂੰ ਹਵਾ ਵਿਚ ਉਡਾਂਦੇ ਹੋਏ ਕਿਲ੍ਹੇ ਵਿਚ ਪਹੁੰਚ ਗਏ। ਇਸ ਸਮੇਂ ਸਰਦਾਰ ਜੀ ਦਾ ਬਹੁਤ ਸਾਰਾ ਲਹੂ ਨਿਕਲ ਜਾਣ ਦੇ ਕਾਰਣ ਆਪ ਦੀ ਦਸ਼ਾ ਕੁਝ ਕਮਜ਼ੋਰ ਹੋ ਗਈ ਸੀ। ਸ਼ੇਰਿ ਪੰਜਾਬ ਝਟਾਪਟ ਆਪ ਨੂੰ ਇਕ ਜੰਗੀ ਡੋਲੀ ਵਿਚ ਬੜੇ ਆਰਾਮ ਨਾਲ ਪਵਾ ਕੇ ਆਪਨੇ ਡੇਰੇ ਲੈ ਆਏ ਅਤੇ ਵਡੇ ਸਿਆਨੇ ਫੱਟ ਬੰਨ੍ਹ ਤੋਂ ਲਹੂ ਦੇ ਬੰਦ ਕਰਾਨ ਦਾ ਯਤਨ ਕਰਵਾਇਆ। ਪਰ ਗੋਲੀ ਦੇ ਪੇਟ ਵਿਚ ਹੋਣ ਦੇ ਕਾਰਨ ਆਪ ਦੀ ਰਤ-ਧਾਰਾ ਬੰਦ ਨਾ ਹੋ ਸਕੀ ਜਿਸ ਦੇ ਕਾਰਨ ਆਪ ਦੀ ਹਾਲਤ ਹੁਣ ਵਧੇਰੇ ਨਿਢਾਲ ਹੋ ਗਈ।

ਸ਼ੇਰਿ ਪੰਜਾਬ ਨੇ ਇਸ ਸਮੇਂ ਸਰਦਾਰ ਜੀ ਦਾ ਸੀਸ ਆਪਨੀ ਗੋਦੀ ਵਿਚ ਰਖਿਆ ਹੋਇਆ ਸੀ ਤਾਂ ਆਪ ਨੇ ਮਹਾਰਾਜਾ ਸਾਹਿਬ ਨੂੰ ਖਾਲਸਾ ਰਾਜ ਦੀ ਪਕਿਆਈ ਲਈ ਕੁਝ ਅੰਤਮ ਸਿਖਿਆ ਦਿਤੀਆਂ ਜਿਨ੍ਹਾਂ ਨੂੰ ਸਰਕਾਰ ਨੇ ਵਡੇ ਗਹੁ ਨਾਲ ਸੁਣਿਆ। ਉਹ ਇਸ ਤਰ੍ਹਾਂ ਸਨ ਕਿ - (੧) ਖਾਲਸਾ ਰਾਜ ਦੀ ਸੇਵਾ ਲਈ ਸਹਿਕਾਰੀ ਚੁਣਨ ਲਗਿਆਂ ਉਨ੍ਹਾਂ ਦੀ ਯੋਗਤਾ ਨੂੰ ਮੁਖ ਰਖਣਾ।(੨) ਖਾਲਸਾ ਰਾਜ ਨੂੰ ਸਭ ਦਾ ਸਾਂਝਾ ਰਾਜ ਬਣਾਣਾ।(੩) ਵੈਰੀਆਂ ਨਾਲ ਖੁਲ੍ਹ-ਦਿਲੀ ਨਾਲ ਵਰਤਨਾ। ਅਜੇ ਇਹ ਛੇੜਕਲੀ ਗੱਲ ਸਰਦਾਰ ਫਤਹ ਸਿੰਘ ਦੇ ਮੂੰਹ ਵਿਚ ਹੀ ਸੀ ਕਿ ਆਪ ਨੇ ਆਪਣੀਆਂ ਸਿਆਣਪ ਭਰੀਆਂ ਅੱਖਾਂ ਸਦਾ ਲਈ ਮੁੰਦ ਲਈਆਂ ਤੇ ਇਕ ਪਲ ਦੇ ਪਲ ਵਿਚ ਆਪ ਦਾ ਭੌਰ ਉਡਾਰੀਆਂ ਲਾ ਕੇ ਉਥੇ ਜਾ ਪੁਜਾ ਜਿਥੋਂ ਕਦੇ ਕੋਈ ਪਰਤ ਕੇ ਨਹੀਂ ਆਇਆ। ਅਜ ਸ਼ੇਰਿ ਪੰਜਾਬ ਦਾ ਪੁਰਾਣਾ ਸਾਥੀ ਅਤੇ ਖਾਲਸਾ ਰਾਜ ਦੇ ਉਸਰਈਆਂ ਵਿਚੋਂ ਉੱਚ ਚੋਟੀ ਦਾ ਉਸਰਈਆ ਸਰਕਾਰ ਨੂੰ ਸਦਾ ਦਾ ਵਿਛੋੜਾ ਦੇ ਕੇ ਖਾਲਸਾ ਰਾਜ ਤੋਂ ਆਪਨਾ ਆਪ ਵਾਰ ਗਿਆ[1] ਇਹ ਗਲ ੨੫ ਅਕਤੂਬਰ ਸੰਨ ੧੮੦੭ ਈ: ਦੀ ਹੈ।

ਅਗਲੇ ਦਿਨ ਸਰਦਾਰ ਫਤਹ ਸਿੰਘ ਦਾ ਅੰਤਮ ਸੰਸਕਾਰ ਸ਼ਾਹਾਨਾ ਫੌਜੀ ਠਾਠ ਨਾਲ ਕੀਤਾ ਗਿਆ। ਸਰਦਾਰ ਫਤਹ ਸਿੰਘ ਦੇ ਵਿਛੋੜੇ ਦਾ ਮਹਾਰਾਜਾ ਸਾਹਿਬ ਪਰ ਬੜਾ ਗਹਿਰਾ ਅਸਰ ਪਿਆ ਆਪ ਇਥੋਂ ਸਿਧੇ ਲਾਹੌਰ ਨੂੰ ਪਰਤ ਆਏ।

ਵਡੇ ਦੁਖ ਦੀ ਗਲ ਇਹ ਸੀ ਕਿ ਵਡੇ ਬੀਰ ਬਹਾਦਰ ਸਰਦਾਰ ਦੇ ਘਰ ਕੋਈ ਸੰਤਾਨ ਨਹੀਂ ਸੀ। ਸ਼ੇਰਿ ਪੰਜਾਬ ਦੇ ਮਨ ਵਿਚ ਆਪ ਲਈ ਵਧ ਤੋਂ ਵਧ ਸਤਿਕਾਰ ਸੀ, ਇਸ ਲਈ ਉਸ ਸਮੇਂ ਦੇ ਰਿਵਾਜ ਦੇ ਉਲਟ[2] ਸਰਕਾਰ ਨੇ ਆਪ ਦੀ ਧਰਮ ਪਤਨੀ ਨੂੰ ਖੁਲੀ ਆਗਿਆ ਦੇ ਦਿਤੀ ਕਿ ਉਹ ਜਿਸ ਨੂੰ ਚਾਹੇ ਆਪਨੀ ਇੱਛਾ ਅਨੁਸਾਰ ਗੋਦੀ ਪਾ ਲਏ ਅਰਥਾਤ ਪਾਲਿਤ ਪੁਤ੍ਰ ਦੀ ਇਹ ਰਿਆਇਤ ਇਸ ਤੋਂ ਪਹਿਲਾਂ ਹੋਰ ਕਿਸੇ ਨੂੰ ਨਹੀਂ ਸੀ ਦਿਤੀ ਗਈ।

---

1. ਸਯੱਦ ਮੁਹੰਮਦ ਲਤੀਫ ਹਿਸਟਰੀ ਔਫ਼ ਦੀ ਪੰਜਾਬ ਸ: ੩੬੯।
2. ਮੁਗ਼ਲੀਆ ਹਕੂਮਤ ਦੇ ਪੁਰਾਣੇ ਤਰੀਕੇ ਅਨੁਸਾਰ ਬੇ ਸੰਤਾਨੇ ਦੀ ਜਾਇਦਾਦ ਹਕੂਮਤ ਦੀ ਸਮਝੀ ਜਾਂਦੀ ਸੀ। ਸੰਨ ੧੮੫੭ ਤਕ ਅੰਗਰੇਜ਼ੀ ਹਕੂਮਤ ਦਾ ਵੀ ਇਹ ਤਰੀਕਾ ਸੀ।



Sri Satguru Jagjit Singh Ji eLibrary NamdhariElibrary@gmail.com

# ਜਰਨੈਲ ਧੰਨਾ ਸਿੰਘ ਮਲਵਈ

ਇਤਿਹਾਸਕ ਖੋਜ ਤੋਂ ਪਤਾ ਚਲਦਾ ਹੈ ਕਿ ਸਰਦਾਰ ਧੰਨਾ ਸਿੰਘ ਮਲਵਈ ਸੰਨ ੧੮੦੦ ਦੇ ਲਗ ਪਗ ਸਰਦਾਰ ਫਤਹ ਸਿੰਘ ਕਾਲਿਆਂ ਵਾਲੇ ਦੇ ਸਵਾਰਾਂ ਵਿਚ ਸ਼ਾਮਲ ਹੋਇਆ। ਇਸ ਫੌਜ ਨਾਲ ਮਿਲਕੇ ਆਪ ਨੇ ਆਪਣੀ ਫੌਜੀ (ਜੰਗੀ) ਯੋਗਤਾ ਤੇ ਬੀਰਤਾ ਦਾ ਐਸਾ ਕਮਾਲ ਦਸਿਆ ਕਿ ਆਪ ਨੂੰ ਥੋੜੇ ਸਮੇਂ ਦੇ ਉਪਰੰਤ ਇਸ ਫੌਜ ਵਿਚ ਹੀ ਇਕ ਬੜੀ ਜ਼ਿਮੇਂਵਾਰੀ ਦਾ ਅਹੁਦਾ ਦਿੱਤਾ ਗਿਆ।

ਸਰਦਾਰ ਫਤਹ ਸਿੰਘ ਚੂੰਕਿ ਸ਼ੇਰਿ ਪੰਜਾਬ ਦਾ ਮੁਢਲਾ ਸਹਾਇਕ ਸੀ ਇਸ ਲਈ ਕਾਲਿਆਂ ਵਾਲੇ ਸਰਦਾਰ ਦੀ ਫੌਜ ਨੂੰ ਖਾਲਸਾ ਰਾਜ ਦੀ ਉਸਾਰੀ ਲਈ ਜਿਨ੍ਹਾਂ ਸੰਗ੍ਰਾਮਾਂ ਵਿਚ ਸ਼ਾਮਲ ਹੋਣਾ ਪਿਆ, ਲਗਪਗ ਉਨ੍ਹਾਂ ਸਾਰਿਆਂ ਵਿਚ ਇਹ ਮਲਵਈ ਨੌਜੁਆਨ, ਵਧ ਵਧ ਕੇ ਆਪਣੀ ਸੂਰਮਤਾਈ ਦੇ ਜੌਹਰ ਦਿਖਾਉਂਦਾ ਰਿਹਾ।

ਇੰਵ ਨਾ ਕੇਵਲ ਸਰਦਾਰ ਧੰਨਾ ਸਿੰਘ ਨੂੰ ਨਿਵਾਜਣ ਵਾਲਾ ਸਰਦਾਰ ਫਤਹ ਸਿੰਘ ਇੱਕਲਾ ਹੀ ਸੀ, ਸਗੋਂ ਇਸ ਦੀ ਜਾਨਬਾਜ਼ੀ ਦੀ ਕਦਰ ਕਰਨ ਵਾਲਾ ਸ਼ੇਰਿ ਪੰਜਾਬ, ਦੂਜਾ ਸਰ-ਪਰਸੱਤ ਵੀ ਇਸ ਦੇ ਸਿਰ ਪਰ ਹੋ ਗਿਆ। ਅਰਥਾਤ ਜਿਥੇ ਸਰਦਾਰ ਫ਼ਤਹ ਸਿੰਘ ਆਪ ਨੂੰ ਆਪਣੇ ਦਿਲੋਂ ਪਿਆਰ ਕਰਦਾ ਸੀ ਉੱਥੇ ਉਸ ਦੇ ਨਾਲ ਹੁਣ ਮਹਾਰਾਜਾ ਰਣਜੀਤ ਸਿੰਘ ਜਿਸ ਨੂੰ ਜਮਾਂਦਰੂ ਮਨੁੱਖੀ ਪਰਖ ਦਾ ਗੁਣ ਕੁਦਰਤ ਵਲੋਂ ਮਿਲਿਆ ਹੋਇਆ ਸੀ, ਇਸ ਹੋਨਹਾਰ ਯੁਵਕ ਦੇ ਕਮਾਲ ਦੇਖ ਦੇਖ ਕੇ ਆਪਣੇ ਮਨ ਵਿਚ ਡੂੰਘੀ ਥਾਂ ਦੇ ਰਿਹਾ ਸੀ।

ਸਰਦਾਰ ਫ਼ਤਹ ਸਿੰਘ ਕਾਲਿਆਂ ਵਾਲੇ ਨੇ ਖਾਲਸਾ ਰਾਜ ਲਈ ਨਰੈਣ ਗੜ੍ਹ ਦਾ ਕਿਲ੍ਹਾ ਫਤਹ ਕਰਨ ਸਮੇਂ-ਜਿਹਾ ਕਿ ਆਪ ਪਿਛੇ ਪੜ੍ਹ ਆਏ ਹੋ - ਆਪਾ ਵਾਰ ਕੇ ਜੋ ਸ਼ਾਨਦਾਰ ਕੁਰਬਾਨੀ ਦਿਤੀ ਸੀ ਉਸ ਸਮੇਂ ਮਲਵਈ ਸਰਦਾਰ ਵੀ ਸਖਤ ਫਟੜ ਹੋਏ ਸਨ।

## ਜੀਵਨ-ਪੰਧ ਦੀ ਦੂਜੀ ਮੰਜ਼ਲ

ਸਰਦਾਰ ਫਤਹ ਸਿੰਘ ਦੇ ਘਰ ਕੋਈ ਸੰਤਾਨ ਨਹੀਂ ਸੀ, ਜਿਹਾ ਕਿ ਆਪ ਪਿਛੇ ਪੜ੍ਹ ਆਏ ਹੋ। ਆਪ ਆਪਣੇ ਜੀਵਨ ਸਮੇਂ ਆਪਣੇ ਦੋਸਤਾਂ ਮਿੱਤ੍ਰਾਂ ਦੇ ਸਾਹਮਣੇ ਕਈ ਵਾਰ ਇਹ ਖਿਆਲ ਪ੍ਰਗਟ ਕਰ ਚੁਕੇ ਸਨ ਕਿ ਜੇ ਕਦੇ ਮੈਨੂੰ ਲੈ ਪਾਲਕੀ ਦਾ ਹੱਕ ਮਿਲ ਗਿਆ ਤਾਂ ਮੇਰਾ ਮੁਤਬੰਨਾ ਧੰਨਾ ਸਿੰਘ ਮਲਵਈ ਹੋਵੇਗਾ। ਕਿਹਾ ਜਾਂਦਾ ਹੈ ਕਿ ਆਪ ਦੀ ਸਰਦਾਰਨੀ ਜੀ ਦੀ ਵੀ ਇਹੋ ਇੱਛਾ ਸੀ ਕਿ ਉਹ ਆਪਣੇ ਪੂਜਯ ਪਤੀ ਦੇ ਪ੍ਰਗਟ ਕੀਤੇ ਖਿਆਲਾਂ ਨੂੰ ਪੂਰਾ ਕਰਕੇ ਉਸ ਪਰ ਫੁਲ ਚੜ੍ਹਾਏ, ਪਰ ਇਸ ਸਮੇਂ ਇਕ ਖਾਸ ਕਾਰਨ ਕਰਕੇ ਆਪ ਜੀ ਦੀ ਇਹ ਇੱਛਾ ਪੂਰੀ ਨਾ ਹੋ ਸਕੀ।

ਸ਼ੇਰਿ ਪੰਜਾਬ ਦੀ ਇਹ ਪੁਰਾਣੀ ਚਾਹੁਨਾ ਸੀ ਕਿ ਸਰਦਾਰ ਧੰਨਾ ਸਿੰਘ ਮਲਵਈ ਦਾ ਸੰਬੰਧ ਸਿੱਧਾ ਸਰਕਾਰ ਨਾਲ ਹੋ ਜਾਏ ਹੁਣ ਉਸ ਦੇ ਪੂਰਾ ਹੋਣ ਦਾ ਯੋਗ ਸਮਾਂ ਆ ਗਿਆ ਸੀ, ਸੋ ਇਸ



Sri Satguru Jagjit Singh Ji eLibrary NamdhariElibrary@gmail.com

ਚਾਹਨਾ ਅਨੁਸਾਰ ਸ਼ੇਰਿ ਪੰਜਾਬ ਨੇ ਸਰਦਾਰ ਜੀ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਆਪ ਅਗੇ ਨੂੰ ਸਾਡੇ ਨਾਲ ਮਿਲਕੇ ਖਾਲਸਾ ਰਾਜ ਦੀ ਸੇਵਾ ਕਰੋ। ਸਰਦਾਰ ਧੰਨਾ ਸਿੰਘ ਲਈ ਇਸ ਤੋਂ ਵਧ ਖਾਸ ਵਡਿਆਈ ਦੀ ਹੋਰ ਕਿਹੜੀ ਗੱਲ ਸੀ। ਆਪ ਨੂੰ ਉਸ ਦਿਨ ਤੋਂ ਹੀ ਖਾਸ ਮਹਾਰਾਜੇ ਦੀ ਹਜ਼ੂਰੀ ਦਾ ਮਾਨ ਪ੍ਰਾਪਤ ਹੋ ਗਿਆ। ਮਹਾਰਾਜਾ ਸਾਹਿਬ ਨੇ ਆਪ ਨੂੰ ਪਹਿਲੀ ਜਾਗੀਰ ੨੦੦੦ ਰੁਪਏ ਆਮਦਨੀ ਦੀ ਪਿੰਡ ਬਿਲਾ ਸੂਰ, ਇਲਾਕਾ ਤਰਨ ਤਾਰਨ ਵਿਚ ਦਿਤੀ। ਇਸ ਦੇ ਉਪਰੰਤ ਅਸੀਂ ਦੇਖਦੇ ਹਾਂ ਕਿ ਖਾਲਸਾ ਰਾਜ ਦੀ ਉਸਾਰੀ ਲਈ ਆਪ ਨੂੰ ਆਪਣਾ ਬਹੁਤ ਸਾਰਾ ਲਹੂ ਵਾਰ ਕੇ ਉਹ ਉਹ ਕਰੜੀਆਂ ਘਾਲਾਂ ਘਾਲੀਆਂ ਜਿਸ ਦੇ ਪੜ੍ਹਨ ਨਾਲ ਆਪ ਦੇ ਕੌਮੀ ਪਿਆਰ ਤੇ ਦੇਸ਼ ਪ੍ਰੇਮ ਦੀ ਸੇਵਾ ਦੀ ਮੂਰਤ ਸਾਡੇ ਸਾਹਮਣੇ ਆ ਖਲੋਂਦੀ ਹੈ।

## ਸਾਹੀਵਾਲ, ਖੁਸ਼ਾਬ ਤੇ ਸਰਦਾਰ ਧੰਨਾ ਸਿੰਘ

ਇਲਾਕਾ ਸਾਹੀਵਾਲ ਦਾ ਰਈਸ ਫਤਹ ਖਾਨ ਬਿਲੋਚ ਮੁਹੰਮਦ ਖਾਨ ਦਾ ਪੁਤ੍ਰ ਆਪਣੇ ਸਮੇਂ ਦਾ ਬੜਾ ਦਲੇਰ ਨਵਾਬ ਸੀ। ਇਸ ਨੇ ਜੁਵਾਨੀ ਚੜ੍ਹਦੇ ਹੀ ਆਪਣੀ ਮਾਂ, ਅੱਲਾ ਜਵਾਈ ਦੇ ਘਰਾਣੇ ਦੇ ਪੁਰਾਣੇ ਦੀਵਾਨ ਦਇਆ ਰਾਮ ਦੀ ਸਹਾਇਤਾ ਨਾਲ ਆਪਣੇ ਵਡੇ-ਵਡੇਰਿਆਂ ਦਾ ਉਹ ਸਾਰਾ ਇਲਾਕਾ ਜਿਹੜਾ ਇਸ ਦੇ ਪਿਤਾ ਚਚੇਰੇ ਭਾਈਆਂ ਨੇ ਇਸ ਦੇ ਪਿਤਾ ਨੂੰ ਕਤਲ ਕਰਕੇ ਦਬਾ ਲਿਆ ਸੀ, ਮੁੜ ਪ੍ਰਾਪਤ ਕਰ ਲਿਆ। ਇਸ ਤਰ੍ਹਾਂ ਹੁਣ ਡੇਢ ਲੱਖ ਰੁਪਿਆ ਸਾਲਾਨਾ ਆਮਦਨੀ ਦੀ ਰਿਆਸਤ ਇਸ ਦੇ ਕਬਜ਼ੇ ਵਿਚ ਆ ਗਈ।

ਇਹ ਬਿਲੋਚ ਨਵਾਬ ਬੜਾ ਨਿਰਦਈ ਪਰ ਪ੍ਰਸਿੱਧ ਸੀ। ਇਸ ਨੇ ਆਪਣੇ ਵੈਰੀਆਂ ਤੋਂ ਗਿਣ ਗਿਣ ਕੇ ਬਦਲੇ ਲਏ। ਕਿਸੇ ਨੂੰ ਕਤਲ ਕੀਤਾ, ਕਿਸੇ ਨੂੰ ਘਰੋਂ ਬੇ ਘਰ ਕਰਕੇ ਆਪਣੇ ਲਈ ਇਲਾਕਾ ਸਾਫ ਕਰ ਲਿਆ।

ਸੰਨ ੧੭੮੯ ਵਿਚ ਜਦ ਸਰਦਾਰ ਮਹਾਂ ਸਿੰਘ ਸੁਕ੍ਰਚੱਕੀਏ ਦਾ ਸਤਾਰਾ ਪੂਰ ਅਕਾਸ਼ ਪਰ ਚਮਕਿਆ ਅਤੇ ਉਸ ਦੀ ਧਾਂਕ ਸਾਰੇ ਲਹਿੰਦੇ ਪੰਜਾਬ ਵਿਚ ਪੈ ਗਈ ਤਾਂ ਨਵਾਬ ਫਤਹ ਖਾਨ ਨੇ ਆਪਣੀ ਸਲਾਮਤੀ ਇਸੇ ਵਿਚ ਸਮਝੀ ਕਿ ਉਹ ਸੁਕ੍ਰਚੱਕੀਏ ਸਰਦਾਰ ਨਾਲ ਮੇਲ ਕਰਕੇ ਉਸ ਦੀ ਈਨ ਮੰਨ ਲਏ। ਇਸੇ ਤਰ੍ਹਾਂ ਇਸ ਨੇ ਚੰਗੀ ਨਸਲ ਦੇ ੨੫ ਘੋੜੇ ਤੇ ੨੫ ਊਠ ਬਾਜ ਵਜੋਂ ਸਾਲਾਨਾ ਦੇਣੇ ਆਪਣੇ ਜ਼ਿਮੇਂ ਲਏ। ਇਹ ਬਾਜਗੁਜ਼ਾਰੀ ਸਰਦਾਰ ਮਹਾਂ ਸਿੰਘ ਦੇ ਜੀਵਨ ਸਮੇਂ ਤਾਂ ਉਹ ਪਹੁੰਚਾਂਦਾ ਰਿਹਾ ਪਰ ਸਰਦਾਰ ਜੀ ਦੀਆਂ ਅੱਖਾਂ ਮੀਟਦਿਆਂ ਹੀ ਇਸ ਨੇ ਬਾਜ ਦੇਣੀ ਬੰਦ ਕਰ ਦਿੱਤੀ।

ਹੁਣ ਜਦ ਸ਼ੇਰਿ ਪੰਜਾਬ ਦੁੜਕਿਆ ਅਤੇ ਆਪ ਨੇ ਆਪਣੇ ਪਿਤਾ ਪਿਤਾਮਾ ਦੇ ਬਾਜਗੁਜ਼ਾਰ ਇਲਾਕਿਆਂ ਵਲ ਧਿਆਨ ਦਿੱਤਾ ਤਾਂ ਫਤਹ ਖਾਨ ਨੇ ਸੰਨ ੧੮੦੪ ਵਿਚ ਮੁੜ ਪੁਰਾਣੇ ਅਹਿਦਨਾਮੇ ਦੇ ਬਦਲੇ ਰੋਕ ੧੨੦੦੦ ਰੁਪਿਆ ਸਾਲਾਨਾ ਬਾਜਗੁਜ਼ਾਰੀ ਦੇਣੀ ਲਿਖ ਦਿਤੀ। ਪਰ ਆਜ਼ਾਦੀ ਇਕ ਐਸੀ ਬਹੁਮੁੱਲੀ ਨਿਆਮਤ ਹੈ ਜਿਸ ਦੀਆਂ ਬਰਕਤਾਂ ਤੋਂ ਜਦ ਕੋਈ ਇਕ ਵਾਰ ਜਾਣੂ ਹੋ ਜਾਏ ਤਾਂ ਮੁੜ ਲਗਦੇ ਹੋਏ ਆਪਣੇ ਗਲੇ ਵਿਚ ਪ੍ਰਤੰਤ੍ਰਤਾ ਦੀ ਪੰਜਾਲੀ ਪਾਣੀ ਨਹੀਂ ਸਹਾਰ ਸਕਦਾ। ਸੋ ਇਸੇ ਲਗਨ ਵਿਚ ਫ਼ਤਹ ਖਾਨ ਨੇ ਸ਼ੇਰਿ ਪੰਜਾਬ ਨੂੰ ਆਪਣੀ ਲਿਖਤ ਮੂਜਬ ਕੁਝ ਦੇਣ ਦਵਾਣ ਦਾ ਮੂਲੋਂ ਖਿਆਲ ਭੁਲਾ ਛਡਿਆ ਅਤੇ ਟਾਲ-ਮਟੋਲਿਆਂ ਵਿਚ ਹੀ ਸਮਾਂ ਬਿਤਾਂਦਾ ਰਿਹਾ।



Sri Satguru Jagjit Singh Ji eLibrary NamdhariElibrary@gmail.com

ਛੇਕੜ ਸੰਨ ੧੮੧੦ ਵਿਚ ਸ਼ੇਰਿ ਪੰਜਾਬ ਨੇ ਆਪਣਾ ਪ੍ਰਸਿੱਧ ਦੌਰਾ ਅਰੰਭਿਆ ਅਤੇ ਸਾਹੀਵਾਲ ਦੇ ਇਲਾਕੇ ਵਿਚ ਪਹੁੰਚ ਕੇ ਨਵਾਬ ਫਤਹ ਖਾਨ ਨੂੰ ਹਾਜ਼ਰ ਹੋਣ ਲਈ ਮੁਰਾਸਲਾ ਭੇਜਿਆ। ਪਰ ਚੂੰਕਿ ਫਤਹ ਖਾਨ ਦੇ ਮਨ ਵਿਚ ਆਪਣੇ ਵਾਇਦਿਆਂ ਤੇ ਅਹਿਦਨਾਮਿਆਂ ਦੇ ਭੰਗ ਕਰਨ ਦਾ ਹਊਆ ਬੈਠਾ ਹੋਇਆ ਸੀ, ਉਹ ਹੁਣ ਉਸ ਦੇ ਆਪਣੇ ਚਿਤਵਨ ਅਨੁਸਾਰ ਇਕ ਭਿਆਨਕ ਰੂਪ ਧਾਰਕੇ ਇਸ ਦੀਆਂ ਅੱਖਾਂ ਅਗੇ ਆ ਖਲੋਤਾ। ਇਸ ਸਮੇਂ ਇਸ ਨੇ ਆਪ ਹਾਜ਼ਰ ਹੋਕੇ ਆਪਣੀ ਭੁਲ ਬਖਸ਼ਾਵਣ ਦੀ ਥਾਂ, ਜੋ ਸੁਤੇ ਹੀ ਬਖਸ਼ੀ ਜਾਣੀ ਸੀ, ਆਪਣੇ ਚਾਰ ਸਾਲ ਦੇ ਇਞਾਣੇ ਬੱਚੇ ਲੰਗਰ ਖਾਨ ਨੂੰ ਸਰਕਾਰ ਦੇ ਦਰਬਾਰ ਵਿਚ ਭਿਜਵਾ ਦਿਤਾ[1] ਅਤੇ ਨਾਲ ਹੀ ਦੀਵਾਨ ਦਇਆ ਰਾਮ ਦੀ ਰਾਹੀਂ ਆਪਣੇ ਵਲੋਂ ਲਿਖਤੀ ਪੱਤ੍ਰ ਭੇਜਿਆ ਕਿ ਮੈਨੂੰ ਇਕ ਮਹੀਨੇ ਦੀ ਮੋਹਲਤ ਦਿਤੀ ਜਾਏ, ਮੈਂ ਇਸ ਸਮੇਂ ਦੇ ਅੰਦਰ ਹੀ ਆਪਣੀ ਬਾਕੀ ਰਹਿੰਦੀ ਬਾਜ ਸਰਕਾਰ ਦੇ ਖਜਾਨੇ ਵਿਚ ਦਾਖਲ ਕਰ ਦਿਆਂਗਾ।

ਸ਼ੇਰਿ ਪੰਜਾਬ ਨੂੰ ਸੁਭਾਵਕ ਹੀ ਨਿੱਕੇ ਬੱਚੇ ਬੜੇ ਪਿਆਰੇ ਲਗਦੇ ਸਨ ਸੋ ਇਸ ਛੋਟੇ ਜਿਹੇ ਬੱਚੇ ਦੇ ਗਲ ਆਪ ਨੇ ਆਪਣੇ ਵਲੋਂ ਸੋਨੇ ਦਾ ਕੰਠਾ ਪਾ ਕੇ ਨਵਾਬ ਪਾਸ ਭਿਜਵਾ ਦਿਤਾ ਅਤੇ ਇਸ ਤਰ੍ਹਾਂ ਉਸਨੂੰ ਆਪਣਾ ਵਾਇਦਾ ਪੂਰਾ ਕਰਨ ਦਾ ਇਕ ਹੋਰ ਮੌਕਾ ਦੇ ਦਿਤਾ। ਸ਼ੇਰਿ ਪੰਜਾਬ ਨੇ ਇਥੋਂ ਕੂਚ ਸਮੇਂ ਸਰਦਾਰ ਧੰਨਾਂ ਸਿੰਘ ਨੂੰ ਹੁਕਮ ਦਿੱਤਾ ਸੀ ਕਿ ਮੁਜ਼ੱਫਰ ਖਾਨ ਰਈਸ ਖੁਸ਼ਾਬ ਦੇ ਇਲਾਕੇ ਪਰ ਚੜ੍ਹਾਈ ਕਰ ਦੇਵੇ। ਮੁਜ਼ੱਫ਼ਰ ਖਾਨ ਨੇ ਜਦ ਖਾਲਸਾ ਫੌਜ ਦਾ ਖੁਸ਼ਾਬ ਵਲ ਵਧਣ ਦਾ ਹਾਲ ਸੁਣਿਆ ਤਾਂ ਅਗੋਂ ਆਪਣੇ ਸਾਰੇ ਲਸ਼ਕਰ ਨੂੰ ਇਕੱਠਾ ਕਰਕੇ ਖਾਲਸੇ ਦੇ ਟਾਕਰੇ ਲਈ ਤਿਆਰ ਹੋ ਗਿਆ।

ਹੁਣ ਖਾਲਸਾ ਫੌਜ ਦੇ ਖੁਸ਼ਾਬ ਦੀ ਹੱਦ ਵਿਚ ਵੜਦਿਆਂ ਹੀ ਮੁਜ਼ਫ਼ਰ ਖ਼ਾਨ ਨੇ ਅੱਗ ਵਰਸਾਉਣੀ ਅਰੰਭ ਕਰ ਦਿਤੀ। ਇਧਰੋਂ ਖਾਲਸਾ ਵੀ ਆਪਣੇ ਬਹਾਦਰ ਜਰਨੈਲ ਦੀ ਅਗਵਾਈ ਵਿਚ ਅਡੋਲ ਅਗੇ ਵਧਦਾ ਗਿਆ। ਹਰ ਇਕ ਮੈਦਾਨ ਵਿਚ ਨਵਾਬ ਮੁਜ਼ੱਫ਼ਰ ਖਾਨ ਆਪਣੇ ਦੇਸ਼ ਪਿਆਰ ਦੇ ਜੋਸ਼ ਵਿੱਚ ਬੜੀ ਨਿਡਰਤਾ ਨਾਲ ਲੜਦਾ ਰਿਹਾ। ਕਈ ਮੈਦਾਨਾਂ ਵਿਚ ਤਾਂ ਉਹ ਐਨੀ ਦਲੇਰੀ ਨਾਲ ਤਲਵਾਰ ਚਲਾਉਂਦਾ ਰਿਹਾ ਕਿ ਨਿਰਸੰਦੇਹ ਉਸ ਦੀ ਦਾਦ ਦੇਣੀ ਪੈਂਦੀ ਸੀ।

ਛੇਕੜ ਇਕ ਸਵੇਰ ਬਹਾਦਰ ਧੰਨਾ ਸਿੰਘ ਨੇ ਸਣੇ ਖਾਲਸਾ ਫੌਜ ਦੇ, ਜਦ ਕਿ ਅਜੇ ਮੂੰਹ ਹਨੇਰੇ ਹੀ ਸੀ ਇਸ ਇਰਾਦੇ ਨਾਲ ਖੁਸ਼ਾਬ ਦੇ ਕਿਲ੍ਹੇ ਪਰ ਹੱਲਾ ਬੋਲ ਦਿੱਤਾ, ਕਿ ਅਜ ਕਿਲ੍ਹਾ ਫਤਹ ਕਰਕੇ ਇਸ ਪਰ ਖਾਲਸੇ ਦਾ ਝੰਡਾ ਲਹਿਰਾ ਦਿਆਂਗੇ ਯਾ ਆਪਣਾ ਆਪ ਵਾਰ ਦਿਆਂਗੇ। ਮੁਜ਼ੱਫਰ ਖਾਨ ਅਜ ਵੀ ਉਸੇ ਤਰ੍ਹਾਂ ਦ੍ਰਿੜਤਾ ਨਾਲ ਲੜਦਾ ਰਿਹਾ।

## ਹਥੋ ਹਥ ਤੇਗ ਚਲਾਉਣੀ

ਲੌਢੇ ਪਹਿਰ ਜਦ ਨਵਾਬ ਨੇ ਬਾਜ਼ੀ ਹੱਥੋਂ ਜਾਂਦੀ ਡਿੱਠੀ ਤਾਂ ਇਹ ਬਹਾਦਰਾਂ ਦੀ ਤਰ੍ਹਾਂ ਸਰਦਾਰ ਧੰਨਾ ਸਿੰਘ ਦੇ ਟਾਕਰੇ ਲਈ ਆਪਣੇ ਸਵਾਰਾਂ ਤੋਂ ਅੱਗੇ ਨਿਕਲ ਆਇਆ ਅਤੇ ਦੋਹਾਂ ਬਹਾਦਰਾਂ ਦੇ ਐਸੇ ਹੱਥ-ਪਲੱਥੇ ਦਾਓ ਕੀਤੇ ਕਿ ਦੇਖਣ ਵਾਲੇ ਹੈਰਾਨ ਰਹਿ ਗਏ। ਠੀਕ ਇਸ ਵੇਲੇ ਵੀਰ ਧੰਨਾ ਸਿੰਘ ਨੇ ਆਪਣੀ ਤਲਵਾਰ ਦਾ ਇਕ ਐਸਾ ਤੁਲਵਾਂ ਵਾਰ ਨਵਾਬ ਪਰ ਕੀਤਾ ਕਿ

---

1. ਸਯਦ ਮੁਹੰਮਦ ਲਤੀਫ, ਹਿਸਟਰੀ ਔਫ ਦੀ ਪੰਜਾਬ, ਸਫਾ ੩੮੬।



Sri Satguru Jagjit Singh Ji eLibrary NamdhariElibrary@gmail.com

ਉਹ ਭਵਾਟਣੀ ਖਾ ਕੇ ਘੋੜੇ ਤੋਂ ਹੇਠਾਂ ਜਾ ਪਿਆ। ਇਸ ਸਮੇਂ ਸਰਦਾਰ ਜੀ ਨੇ ਖਾਲਸੇ ਦੇ ਨਿਯਮ ਅਨੁਸਾਰ ਕਿ 'ਫਟੜ ਪਰ ਵਾਰ ਨਹੀਂ' ਕਰਨਾ ਦੂਜਾ ਵਾਰ ਇਸ ਪਰ ਨਾ ਕੀਤਾ।

## ਨਵਾਬ ਨੂੰ ਫੜਨਾ

ਨਵਾਬ ਨੂੰ ਜੀਉਂਦਾ ਕਾਬੂ ਕਰ ਲਿਆ ਗਿਆ। ਇਸ ਦੇ ਫੜੇ ਜਾਣ ਦੇ ਉਪ੍ਰੰਤ ਹੁਣ ਕਿਸੇ ਹੋਰ ਕੀ ਲੜਨਾ ਸੀ ਵੈਰੀਆਂ ਦੇ ਸਾਰੇ ਲਸ਼ਕਰ ਨੇ ਹਥਿਆਰ ਸੁਟ ਦਿਤੇ ਅਤੇ ਖਾਲਸੇ ਦੀ ਤਾਇਤ ਵਿਚ ਆ ਗਏ। ਇਸ ਤਰ੍ਹਾਂ ਖਾਲਸੇ ਦਾ ਖ਼ੁਸ਼ਾਬ ਦੇ ਕਿਲ੍ਹੇ ਪਰ ਹੁਣ ਪੂਜਾ ਕਬਜ਼ਾ ਹੋ ਗਿਆ।

ਸਰਦਾਰ ਧੰਨਾ ਸਿੰਘ ਨੇ ਜਦ ਨਵਾਬ ਮੁਜ਼ੱਫ਼ਰ ਖਾਨ ਨੂੰ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰ ਕੀਤਾ ਤਾਂ ਮਹਾਰਾਜਾ ਸਾਹਿਬ ਇਸ ਦੀ ਬੀਰਤਾ ਨਾਲ ਲੜਨ ਦਾ ਹਾਲ ਸੁਣ ਕੇ ਬੜੇ ਖ਼ੁਸ਼ ਹੋਏ। ਚੂੰਕਿ ਆਪ ਦੇ ਮਨ ਵਿਚ ਬਹਾਦਰਾਂ ਲਈ ਬੜੀ ਕਦਰ ਸੀ, ਸਰਕਾਰ ਨੇ ਨਵਾਬ ਨਾਲ ਬੜੀ ਖੁਲ੍ਹ-ਦਿਲੀ ਦਾ ਵਰਤਾਓ ਕੀਤਾ ਅਤੇ ਇਸ ਦੇ ਗੁਜ਼ਾਰੇ ਲਈ ਖੁਲ੍ਹੀ ਜਾਗੀਰ ਬਖਸ਼ ਦਿਤੀ ਅਤੇ ਖ਼ੁਸ਼ਾਬ ਦਾ ਇਲਾਕਾ ਖਾਲਸਾ ਰਾਜ ਨਾਲ ਮਿਲਾ ਲਿਆ ਗਿਆ।

## ਸਰਦਾਰ ਧੰਨਾ ਸਿੰਘ ਦਾ ਫਟੜ ਹੋਣਾ

ਖ਼ੁਸ਼ਾਬ ਦੀ ਮੁਹਿੰਮ ਦੇ ਬਾਅਦ ਹੁਣ ਜਦ ਨਵਾਬ ਫਤਹ ਖਾਨ ਸਾਹੀਵਾਲ ਨੂੰ ਦਿਤੀ ਗਈ ਮੁਹਲਤ ਦਾ ਸਮਾਂ ਮੁਕ ਗਿਆ ਤੇ ਉਸ ਵੱਲੋਂ ਬਾਜ ਦੇ ਤਾਰਨੇ ਦੀ ਕੋਈ ਆਸ ਬਾਕੀ ਨਾ ਰਹੀ[1] ਅਤੇ ਨਾਲ ਹੀ ਇਹ ਵੀ ਪਤਾ ਲਗਾ ਕਿ ਨਵਾਬ ਸਾਹੀਵਾਲ ਨੇ ਮੁਹਲਤ ਬਾਜਗੁਜ਼ਾਰੀ ਦਾ ਰੁਪਿਆ ਤਾਰਨ ਲਈ ਨਹੀਂ ਸੀ ਸਗੋਂ ਉਸ ਨੇ ਖਾਲਸੇ ਦੇ ਟਾਕਰੇ ਲਈ ਜੰਗੀ ਤਿਆਰੀ ਕਰਨ ਦੇ ਇਰਾਦੇ ਨਾਲ ਇਹ ਰਾਜਸੀ ਚਾਲ ਚਲੀ ਸੀ। ਇਸ ਸਮੇਂ ਉਸ ਨੇ ਆਪਣਾ ਕਿਲ੍ਹਾ ਤੇ ਉਸ ਦੇ ਬਚਾਣ ਲਈ ਦਮਦਮੇ ਚੰਗੀ ਤਰ੍ਹਾਂ ਪੱਕੇ ਕਰ ਲਏ ਸਨ ਅਤੇ ਉਹ ਸਭ ਤਰ੍ਹਾਂ ਲੜਾਈ ਲਈ ਉਡੀਕ ਰਿਹਾ ਸੀ।

ਇਸ ਗੱਲ ਦੇ ਸੁਣਨ ਨਾਲ ਸ਼ੇਰਿ ਪੰਜਾਬ ਨੇ ਸਰਦਾਰ ਧੰਨਾ ਸਿੰਘ ਨੂੰ ਹੁਕਮ ਦਿਤਾ ਕਿ ਫਤਹ ਖਾਨ ਪਰ ਧਾਵਾ ਬੋਲ ਦਿਤਾ ਜਾਏ। ਹੁਕਮ ਮਿਲਦੇ ਹੀ ਮਲਵਈ ਸਰਦਾਰ ਨੇ ਰਾਤੋ ਰਾਤ ਧਾਵੇ ਦੀਆਂ ਸਭ ਤਿਆਰੀਆਂ ਕਰ ਲਈਆਂ। ੨੪ ਅਪ੍ਰੈਲ ਸੰਨ ੧੮੧੦ ਦੀ ਸਵੇਰ ਨੂੰ ਸਾਹੀਵਾਲ ਦੇ ਪ੍ਰਸਿੱਧ ਕਿਲ੍ਹੇ ਪਰ ਖਾਲਸੇ ਨੇ ਹੱਲਾ ਬੋਲ ਦਿਤਾ।

ਅਗੋਂ ਫਤਹ ਖਾਨ ਨੇ ਆਪਣੀ ਕਲਮੀ ਫੌਜ ਅਤੇ ਸਹਾਇਕ ਮੁਲਕੀ ਲਸ਼ਕਰ ਦੇ ਘੁਮੰਡ ਪਰ ਬੜੀ ਦਲੇਰੀ ਨਾਲ ਖਾਲਸੇ ਦੇ ਧਾਵੇ ਨੂੰ ਰੋਕਣ ਦੇ ਨਗਾਰੇ ਵਜਾ ਦਿਤੇ। ਬਸ ਫਿਰ ਕੀ ਸੀ ਦੋਹਾਂ ਧਿਰਾਂ ਵਲੋਂ ਅੰਧਾ ਧੁੰਦ ਗੋਲੇ ਗੋਲੀਆਂ ਦਾ ਮੀਂਹ ਵਰ੍ਹਨਾ ਅਰੰਭ ਹੋ ਗਿਆ। ਸਵੇਰ ਤੋਂ ਲੌਢੇ ਪਹਿਰ ਤਕ ਇਕ-ਰਸ ਇਹ ਸਮਾਂ ਬੱਝਾ ਰਿਹਾ। ਇਸ ਸਮੇਂ ਵਰਿਯਾਮ ਸਰਦਾਰ ਧੰਨਾ ਸਿੰਘ ਨੇ ਕੁਝ ਚੋਣਵੇਂ ਜਵਾਨ ਨਾਲ ਲਏ ਤੇ ਟੁਟ ਕੇ ਨਵਾਬ ਦੇ ਮੋਰਚਿਆਂ ਪਰ ਜਾ ਪਿਆ, ਇਥੇ ਉਹ ਹਨੇਰ ਦੀ ਤਲਵਾਰ ਚਲਾਈ ਜਿਸ ਦੀ ਕੋਈ ਹਦ ਨਹੀਂ ਸੀ ਰਹੀ। ਅਗੋਂ ਬਹਾਦਰ ਬਲੋਚਾਂ ਨੇ ਆਪਣੇ ਦਿਲ ਦਾ ਗੱਚ ਕਢਣ ਲਈ ਸਿਰ ਤਲੀ ਪਰ ਰਖਕੇ ਇਨ੍ਹਾਂ ਦਾ ਟਾਕਰਾ ਕੀਤਾ। ਸੂਰਮਿਆਂ ਦੀ

---

1. ਸਯਦ ਮੁਹੰਮਦ ਯਤੀਫ, ਹਿਸਟਰੀ ਔਫ ਦੀ ਪੰਜਾਬ, ਸਫਾ ੩੮੫।



Sri Satguru Jagjit Singh Ji eLibrary NamdhariElibrary@gmail.com

ਰੱਤ ਨਾਲ ਦੂਰ ਤਕ ਧਰਤੀ ਰੱਤੀ ਹੋ ਗਈ ਜਿਧਰ ਤਕੋ ਉਧਰ ਹੀ ਲੋਥਾਂ ਪਈਆਂ ਦਿਸਦੀਆਂ ਸਨ। ਇਸ ਤਰ੍ਹਾਂ ਸਾਰਾ ਦਿਨ ਗਹਗਚ ਤਲਵਾਰ ਚਲਦੀ ਰਹੀ। ਸੂਰਜ ਨੂੰ ਦੋਹਾਂ ਧਿਰਾਂ ਪਰ ਤਰਸ ਆਇਆ ਤੇ ਹੁਣ ਇਸ ਨੇ ਆਪਣਾ ਸੋਹਣਾ ਮੁਖੜਾ ਛੁਪਾ ਲਿਆ ਤਦੋਂ ਹਨੇਰਾ ਦੋਹਾਂ ਧਿਰਾਂ ਦੇ ਸੂਰਮਿਆਂ ਦੇ ਵਿਚਾਲੇ ਹੋ ਖਲੋਤਾ ਤਾਂ ਮਸਾਂ ਕਿਤੇ ਇਨ੍ਹਾਂ ਸੁਖ ਦਾ ਸਾਹ ਲਿਆ।

ਅੱਜ ਸਾਰਾ ਦਿਨ ਨਵਾਬ ਫਤਹ ਖਾਨ ਨੇ ਖਾਲਸੇ ਦੇ ਇਸ ਅਗਾਧ ਜੋਸ਼ ਦੇ ਕਰਤੱਵ ਆਪਣੀ ਅਖੀਂ ਦੇਖ ਲਏ ਸਨ, ਜਿਸ ਕਰਕੇ ਉਹ ਅਗੇ ਨੂੰ ਆਮ੍ਹੋ ਸਾਹਮਣੇ ਲੜਨ ਤੋਂ ਹੀਆ ਹਾਰ ਬੈਠਾ ਪਰ ਅਜੇ ਉਸ ਨੂੰ ਆਪਣੇ ਪੱਕੇ ਕਿਲ੍ਹੇ ਦਾ ਸਹਾਰਾ ਬਾਕੀ ਸੀ। ਸੋ ਇਹ ਰਾਤ ਦਾ ਹਨੇਰਾ ਉਸ ਆਪਣੇ ਲਈ ਇਕ ਰੱਬੀ ਬਰਕਤ ਸਮਝੀ ਤੇ ਰਾਤੋ ਰਾਤ ਆਪਣੇ ਬਾਹਰਲੇ ਮੋਰਚੇ ਤੇ ਦਮਦਮੇ ਖਾਲੀ ਕਰਕੇ, ਇਸ ਦੀ ਜਿਹੜੀ ਫੌਜ ਦਿਨ ਦੀ ਲੜਾਈ ਵਿਚ ਖਾਲਸੇ ਦੀ ਤੇਗ਼ ਤੋਂ ਬਚ ਰਹੀ ਸੀ, ਨਾਲ ਲੈ ਕੇ ਕਿਲ੍ਹੇ ਵਿਚ ਜਾ ਵੜਿਆ ਅਤੇ ਕਿਲ੍ਹੇ ਦੇ ਸਾਰੇ ਦਰਵਾਜ਼ਿਆਂ ਨੂੰ ਅੰਦਰੋਂ ਚੰਗੀ ਤਰ੍ਹਾਂ ਪੱਕਾ ਕਰ ਲਿਆ।

ਇਧਰ ਸਰਦਾਰ ਧੰਨਾ ਸਿੰਘ ਨੂੰ ਵੀ ਨਵਾਬ ਦੀ ਇਸ ਚਾਲ ਦਾ ਪਤਾ ਲਗ ਗਿਆ ਸੀ ਅਤੇ ਆਪ ਨੇ ਸਵੇਰ ਹੋਣ ਤੋਂ ਪਹਿਲਾਂ ਕੁਝ ਐਸੇ ਕੌਮੀ ਪਰਵਾਨਿਆਂ ਨੂੰ ਇੱਕਠਾ ਕਰਕੇ ਉਨ੍ਹਾਂ ਦੇ ਜ਼ਿੰਮੇਂ ਇਹ ਕੰਮ ਪਾਇਆ ਕਿ ਚਾਹੇ ਕਿੰਨੀ ਕੁਰਬਾਨੀ ਦੇਣੀ ਪਏ ਅੱਜ ਕਿਲ੍ਹੇ ਪਰ ਜ਼ਰੂਰ ਕਬਜ਼ਾ ਕਰ ਲਿਆ ਜਾਏ ਇਸ ਤਰ੍ਹਾਂ ਪਹੁ ਫੁਟਾਲੇ ਤੋਂ ਪਹਿਲਾਂ ਹੀ ਕਿਲ੍ਹੇ ਦੇ ਦਰਵਾਜ਼ੇ ਅਗੇ ਤੋਪਾਂ ਬੀੜ ਦਿੱਤੀਆਂ ਅਤੇ ਐਸੀ ਹਨੇਰ ਦੀ ਗੋਲਾਬਾਰੀ ਕੀਤੀ ਕਿ ਧਰਤ ਤੇ ਗਗਨ ਦੋਵੇਂ ਕੰਬ ਉਠੇ। ਅੰਦਰੋਂ ਬਲੋਚ ਵੀ ਕਿਲ੍ਹੇ ਦੀ ਫਸੀਲ ਤੋਂ ਪੂਰੇ ਤ੍ਰਾਨ ਨਾਲ ਗੋਲੀਆਂ ਵਸਾਂਦੇ ਰਹੇ ਪਰ ਦੁਪਹਿਰ ਤੋਂ ਪਹਿਲਾਂ ਹੀ ਕਿਲ੍ਹੇ ਦਾ ਇਕ ਦਰਵਾਜ਼ਾ ਟੁਟ ਗਿਆ। ਇਸ ਸਮੇਂ ਖਾਲਸੇ ਦੇ ਉਹ ਬੀਰ ਜਿਹੜੇ ਇਸ ਘੜੀ ਦੀ ਉਡੀਕ ਵਿਚ ਸਨ, ਸਰਦਾਰ ਧੰਨਾ ਸਿੰਘ ਦੀ ਅਗਵਾਈ ਵਿਚ ਕਿਲ੍ਹੇ ਦੇ ਅੰਦਰ ਜਾ ਬੜੇ। ਬਲੋਚ ਕਿਲ੍ਹੇ ਦੇ ਬਚਾਣ ਲਈ ਜਾਨਾਂ ਧੂਹਕੇ ਲੜੇ ਪਰ ਖਾਲਸੇ ਦੀਆਂ ਤਿਖੀਆਂ ਤਲਵਾਰਾਂ ਅਗੇ ਗ਼ਨੀਮ ਦੀਆਂ ਤਲਵਾਰਾਂ ਖੁੰਡੀਆਂ ਪੈ ਗਈਆਂ।

ਇਸ ਹੱਥੋਂ ਹੱਥ ਲੜਾਈ ਵਿਚ ਸਰਦਾਰ ਧੰਨਾ ਸਿੰਘ ਆਪਣੀ ਜਾਨ ਤੋਂ ਹੱਥ ਧੋ ਕੇ ਵੈਰੀਆਂ ਦੇ ਗਲੇ ਜਾ ਪਿਆ। ਅਗੋਂ ਨਵਾਬ ਵੀ ਬੜਾ ਪ੍ਰਸਿੱਧ ਤਲਵਾਰੀਆ ਸੀ। ਇਸ ਨੇ ਸਾਹਮਣੇ ਹੁੰਦਿਆਂ ਹੀ ਸਰਦਾਰ ਪਰ ਬੜੀ ਤੇਜ਼ੀ ਨਾਲ ਤਲਵਾਰ ਦਾ ਵਾਰ ਕੀਤਾ। ਉਹ ਤਾਂ ਸਰਦਾਰ ਜੀ ਨੇ ਆਪਣੀ ਢਾਲ ਪਰ ਝੜਪ ਲਿਆ ਅਗੋਂ ਆਪਣੀ ਤਲਵਾਰ ਦਾ ਫੇਰਵਾਂ ਵਾਰ ਐਨੀ ਫੁਰਤੀ ਨਾਲ ਨਵਾਬ ਪਰ ਕੀਤਾ ਕਿ ਉਹ ਇਸ ਤੋਂ ਬਚਣ ਦਾ ਯਤਨ ਕਰਦਾ ਹੋਇਆ ਵੀ ਨਾ ਬਚ ਸਕਿਆ ਅਤੇ ਗਹਿਰਾ ਫੱਟ ਖਾ ਕੇ ਡਿਗ ਪਿਆ। ਠੀਕ ਇਸ ਸਮੇਂ ਜਦ ਸਰਦਾਰ ਧੰਨਾ ਸਿੰਘ ਨਵਾਬ ਨੂੰ ਫੜ ਕੇ ਕਾਬੂ ਕਰਨਾ ਚਾਹੁੰਦਾ ਸੀ ਤਾਂ ਨਵਾਬ ਦੇ ਇਕ ਸਬੰਧੀ ਨੇ ਕੋਲੋਂ ਹੀ ਸਰਦਾਰ ਪਰ ਵਾਰ ਕੀਤਾ ਜੋ ਆਪ ਦੇ ਚਿਹਰੇ ਪਰ ਲਗਾ ਤੇ ਕਾਫੀ ਡੂੰਘਾ ਫਟ ਪੈ ਗਿਆ[1]। ਸੱਟ ਕਰਨ ਵਾਲੇ ਨੂੰ ਆਪ ਨੇ ਉਥੇ ਹੀ ਢੇਰੀ ਕਰ ਦਿੱਤਾ। ਇਸ ਸਮੇਂ ਸਰਦਾਰ ਜੀ ਨੇ ਖਾਲਸੇ ਨੂੰ ਵੰਗਾਰ ਕੇ ਆਖਿਆ, ਖਾਲਸਾ ਜੀ ਆਪ ਨੇ ਮੈਦਾਨ ਮਾਰ ਲਿਆ ਹੈ ਅਗੇ ਵਧਕੇ ਕਿਲ੍ਹੇ ਦੇ ਬੁਰਜਾਂ ਪਰ ਪੂਰਾ ਪੂਰਾ ਕਬਜ਼ਾ ਜਮਾਂ ਲਵੋ।

---

1. ਸਰ ਲੈਪਲ ਗ੍ਰਿਫਨ. ਰਈਸਾਨੇ ਪੰਜਾਬ ਸਫਾ ੧੯੮।



Sri Satguru Jagjit Singh Ji eLibrary NamdhariElibrary@gmail.com

ਸਰਦਾਰ ਦੇ ਮੂਹੋਂ ਇਸ ਹੁਕਮ ਦੇ ਨਿਕਲਣ ਦੀ ਦੇਰੀ ਹੀ ਸੀ ਕਿ ਇਕ ਦਮ ਖਾਲਸੇ ਨੇ ਕਿਲ੍ਹੇ ਦੇ ਕੋਨੇ ਕੋਨੇ ਪਰ ਕਬਜ਼ਾ ਕਰ ਲਿਆ ਅਤੇ ਉੱਚੇ ਬੁਰਜ ਵਿਚ ਖਾਲਸੇ ਦਾ ਵਿਜਈ ਝੰਡਾ ਝੁਲਾ ਦਿੱਤਾ। ਹੁਣ ਸਤਿ ਸ੍ਰੀ ਅਕਾਲ ਦੇ ਜੈ-ਕਾਰਿਆਂ ਨਾਲ ਅਕਾਸ਼ ਗੂੰਜ ਉਠਿਆ। ਇਹ ਖੁਸ਼ੀ ਭਰੀ ਖਬਰ ਸ਼ੇਰਿ ਪੰਜਾਬ ਦੇ ਡੇਰੇ ਉਸੀ ਵਕਤ ਭੇਜੀ ਗਈ। ਆਪ ਨੇ ਨਾਲ ਹੀ ਜਦ ਸਰਦਾਰ ਧੰਨਾ ਸਿੰਘ ਦੇ ਫੱਟੜ ਹੋਣ ਦੀ ਖਬਰ ਸੁਣੀ ਤਾਂ ਆਪ ਉਸੀ ਵਕਤ ਘੋੜਾ ਉਡਾਕੇ ਮੈਦਾਨ ਵਿਚ ਪਹੁੰਚੇ ਤੇ ਆਪ ਦੇ ਫੱਟ ਠੀਕ ਬੰਨ੍ਹਵਾ ਕੇ ਆਪ ਦੇ ਆਰਾਮ ਦਾ ਪੂਰਾ ਪ੍ਰਬੰਧ ਕਰਵਾ ਦਿੱਤਾ।

ਨਵਾਬ ਫਤਹ ਖਾਨ ਨੂੰ ਸਣੇ ਉਸ ਦੇ ਜ਼ਿੰਮੇਵਾਰ ਸੰਬੰਧੀਆਂ ਦੇ ਉਸੇ ਵਕਤ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਭਿਜਵਾ ਦਿੱਤਾ ਗਿਆ।

ਨਵਾਬ ਜਦ ਸ਼ੇਰਿ ਪੰਜਾਬ ਦੇ ਸਾਹਮਣੇ ਆਇਆ ਤਾਂ ਬੜਾ ਨਿਮੋਝੂਣਾ ਹੋ ਰਿਹਾ ਸੀ। ਇਸ ਨੂੰ ਆਪਣੇ ਅਯੋਗ ਵਰਤਾਵ ਦੇ ਕਾਰਨ ਪੂਰੀ ਉਮੈਦ ਸੀ ਕਿ ਮਹਾਰਾਜਾ ਸਾਹਿਬ ਉਸ ਨੂੰ ਵੇਖਦੇ ਹੀ ਤੋਪ ਅਗੇ ਉਡਾ ਦੇਣ ਦਾ ਹੁਕਮ ਦੇਣਗੇ। ਪਰ ਸਭ ਦੇਖਣ ਵਾਲਿਆਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਸਰਕਾਰ ਨੇ ਹੁਕਮ ਦਿੱਤਾ ਕਿ ਨਵਾਬ ਦੇ ਬੰਧਨ ਖੋਲ੍ਹ ਦੇਵੋ ਤੇ ਇਸ ਦੇ ਨਾਲ ਬਹੁਮੁੱਲਾ ਖਿਲਤ ਅਤੇ ੧੪੪੦੦ ਰੁਪਏ ਦੀ ਜਾਗੀਰ; ਝੰਗ ਦੇ ਇਲਾਕੇ ਵਿਚ ਉਸ ਨੂੰ ਬਖ਼ਸ਼ ਦਿੱਤੀ।[1] ਸਾਹੀਵਾਲ ਦਾ ਇਲਾਕਾ ਖਾਲਸਾ ਰਾਜ ਨਾਲ ਮਿਲਾ ਲਿਆ ਗਿਆ ਤੇ ਇਸ ਦੇ ਯੋਗ ਪ੍ਰਬੰਧ ਦੇ ਮਹਾਰਾਜਾ ਸਾਹਿਬ ਸਣੇ ਫੌਜ ਦੇ ਲਾਹੌਰ ਵਲ ਪਰਤ ਆਏ ।

## ਵਜ਼ੀਰ ਫਤਹ ਖਾਨ ਨਾਲ ਮਿਲਣੀ

ਸੰਨ ੧੮੧੨ ਈ: ਦੇ ਅਕਤੂਬਰ ਦੇ ਮਹੀਨੇ ਹੁਕਮਰਾਨ ਕਾਬਲ, ਸ਼ਾਹ ਮਹਿਮੂਦ ਦਾ ਪ੍ਰਸਿੱਧ ਵਜ਼ੀਰ ਫਤਹ ਖਾਨ ਬਾਰਕਜ਼ਈ, ਕਾਬਲ ਤੋਂ ਕੂਚ ਕਰਕੇ ਬਹੁਤ ਸਾਰੀ ਫੌਜ ਨਾਲ ਪਿਸ਼ਾਵਰ ਵਲ ਆਇਆ ਤਾਂਕਿ ਕਸ਼ਮੀਰ ਦਾ ਗਵਰਨਰ ਅਤਾ ਮੁਹੰਮਦ ਖਾਨ, ਜਿਹੜਾ ਹਕੂਮਤ ਕਾਬਲ ਤੋਂ ਕੁਝ ਆਕੀ ਹੋ ਰਿਹਾ ਸੀ ਉਸ ਨੂੰ ਉਥੋਂ ਕੱਢ ਕੇ ਉਸਦੀ ਥਾਂ ਆਪਣੇ ਭਾਈ ਮੁਹੰਮਦ ਅਜ਼ੀਮ ਖਾਨ ਦੇ ਹਥ ਕਸ਼ਮੀਰ ਦੀ ਹਕੂਮਤ ਸੌਂਪ ਦੇਵੇ। ਪਰ ਖਾਲਸੇ ਦੀ ਤਾਕਤ ਤੋਂ ਬਿਨਾਂ ਜਿਹੜੀ ਇਸ ਸਮੇਂ ਵਡੀ ਤੇਜ਼ੀ ਨਾਲ ਵਧ ਰਹੀ ਸੀ ਇਹ ਆਪਣੇ ਇਸ ਇਰਾਦੇ ਦੇ ਪੂਰਾ ਕਰਨ ਵਿਚ ਇਕ ਭਾਰੀ ਖਤਰਾ ਪ੍ਰਤੀਤ ਕਰਦਾ ਸੀ। ਉਹ ਪੂਰੀ ਤਰ੍ਹਾਂ ਜਾਣਦਾ ਸੀ ਕਿ ਬਿਨਾਂ ਖਾਲਸਾ ਫੌਜ ਦੀ ਸਹਾਇਤਾ ਦੇ ਕਸ਼ਮੀਰ ਨੂੰ ਫਤਹ ਕਰਨਾ ਉਸ ਦੀ ਤਾਕਤ ਤੋਂ ਬਾਹਰ[2] ਹੈ। ਇਸ ਕਾਰਜ ਦੀ ਸਫਲਤਾ ਲਈ ਦਾਨੇਂ ਵਜ਼ੀਰ ਨੇ ਇਸ ਵਕਤ ਬੜੀ ਨੀਤੀ ਤੋਂ ਕੰਮ ਲਿਆ। ਪਿਸ਼ਾਵਰ ਪਹੁੰਚ ਕੇ ਇਸ ਨੇ ਸ਼ੇਰਿ ਪੰਜਾਬ ਦੀ ਸਹਾਇਤਾ ਪ੍ਰਾਪਤ ਕਰਨ ਲਈ ਆਪਣੇ ਦੀਵਾਨ ਗੋਦੜ ਮਲ ਨੂੰ ਬਹੁਮੁੱਲੇ ਤੋਹਫੇ ਦੇਕੇ ਮਹਾਰਾਜਾ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਣ ਲਈ ਲਾਹੌਰ ਭੇਜਿਆ। ਦੀਵਾਨ ਨੇ ਵਜ਼ੀਰ ਵਲੋਂ ਬਿਨੈ ਕੀਤੀ ਕਿ ਉਹ ਮਹਾਰਾਜਾ ਸਾਹਿਬ ਦੇ ਦਰਸ਼ਨ ਦਾ ਅਭਿਲਾਖੀ ਏ, ਸਰਕਾਰ ਜਿਸ ਥਾਂ ਤੇ ਜਿਸ ਤ੍ਰੀਕ ਨੂੰ ਮਿਲਣ ਲਈ ਸਮਾਂ ਨੀਯਤ ਕਰਨ, ਫਤਹ ਖਾਨ ਉਥੇ ਪਹੁੰਚ ਜਾਏਗਾ।

ਇਹ ਇਕ ਅਜੀਬ ਸੰਯੋਗ ਹੈ ਕਿ ਇਨ੍ਹਾਂ ਦਿਨਾਂ ਵਿਚ ਹੀ ਮਹਾਰਾਜਾ ਸਾਹਿਬ ਆਪਣੀ ਇਕ ਮੁਹਿੰਮ ਤਿਆਰ ਕਰ ਰਹੇ ਸਨ ਤਾਕਿ ਵਫਾ ਬੇਗਮ[3] ਨਾਲ ਕੀਤੇ ਹੋਏ ਇਕਰਾਰ ਅਨੁਸਾਰ

1. ਰਈਸਾਨੇ ਪੰਜਾਬ ਸਫਾ ੧੮੯।
2. ਸ: ਮੁਹੰਮਦ ਲਤੀਫ, ਸ਼ਾਹ ਸ਼ੁਜ਼ਾ ਦੀ ਮਨਭਾਂਵਦੀ ਬੇਗਮ ਸੀ।
3. ਵਫਾ ਬੇਗਮ, ਸ਼ਾਹ ਸ਼ੁਜ਼ਾ ਦੀ ਮਨਭਾਂਵਦੀ ਬੇਗਮ ਸੀ।



Sri Satguru Jagjit Singh Ji eLibrary NamdhariElibrary@gmail.com

ਸ਼ਾਹ ਸ਼ੁਜ਼ਾ ਨੂੰ ਅਤਾ ਮੁਹੰਮਦ ਖਾਨ ਗਵਰਨਰ ਕਸ਼ਮੀਰ ਦੀ ਕੈਦ ਤੋਂ ਛੁਡਾ ਕੇ ਲੈ ਆਉਣ। ਦੀਵਾਨ ਗੋਦੜ ਮਲ ਦੀ ਜ਼ਬਾਨੀ ਵਜ਼ੀਰ ਫਤਹ ਖਾਨ ਦੀ ਮੰਗ ਮਹਾਰਾਜਾ ਸਾਹਿਬ ਨੇ ਆਪਣੇ ਸਲਾਹਕਾਰਾਂ ਦੀ ਸਲਾਹ ਨਾਲ ਪ੍ਰਵਾਨ ਕਰ ਲਈ ਅਤੇ ਵਜ਼ੀਰ ਨੂੰ ਮਿਲਣ ਲਈ ਜੇਹਲਮ ਦਾ ਖੁੱਲ੍ਹਾ ਮੈਦਾਨ ਪਸੰਦ ਕੀਤਾ।

ਇਥੇ ਮਿਲਣੀ ਲਈ ਯੋਗ ਪ੍ਰਬੰਧ ਕਰਨ ਲਈ ਮਹਾਰਾਜਾ ਸਾਹਿਬ ਨੇ ਆਪਣੇ ਸਰਦਾਰਾਂ ਵਿਚੋਂ ਦਾਨੇ ਤੇ ਬਹਾਦਰ ਸਰਦਾਰ ਧੰਨਾ ਸਿੰਘ ਮਲਵਈ ਨੂੰ ਨੀਯਤ ਕੀਤਾ।

ਆਪ ਸਣੇ ਜ਼ਰੂਰੀ ਸਾਮਾਨ ਤੇ ਫੌਜ ਦੇ ਛੇਵੇਂ ਦਿਨ ਲਾਹੌਰ ਤੋਂ ਜੇਹਲਮ ਪਹੁੰਚ ਗਏ। ਇਥੇ ਥੋੜ੍ਹੇ ਦਿਨਾਂ ਵਿਚ ਹੀ ਦੋਹਾਂ ਹੁਕਮਰਾਨਾਂ ਦੀ ਮਿਲਣੀ ਲਈ ਬੜਾ ਸ਼ਾਨਦਾਰ ਮੰਡਪ, ਨਿਵਾਸ-ਸਥਾਨ ਅਤੇ ਫੌਜਾਂ ਆਦਿ ਦੇ ਟਿਕਣ ਤੇ ਖਾਨ ਪਾਨ ਦਾ ਸਾਰਾ ਪ੍ਰਬੰਧ ਵਡੀ ਯੋਗਤਾ ਨਾਲ ਕਰ ਲਿਆ।

ਜਦ ਸਭ ਪ੍ਰਬੰਧ ਠੀਕ ਠਾਕ ਹੋ ਗਿਆ ਤਾਂ ਹੁਣ ਸ਼ੇਰਿ ਪੰਜਾਬ ਅਤੇ ਵਜ਼ੀਰ ਫਤਹ ਖਾਨ ਨੂੰ ਖਬਰ ਭੇਜ ਦਿੱਤੀ। ਜਿਸ ਪਰ ਮਹਾਰਾਜਾ ਸਾਹਿਬ ਸਣੇ ਖਾਲਸਾ ਫੌਜ ਦੇ ੧੯ ਅਕਤੂਬਰ ਨੂੰ ਜੇਹਲਮ ਆ ਗਿਆ ਸੀ। ਸਰਕਾਰ ਅਤੇ ਫਤਹ ਖਾਨ ਇਕ ਦਿਨ ਪਹਿਲਾਂ ਹੀ ਜੇਹਲਮ ਆ ਗਿਆ ਸੀ। ਸਰਕਾਰ ਅਤੇ ਫਤਹ ਖਾਨ, ਸਰਦਾਰ ਧੰਨਾ ਸਿੰਘ ਦਾ ਸ਼ਾਹਾਨਾ ਪ੍ਰਬੰਧ ਦੇਖ ਕੇ ਅਸਚਰਜ ਰਹਿ ਗਏ ਅਤੇ ਮਹਾਰਾਜਾ ਸਾਹਿਬ ਨੇ ਸਰਦਾਰ ਸਾਹਿਬ ਦੇ ਕੰਮ ਦੀ ਬੜੀ ਸ਼ਲਾਘਾ ਕੀਤੀ।

## ਮਿਲਾਪ ਦੀ ਝਾਕੀ

ਅਗਲੇ ਦਿਨ ੨੦ ਅਕਤੂਬਰ ੧੮੧੨ ਦੀ ਦੁਪਹਿਰ ਨੂੰ ਵਜ਼ੀਰ ਫਤਹ ਖਾਨ ਸਣੇ ਆਪਣੇ ਸਲਾਹਕਾਰਾਂ ਦੇ, ਆਪਣੇ ਨਿਵਾਸ ਸਥਾਨ (ਕੈਂਪ) ਤੋਂ ਸ਼ੇਰਿ ਪੰਜਾਬ ਦੇ ਡੇਰੇ ਆਇਆ। ਅਗੋਂ ਮਹਾਰਾਜਾ ਸਾਹਿਬ ਵੀ ਸ਼ਾਹੀ ਪ੍ਰਾਹੁਣਚਾਰੀ ਦੇ ਨਿਯਮ ਅਨੁਸਾਰ ਵਜ਼ੀਰ ਨੂੰ ਸਨਮਾਨ ਨਾਲ ਮਿਲੇ। ਦੋਵੇਂ ਹੁਕਮਰਾਨ ਵਡੇ ਦਰਬਾਰੀ ਸ਼ਾਮਿਆਨੇ ਹੇਠ ਆਪੋ ਆਪਣੀਆਂ ਨੀਯਤ ਸੁਨਹਿਰੀ ਕੁਰਸੀਆਂ ਪਰ ਜਾ ਬੈਠੇ। ਹੁਣ ਆਪਸ ਵਿਚ ਇਕ ਦੂਜੇ ਤੋਂ ਸਫਰ ਦੀ ਸੁਖ ਆਨੰਦ ਦੀ ਪੁਛ ਗਿਛ ਦੇ ਉਪਰੰਤ ਮਤਲਬ ਦੀ ਗੱਲ ਪਰ ਵਿਚਾਰ ਹੋਣ ਲਗੀ ਜਿਹਾ ਕਿ ਅਸੀਂ ਉਪਰ ਦਸ ਆਏ ਹਾਂ। ਮਹਾਰਾਜਾ ਸ਼ਾਹਿਬ ਕੇਵਲ ਆਪਣੀ ਫੌਜ ਨਾਲ ਹੀ ਕਸ਼ਮੀਰ ਪਰ ਚੜ੍ਹਾਈ ਦੀਆਂ ਤਿਆਰੀਆਂ ਵਿੱਚ ਸਨ - ਇਸ ਸਮੇ ਵਜ਼ੀਰ ਫਤਹ ਖਾਨ ਦੀ ਸੰਮਲਿਤ ਫੌਜ ਦੀ ਚੜ੍ਹਾਈ ਦੀ ਤਜਵੀਜ਼ ਨੂੰ ਕਾਦਰ ਵਲੋਂ ਇਕ ਗ਼ੈਬੀ ਸਹਾਇਤਾ ਜਾਣ ਕੇ - ਆਪਣੇ ਵਲੋਂ ਕੁਝ ਸ਼ਰਤਾਂ ਵਜ਼ੀਰ ਨੂੰ ਮਨਵਾਣ ਦੇ ਉਪ੍ਰੰਤ ਸਰਬ ਸੰਮਤੀ ਨਾਲ ਸਾਂਝੀ ਚੜ੍ਹਾਈ ਦਾ ਫੈਸਲਾ ਕੀਤਾ ਗਿਆ।

ਮਲੂਮ ਹੁੰਦਾ ਹੈ ਕਿ ਸ਼ੇਰਿ ਪੰਜਾਬ ਇਸ ਸਮੇਂ ਮਿਲਵੀਂ ਚੜ੍ਹਾਈ ਵਿਚ ਇਕ ਵਡਾ ਲਾਭ ਇਹ ਸਮਝਦੇ ਸਨ ਕਿ ਐਤਕਾਂ ਖਾਲਸਾ ਫੌਜ ਅਫ਼ਗਾਨੀ ਫੌਜ ਨਾਲ ਰਲ ਕੇ ਕੂਚ ਕਰਨ ਨਾਲ ਕਸ਼ਮੀਰ ਦੀਆਂ ਔਖੀਆਂ ਘਾਟੀਆਂ ਤੇ ਪਹਾੜੀ ਰਸਤਿਆਂ ਦੀ ਵਾਕਫ਼ੀ ਪ੍ਰਾਪਤ ਕਰ ਲਏ ਅਤੇ ਅਗੇ ਨੂੰ ਯੋਗ ਸਮਾਂ ਆਵਣ ਪਰ ਕੇਵਲ ਖਾਲਸਾ ਫੌਜ ਨਾਲ ਹੀ ਕਸ਼ਮੀਰ ਨੂੰ ਫਤਹ ਕਰ ਕੇ ਖਾਲਸਾ ਰਾਜ ਦਾ ਇਕ ਭਾਗ ਬਣਾ ਲਿਆ ਜਾਏ।

ਹੁਣ ਮਹਾਰਾਜਾ ਸਾਹਿਬ ਨੇ ਇਨ੍ਹਾਂ ਸਾਰਿਆਂ ਰਾਜਸੀ ਲਾਭਾਂ ਨੂੰ ਮੁਖ ਰਖ ਕੇ ਫੌਜ ਨੂੰ ਕਸ਼ਮੀਰ ਪਰ ਚੜ੍ਹਾਈ ਦਾ ਹੁਕਮ ਦੇ ਦਿਤਾ।



Sri Satguru Jagjit Singh Ji eLibrary NamdhariElibrary@gmail.com

## ਸ਼ੇਰਿ ਪੰਜਾਬ ਲਈ ਸੁਗਾਤਾਂ

ਇਸ ਸਮੇਂ ਫਤਹ ਖਾਨ ਨੇ ਸ਼ੇਰਿ ਪੰਜਾਬ ਨਾਲ ਮਿਤ੍ਰਤਾ ਦੇ ਸੰਬੰਧ ਨੂੰ ਵਧੇਰਾ ਪੱਕਾ ਕਰਨ ਲਈ ਦੋ ਬਹੁਤ ਵਧੀਆ ਘੋੜੇ ਜੋ ਵਡੇ ਕੀਮਤੀ ਸਾਜ਼ੋ-ਸਾਮਾਨ ਨਾਲ ਸਜੇ ਹੋਏ ਸਨ, ਦੋ ਈਰਾਨੀ ਤਲਵਾਰਾਂ ਜਿਨ੍ਹਾਂ ਦੇ ਕਬਜ਼ਿਆਂ ਪਰ ਸੁਨਹਿਰੀ ਕੰਮ ਹੋਇਆ ਸੀ, ਪੰਜ ਤੀਰਾਈ ਛੁਰੇ, ਇਕ ਬੜਾ ਵਡਾ ਬੁਖਾਰੀ ਸ਼ਾਮਿਆਨਾ ਅਤੇ ਉਸੇ ਜਿੰਨਾਂ ਬੜਾ ਕੀਮਤੀ ਗ਼ਲੀਚਾ, ੧੦ ਭਾਰ ਸੁਕਾ ਤੇ ੧੦ ਭਾਰ ਤਾਜ਼ਾ ਮੇਵਾ (ਫਲ), ੨੦ ਖਰਵਾਰ ਬਾੜੋ ਦੇ ਪੁਲਾਈ-ਚੌਲ ਮਹਾਰਾਜੇ ਦੀ ਨਜ਼ਰ ਕੀਤੇ।

ਸ਼ੇਰਿ ਪੰਜਾਬ ਨੇ ਇਕ ਵੱਡੇ ਕਦ ਦਾ ਹਾਥੀ ਸਣੇ ਬਹੁਮੁੱਲੇ ਸਾਮਾਨ ਦੇ, ਸੋਨੇ ਦੇ ਕੜਿਆਂ ਦੀਆਂ ਪੰਜ ਜੋੜੀਆਂ, ਇਕ ਕੀਮਤੀ ਹਾਰ ਵਜ਼ੀਰ ਨੂੰ ਦਿਤਾ। ਵਜੀਰ ਐਡੇ ਉਚੇ ਕਦ ਦੇ ਹਾਥੀ ਨੂੰ ਦੇਖਕੇ ਬੜਾ ਹੀ ਪ੍ਰਸੰਨ ਹੋਇਆ। ਇਸ ਤਰ੍ਹਾਂ ਇਹ ਇਤਿਹਾਸਕ ਦਰਬਾਰ ਸਮਾਪਤ ਹੋਇਆ।

## ਸ਼ੇਰਿ ਪੰਜਾਬ ਦੀ ਸਰਦਾਰ ਧੰਨਾ ਸਿੰਘ ਪਰ ਪ੍ਰਸੰਨਤਾ

ਜਿਹਾ ਕਿ ਅਸੀਂ ਉਪਰ ਲਿਖ ਆਏ ਹਾਂ ਇਸ ਦਰਬਾਰ ਦਾ ਸਾਰਾ ਪ੍ਰਬੰਧ ਸਰਦਾਰ ਧੰਨਾ ਸਿੰਘ ਮਲਵਈ ਨੇ ਵੱਡੀ ਯੋਗਤਾ ਨਾਲ ਸਿਰੇ ਚਾੜ੍ਹਿਆ ਸੀ। ਇਸ ਦਰਬਾਰ ਦੇ ਸ਼ਹਾਨਾ ਪ੍ਰਬੰਧ ਨੂੰ ਦੇਖ ਕੇ ਮਹਾਰਾਜਾ ਸਾਹਿਬ ਸਰਦਾਰ ਧੰਨਾ ਸਿੰਘ ਪਰ ਐਨੇ ਪ੍ਰਸੰਨ ਹੋਏ ਜਿਸ ਦੀ ਕੋਈ ਹੱਦ ਨਹੀਂ ਸੀ। ਸਰਕਾਰ ਦੀ ਖੁਸ਼ੀ ਕਿਸੇ ਪਰ ਕੇਵਲ ਜ਼ਬਾਨੀ ਨਹੀਂ ਸੀ ਹੁੰਦੀ ਸਗੋਂ ਹਜ਼ੂਰ ਜਿਸ ਪਰ ਪ੍ਰਸੰਨਤਾ ਪ੍ਰਗਟ ਕਰਦੇ ਹੁੰਦੇ ਸਨ ਤਾਂ ਉਹਨੂੰ ਸਦਾ ਲਈ ਨਿਹਾਲ ਕਰ ਦੇਂਦੇ ਸਨ। ਸੋ ਆਪਣੇ ਸੁਭਾ ਅਨੁਸਾਰ, ਸ਼ੇਰਿ ਪੰਜਾਬ ਨੇ ਇਸ ਪ੍ਰਗਟ ਕੀਤੀ ਖੁਸ਼ੀ ਬਦਲੇ, ਸਰਦਾਰ ਧੰਨਾ ਸਿੰਘ ਨੂੰ ਬਹੁਤ ਬੜੀ ਜਾਗੀਰ ਬਖਸ਼ੀ।

## ਸਰਦਾਰ ਧੰਨਾ ਸਿੰਘ ਦੀਆਂ ਹੋਰ ਕੁਰਬਾਨੀਆਂ

ਸੰਨ ੧੮੧੩ ਦੀਆਂ ਗਰਮੀਆਂ ਖਾਲਸਾ ਇਤਿਹਾਸ ਵਿਚ ਸਦਾ ਉਜਾਗਰ ਰਹਿਣਗੀਆਂ। ਇਸ ਸਮੇਂ ਖਾਲਸੇ ਨੇ ਹਜ਼ਰੋ (ਅਟਕ) ਦੇ ਮੈਦਾਨ ਵਿਚ ਅਫ਼ਗਾਨਾਂ ਪਰ ਬੜੀ ਸਫਲ ਫਤਹ ਪਾ ਕੇ ਅਫ਼ਗਾਨਾਂ ਨੂੰ ਸਦਾ ਲਈ ਪੰਜਾਬ ਵਿਚੋਂ ਕੱਢ ਦਿੱਤਾ ਤੇ ਪੰਜਾਬੀਆਂ ਨੂੰ ਰੋਜ਼ ਰੋਜ਼ ਦੀਆਂ ਲੁੱਟਾਂ ਤੋਂ ਸੁਰਖਯਤ ਕਰ ਲਿਆ ਸੀ। ਪਰ ਇਹ ਸਫ਼ਲਤਾ ਸੌਖੀ ਨਹੀਂ ਸੀ ਪ੍ਰਾਪਤ ਹੋਈ। ਇਸ ਮਹਾਨ ਕਰਤੱਵ ਦੀ ਸੰਪੂਰਨਤਾ ਲਈ ਖਾਲਸੇ ਦੀਆਂ ਕਈ ਮਾਣ ਯੋਗ ਹਸਤੀਆਂ ਨੇ ਆਪਣੇ ਲਹੂ ਦੀਆਂ ਨਦੀਆਂ ਵਗਾਈਆਂ ਸਨ। ਇਨ੍ਹਾਂ ਕੌਮੀ ਪਰਵਾਨਿਆਂ ਵਿਚੋਂ ਸਰਦਾਰ ਧੰਨਾ ਸਿੰਘ ਮਲਵਈ ਦਾ ਨਾਮ ਖਾਸ ਮਹਾਨਤਾ ਰਖਦਾ ਹੈ।

## ਸਰਦਾਰ ਧੰਨਾ ਸਿੰਘ ਦਾ ਮੁੜ ਫੱਟੜ ਹੋਣਾ

ਇਸ ਤੋਂ ਅਗਲੇ ਸਾਲ ਖਾਲਸਾ ਫੌਜ ਨੇ ਕਸ਼ਮੀਰ ਪਰ ਚੜ੍ਹਾਈ ਕੀਤੀ। ਸੂਬਾ ਕਸ਼ਮੀਰ ਦੇ ਪੰਜਾਬ ਨਾਲ ਲਾਗਵੇਂ ਪਰਗਨੇ ਇਸ ਸਾਲ ਖਾਲਸਾ ਰਾਜ ਦੇ ਅਧੀਨ ਕੀਤੇ ਗਏ, ਜਿਨ੍ਹਾਂ ਵਿਚ ਭਿੰਬਰ ਤੇ ਰਾਜੋੜੀ ਆਦਿ ਸ਼ਾਮਲ ਸਨ। ਇਸ ਮੁਹਿੰਮ ਵਿਚ ਸਰਦਾਰ ਧੰਨਾ ਸਿੰਘ ਨੂੰ ਖੱਬੀ ਬਾਂਹ ਪਰ ਤਲਵਾਰ ਦਾ ਇਕ ਕਰੜਾ ਫੱਟ ਲੱਗਾ ਸੀ।



Sri Satguru Jagjit Singh Ji eLibrary NamdhariElibrary@gmail.com

## ਨਵਾਬ ਮੁਜ਼ੱਫਰ ਖਾਂ ਦੀ ਤਲਵਾਰ ਤੇ ਢਾਲ ਖੋਹਣੀ

ਸੂਬਾ ਮੁਲਤਾਨ ਦੀ ਫਤਹ ਖਾਲਸੇ ਦਾ ਇਕ ਮਹਾਨ ਕਾਰਨਾਮਾ ਮੰਨਿਆ ਜਾਂਦਾ ਹੈ। ਇਹ ਫਤਹ ਕੋਈ ਮਾਮੂਲੀ ਸਫਲਤਾ ਨਹੀਂ ਸੀ। ਇਸ ਨਾਲ ਪੰਜਾਬ ਵਿਚੋਂ ਵਿਦੇਸ਼ੀ ਹਕੂਮਤ ਦਾ ਅੰਤ ਹੋ ਗਿਆ। ਇਹ ਸੂਬਾ ਬਾਹਰ ਮੁਖੀ ਨਵਾਬ ਮੁਜ਼ੱਫਰ ਖਾਨ ਦੇ ਕਬਜ਼ੇ ਵਿਚ ਸੀ ਪਰ ਵਾਸਤਵ ਵਿਚ ਇਸ ਦੀ ਪਿਠ ਪਰ ਸਾਰੇ ਅਫ਼ਗਾਨਿਸਤਾਨ ਦੀ ਤਾਕਤ ਕੰਮ ਕਰਦੀ ਸੀ। ਇਸ ਲਈ ਇਸ ਪੁਰਾਣੀ ਇਸਲਾਮੀ ਹਕੂਮਤ ਦੀਆਂ ਨੀਹਾਂ ਪੁਰ ਖਾਲਸਾ ਰਾਜ ਦਾ ਉਸਰਨਾ ਖਾਲਸੇ ਦੀ ਕਰਾਮਾਤੀ ਸਫ਼ਲਤਾ ਮੰਨੀ ਜਾਂਦੀ ਹੈ।

ਨਵਾਬ ਮੁਜ਼ੱਫਰ ਖਾਨ ਨੇ ਮਹਾਰਾਜਾ ਸਾਹਿਬ ਨਾਲ ਕਈ ਵਾਰੀ ਅਹਿਦਨਾਮੇ ਲਿਖੇ ਪਰ ਉਨ੍ਹਾਂ ਨੂੰ ਬਹੁਤ ਘਟ ਵਰਤੋਂ ਵਿਚ ਲਿਆਂਦਾ। ਉਸ ਨੂੰ ਇਸ ਗੱਲ ਦਾ ਪੂਰਾ ਭਰੋਸਾ ਸੀ ਕਿ ਜਦ ਵੀ ਮੇਰੇ ਪਰ ਖਾਲਸੇ ਵਲੋਂ ਔਖੀ ਘੜੀ ਆਏਗੀ, ਸਾਰਾ ਇਸਲਾਮੀ ਸੰਸਾਰ ਮੇਰੀ ਰਖਿਆ ਲਈ ਮੈਦਾਨ ਵਿਚ ਆ ਜਾਏਗਾ।

ਸ਼ੇਰਿ ਪੰਜਾਬ ਇਸ ਗਲ ਨੂੰ ਪੂਰੀ ਤਰ੍ਹਾਂ ਜਾਣਦਾ ਸੀ ਕਿ ਜਦ ਤਕ ਮੁਲਤਾਨ ਦੇ ਅੱਡੇ ਨੂੰ ਸਾਫ ਨਾ ਕੀਤਾ ਜਾਏ, ਪੰਜਾਬ ਵਿਚ ਅਮਨ ਕਾਇਮ ਨਹੀਂ ਹੋ ਸਕਦਾ ਅਤੇ ਨਾ ਹੀ ਖਾਲਸਾ ਰਾਜ ਦੀਆਂ ਜੜ੍ਹਾਂ ਪੱਕੀਆਂ ਹੋ ਸਕਦੀਆਂ ਹਨ। ਮਹਾਰਾਜਾ ਸਾਹਿਬ ਨੇ ਇਸ ਦੂਰ ਦ੍ਰਿਸ਼ਟੀ ਨੂੰ ਮੁਖ ਰਖ ਕੇ ਰਾਤ ਦਿਨ ਆਪਣਾ ਧਿਆਨ ਫੌਜ ਨੂੰ ਨਵੇਂ ਤਰੀਕੇ ਪਰ ਤਿਆਰ ਕਰਨ ਅਤੇ ਵਧ ਤੋਂ ਵਧ ਜੰਗੀ ਸਮਾਨ ਦੇ ਇਕੱਤਰ ਕਰਨ ਵਿਚ ਲਾਉਣਾ ਅਰੰਭ ਦਿੱਤਾ।

ਸਰਕਾਰ ਨੇ ਹੁਣ ਜਦ ਇਨ੍ਹਾਂ ਪ੍ਰਬੰਧਾਂ ਨੂੰ ਪੂਰੀ ਤਰ੍ਹਾਂ ਤਸੱਲੀ ਬਖ਼ਸ਼ ਡਿੱਠਾ ਤਾਂ ਸੰਨ ੧੮੧੮ ਦੇ ਅਰੰਭ ਵਿਚ ੧੫੦੦੦ ਕਵਾਇਦਦਾਨ ਫੌਜ ਖੜਗ ਸਿੰਘ, ਦੀਵਾਨ ਭਵਾਨੀ ਦਾਸ ਅਤੇ ਮਿਸਰ ਦੀਵਾਨ ਚੰਦ ਦੀ ਸੌਂਪਣੀ ਵਿਚ ਮੁਲਤਾਨ ਨੂੰ ਪੂਰੀ ਤਰ੍ਹਾਂ ਫਤਹ ਕਰਨ ਲਈ ਭੇਜੀ। ਇਸ ਫੌਜ ਨੇ ਜਾਂਦੇ ਹੀ ਸ਼ਹਿਰ ਨੂੰ ਘੇਰੇ ਵਿਚ ਰੱਖ ਲਿਆ। ਅਗੋਂ ਨਵਾਬ ਮੁਜ਼ੱਫ਼ਰ ਖਾਨ ਵੀ ਕੋਈ ਮਾਮੂਲੀ ਗ਼ਨੀਮ ਨਹੀਂ ਸੀ ਕਿ ਉਹ ਝਟ ਪਟ ਆਪਣਾ ਸੂਬਾ ਛੱਡ ਦੇਂਦਾ। ਇਸ ਨੇ ੪੦੦੦੦ ਮੁਲਖਈਆਂ ਤੇ ਅਫ਼ਗਾਨੀ ਲਸ਼ਕਰ ਦੀ ਮਦਦ ਨਾਲ ਖਾਲਸੇ ਦਾ ਟਾਕਰਾ ਕੀਤਾ। ਖਾਲਸੇ ਨੇ ਸ਼ਹਿਰ ਦੀਆਂ ਫਸੀਲਾਂ ਦੇ ਕਈ ਬੁਰਜ ਢਾਹ ਦਿਤੇ। ਜੇ ਇਹ ਘੇਰਾ ਕੁਝ ਦਿਨ ਹੋਰ ਹੌਂਸਲੇ ਨਾਲ ਜਾਰੀ ਰਖਿਆ ਜਾਂਦਾ ਤਾਂ ਮੁਲਤਾਨ ਦੇ ਫਤਹ ਹੋ ਜਾਣ ਦੀ ਆਸ ਹੋ ਸਕਦੀ ਸੀ, ਪਰ ਦੀਵਾਨ ਭੁਵਾਨੀ ਦਾਸ ਦੀ ਗਲਤੀ ਜਾਂ ਬੇਦਿਲੀ ਦੇ ਕਾਰਨ ਜਿੱਤੀ ਹੋਈ ਬਾਜ਼ੀ ਹਥੋਂ ਜਾਂਦੀ ਰਹੀ[1]।

ਸ਼ੇਰਿ ਪੰਜਾਬ ਨੂੰ ਜਦ ਇਸ ਗੱਲ ਦਾ ਪਤਾ ਲਗਾ ਤਾਂ ਆਪ ਨੇ ੧੦੦੦੦ ਹੋਰ ਸਜਰ ਸਾਹ ਫੌਜ ਸਰਦਾਰ ਸ਼ਾਮ ਸਿੰਘ ਅਟਾਰੀ ਤੇ ਸਰਦਾਰ ਧੰਨਾ ਸਿੰਘ ਮਲਵਈ ਦੀ ਸਰਦਾਰੀ ਵਿਚ ਮੁਲਤਾਨ ਵਲ ਤੋਰ ਦਿੱਤੀ। ਇਸ ਦੇ ਨਾਲ ਬਾਬਾ ਫੂਲਾ ਸਿੰਘ ਅਕਾਲੀ ਨੂੰ ਸਣੇ ਅਕਾਲੀ ਦਲ ਦੇ ਭੰਗੀਆਂ ਦੀ ਤੋਪ ਦੇ ਮੁਲਤਾਨ ਵਲ ਤੋਰਿਆ। ਬਾਬਾ ਫੂਲਾ ਸਿੰਘ ਤੇ ਨਵੀਂ ਫੌਜ ਦੇ ਮੁਲਤਾਨ ਪਹੁੰਚਦਿਆਂ ਹੀ ਜੰਗ ਦਾ ਰੰਗ ਬਦਲ ਗਿਆ। ਉਹੀ ਕਿਲ੍ਹਾ ਜਿਸ ਦੇ ਸਰ ਕਰਨ ਪਰ ਪੂਰੇ ਛੇ

1. ਦੀਵਾਨ ਅਮਰਨਾਥ ਜ਼ਫਰਨਾਮਾ ਰਣਜੀਤ ਸਿੰਘ ਵਿਚ ਲਿਖਦਾ ਹੈ ਕਿ ਦੀਵਾਨ ਭੁਵਾਨੀ ਦਾਸ ਜੇਹੜਾ ਘੇਰਾ ਉਠਾਣ ਦਾ ਜਿੰਮੇਵਾਰ ਸੀ, ਨਵਾਬ ਮੁਜ਼ੱਫਰ ਖਾਨ ਤੋਂ ਹਜ਼ਾਰ ਰੁਪਿਆ ਵੱਢੀ ਲੈ ਕੇ ਇਹ ਕਾਰਾ ਕੀਤਾ ਸੀ, ਸੀਤਾ ਰਾਮ ਸਫ਼ਾ ੨੦੭।



Sri Satguru Jagjit Singh Ji eLibrary NamdhariElibrary@gmail.com

ਮਹੀਨੇ ਲਗ ਗਏ ਸਨ ਤੇ ਅਜੇ ਵੀ ਇਸ ਪਰ ਕਬਜ਼ਾ ਕਰਨ ਦੀ ਕੋਈ ਆਸ ਨਹੀਂ ਸੀ ਹੋ ਸਕਦੀ, ਹੁਣ ਕੌਮੀ ਸ਼ਹੀਦਾਂ ਦੀ ਸਤਤਾ ਨਾਲ ਉਹ ਅਸੰਭਵ ਕੰਮ ਇਕ ਦਿਨ ਵਿਚ ਹੀ ਸੰਭਵ ਹੋ ਗਿਆ। ੧੯ ਜੇਠ ਮੁਤਾਬਕ ੨ ਜੂਨ ਦੇ ਦਿਨ ਖਿਜ਼ਰੀ ਦਰਵਾਜ਼ੇ ਦੇ ਅਗੇ ਜ਼ਮਜ਼ਮਾ ਤੋਪ ਬੀੜੀ ਗਈ ਇਸ ਨੇ ਕੋਈ ਤਿੰਨ ਵਾਰੀ ਅੱਗ ਉਗਲੀ ਸੀ ਕਿ ਦਰਵਾਜ਼ੇ ਦੇ ਲਾਗਿਓਂ ਫਸੀਲ ਵਿਚ ਖੱਪਾ ਪੈ ਗਿਆ। ਇਸ ਪਾੜ ਨੂੰ ਦੇਖਦੇ ਸਾਰ ਬਾਬਾ ਫੂਲਾ ਸਿੰਘ ਜੀ ਆਪਣੇ ਸ਼ਹੀਦੀ ਦਲ ਨਾਲ ਜਿਨ੍ਹਾਂ ਅਜ ਕਿਲ੍ਹਾ ਫਤਹ ਕਰਨ ਜਾਂ ਸ਼ਹੀਦ ਹੋ ਜਾਣ ਦਾ ਪ੍ਰਣ ਕੀਤਾ ਸੀ – ਅਕਾਲ ਅਕਾਲ ਦੇ ਜੈਕਾਰਿਆਂ ਨਾਲ ਅਕਾਸ਼ ਨੂੰ ਗੂੰਜਾਂਦੇ ਹੋਏ ਉਡ ਕੇ ਉਸ ਪਾੜ ਵਿਚ ਧਸੇ। ਅਗੋਂ ਬਹਾਦਰ ਨਵਾਬ ਮੁਜ਼ੱਫਰ ਖਾਨ ਸਣੇ ਆਪਣੇ ਅੱਠ ਪੁਤ੍ਰਾਂ ਤੇ ਹਜ਼ਾਰਾਂ ਗ਼ਾਜ਼ੀਆਂ ਦੇ ਇਨ੍ਹਾਂ ਨੂੰ ਠਲ੍ਹਾ ਪਾਣ ਲਈ ਪਾੜ ਦੇ ਮੂੰਹ ਅਗੇ ਆ ਖਲੋਤਾ ਤੇ ਬੜੀ ਦਲੇਰੀ ਨਾਲ ਇਨ੍ਹਾਂ ਨਾਲ ਗਹਿਗੱਚ ਜੁਟ ਪਿਆ। ਇਸ ਸਮੇਂ ਸਰਦਾਰ ਸ਼ਾਮ ਸਿੰਘ, ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਧੰਨਾ ਸਿੰਘ ਸਣੇ ਆਪਣੇ ਚੋਣਵੇਂ ਜਵਾਨਾਂ ਤੇ ਅਕਾਲੀਆਂ, ਦੇ ਨਾਲ ਨਾਲ ਕਿਲ੍ਹੇ ਦੇ ਅੰਦਰ ਕੀਤਾ।

ਇਥੇ ਬਿਰਧ ਸੂਰਮੇ ਨਵਾਬ ਨੇ ਬੜੀ ਜਾਨ ਤੋੜਕੇ ਤਲਵਾਰ ਚਲਾਈ। ਅਗੋਂ ਬਾਬਾ ਫੂਲਾ ਸਿੰਘ ਨੇ ਨਵਾਬ ਪਰ ਇਕ ਐਸਾ ਵਾਰ ਕੀਤਾ ਜਿਸ ਨਾਲ ਨਵਾਬ ਲੜਖੜਾ ਗਿਆ ਅਤੇ ਕੋਲੋਂ ਸਰਦਾਰ ਧੰਨਾ ਸਿੰਘ ਨੇ ਵੱਡੀ ਤੇਜ਼ੀ ਨਾਲ ਨਵਾਬ ਦੇ ਹਥੋਂ ਉਸ ਦੀ ਜੜਤੂ ਤਲਵਾਰ ਖੋਹ ਲਈ ਤੇ ਆਪਣੀ ਤਲਵਾਰ ਨਾਲ ਇਕ ਐਸੀ ਸਟ ਲਾਈ ਜਿਸ ਨਾਲ ਨਿਡਰ ਨਵਾਬ ਮੁਜ਼ੱਫਰ ਖਾਨ ਦੀ ਰੂਹ ਉਡਾਰੀਆਂ ਲਾ ਗਈ। ਹੁਣ ਨਵਾਬ ਸਾਹਿਬ ਦੀ ਵਡਮੁੱਲੀ ਢਾਲ ਵੀ ਸਰਦਾਰ ਧੰਨਾ ਸਿੰਘ ਨੇ ਲੈ ਲਈ। ਇਸ ਤਰ੍ਹਾਂ ਮੁਲਤਾਨ ਦੇ ਸਾਰੇ ਸੂਬੇ ਪਰ ਅੱਜ ਖਾਲਸੇ ਦਾ ਕਬਜ਼ਾ ਹੋ ਗਿਆ[1]।

ਇਸ ਫਤਹ ਦੇ ਉਪਰੰਤ ਖਾਲਸਾ ਫੌਜ ਲਾਹੌਰ ਪਹੁੰਚੀ ਤਾਂ ਸਰਦਾਰ ਧੰਨਾ ਸਿੰਘ ਨੇ ਨਵਾਬ ਮੁਜ਼ੱਫਰ ਖਾਨ ਤੋਂ ਖੋਹੀ ਹੋਈ ਤਲਵਾਰ[2] ਤੇ ਢਾਲ ਇਕ ਵੱਡੇ ਦਰਬਾਰ ਵਿਚ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਪੇਸ਼ ਕੀਤੀ। ਮਹਾਰਾਜਾ ਸਾਹਿਬ ਨੇ ਇਸ ਨੂੰ ਉਲਟਾ ਪਲਟਾ ਕੇ ਬੜੇ ਧਿਆਨ ਨਾਲ ਡਿੱਠਾ। ਇਸ ਦੇ ਬਾਅਦ ਇਨ੍ਹਾਂ ਦੋਹਾਂ ਬਹੁਮੁੱਲੀਆਂ ਸੁਗਾਤਾਂ ਨਾਲ ੫੦੦੦ ਰੁਪਏ ਆਪਣੇ ਵਲੋਂ ਮਿਲਾ ਕੇ ਇਹ ਸਭ ਕੁਝ ਸਰਦਾਰ ਧੰਨਾ ਸਿੰਘ ਨੂੰ ਇਨਾਮ ਵਜੋਂ ਦੇ ਦਿਤਾ।

## ਫਿਰ ਫੱਟੜ ਹੋਣਾ

ਇਸ ਦੇ ਉਪਰੰਤ ਅਗਲੇ ਸਾਲ ਕਸ਼ਮੀਰ ਦੀ ਫ਼ਤਹ ਸਮੇਂ ਸਰਦਾਰ ਧੰਨਾ ਸਿੰਘ ਨੇ ਬੜੀ ਬਹਾਦਰੀ ਦੱਸੀ ਤੇ ਵੱਡਾ ਨਾਮਣਾ ਪਾਲਿਆ।

ਇਸ ਤਰ੍ਹਾਂ ਸੰਨ ੧੮੨੧ ਵਾਲੀ ਪ੍ਰਸਿਧ ਮਨਕੇਰੇ ਦੀ ਜਿੱਤ ਵਿਚ ਆਪ ਦੀ ਕੁਰਬਾਨੀ ਸਦਾ ਲਈ ਖਾਲਸਾ ਇਤਿਹਾਸ ਵਿਚ ਉਜਾਗਰ ਰਹੇਗੀ। ਆਪ ਨੇ ਦਰੀਆ ਖਾਨ ਦਾ ਨਾਮੀ ਕਿਲ੍ਹਾ ਫਤਹ ਕਰਕੇ ਖਾਲਸਾ ਰਾਜ ਦੀ ਵੱਡੀ ਸੇਵਾ ਕੀਤੀ। ਇਸ ਸਮੇਂ ਹੱਥੋ ਹੱਥ ਲੜਦਿਆਂ ਆਪ ਨੂੰ ਕਰੜਾ ਫੱਟ ਲਗਾ ਸੀ।

---

1. ਮਿਸਟਰ ਮੂਰ ਕ੍ਰਾਫਟ ਆਪਣੇ ਸਫਰਨਾਮੇ ਵਿਚ ਲਿਖਦਾ ਹੈ ਕਿ ਇਸ ਸਮੇਂ ਨਵਾਬ ਮੁਜ਼ੱਫਰ ਖਾਨ ਤੇ ਉਸ ਦੇ ਪੰਜ ਪੁਤ੍ਰ ਤੇ ੫੦੦ ਹੋਰ ਸੰਬੰਧੀ ਇਥੇ ਮੋਏ ਸਨ। ਇਹ ਯਾਤਰੂ ਲਿਖਦਾ ਹੈ ਕਿ ਇਹ ਗੱਲ ਮੈਨੂੰ ਮਹਾਰਾਜਾ ਸਾਹਿਬ ਨੇ ਆਪ ਦੱਸੀ।
2. ਇਹ ਬਹੁਮੁੱਲੀ ਸ਼ਮਸ਼ੇਰ ਅਜੇ ਤਕ ਸਰਦਾਰ ਜੀ ਦੇ ਘਰਾਣੇ ਵਿਚ ਮੌਜੂਦ ਹੈ।



Sri Satguru Jagjit Singh Ji eLibrary NamdhariElibrary@gmail.com

ਇਸ ਸੇਵਾ ਦੇ ਉਪਰੰਤ ਸ਼ੇਰਿ ਪੰਜਾਬ ਆਪ ਦੀ ਰਾਏ ਦੀ ਐਨੀ ਕਦਰ ਕਰਦੇ ਹੁੰਦੇ ਸਨ ਕਿ ਖਾਲਸਾ ਦਰਬਾਰ ਵਿਚ ਐਸੇ ਬਹੁਤ ਘਟ ਸਰਦਾਰ ਸਨ ਜਿਨ੍ਹਾਂ ਦਾ ਮੁਰਾਤਬਾ ਸਰਦਾਰ ਧੰਨਾ ਸਿੰਘ ਦੇ ਬਰਾਬਰ ਸੀ।

ਜਹਾਂਗੀਰੇ ਦੀ ਰਣਭੂਮੀ ਅਤੇ ਸੰਨ ੧੮੩੪ ਵਾਲੀ ਪਿਸ਼ਾਵਰ ਦੀ ਫਤਹ ਸਮੇਂ ਸਰਦਾਰ ਧੰਨਾ ਸਿੰਘ ਨੇ ਸਣੇ ਆਪਣੇ ਵਰਗੇ ਬਹਾਦਰ ਸਪੁਤ੍ਰਾਂ ਸਰਦਾਰ ਬਚਿੱਤਰ ਸਿੰਘ ਤੇ ਹੁਕਮ ਸਿੰਘ ਦੇ ਜਿਹੜੇ ਸੱਜੇ ਖੱਬੇ ਆਪ ਦੇ ਨਾਲ ਸਨ, ਆਪਣੀ ਬੀਰਤਾ ਦੇ ਉਹ ਜੌਹਰ ਦਸੇ ਜਿਨ੍ਹਾਂ ਨੂੰ ਦੇਖ ਕੇ ਸਭ ਵਾਹ! ਵਾਹ! ਕਰ ਉਠੇ ਸਨ। ਸੂਬਾ ਪਿਸ਼ਾਵਰ ਨੂੰ ਖਾਲਸਾ ਰਾਜ ਨਾਲ ਮਿਲਾ ਲੈਣ ਨਾਲ ਕੰਵਰ ਨੌਨਿਹਾਲ ਸਿੰਘ ਤੇ ਸਰਦਾਰ ਹਰੀ ਸਿੰਘ ਨੇ ਇਸ ਸੂਬੇ ਦੇ ਸਭ ਤੋਂ ਕਰੜੇ ਕਿਲ੍ਹੇ ਮਿਚਨੀ ਦੀ ਰਾਖੀ ਸਰਦਾਰ ਬਚਿੱਤ੍ਰ ਸਿੰਘ ਦੇ ਹੱਥ ਸੌਂਪੀ ਸੀ, ਜਿਸ ਨੂੰ ਇਸ ਸੂਰਮੇ ਨੇ ਬੜੀ ਬਹਾਦਰੀ ਨਾਲ ਨਿਬਾਹਿਆ ਜਿਸ ਦੀ ਧਾਂਕ ਅੱਜ ਤਕ ਇਸ ਇਲਾਕੇ ਵਿਚ ਮੰਨੀ ਜਾਂਦੀ ਹੈ।

## ਚਲਾਣਾ

ਸਰਦਾਰ ਧੰਨਾ ਸਿੰਘ ਲਗ ਪਗ ੬੮ ਸਾਲ ਦੀ ਆਯੂ ਭੋਗ ਕੇ ਮਈ ਸੰਨ ੧੮੪੩ ਵਿਚ ਚੜ੍ਹਾਈ ਕਰ ਗਿਆ[1]। ਆਪ ਨੇ ਆਪਣੇ ਜੀਵਨ ਦੇ ੪੩ ਸਾਲ ਖਾਲਸਾ ਰਾਜ ਦੀ ਉਸਾਰੀ ਤੇ ਵਾਧੇ ਲਈ ਘਾਲਾਂ ਘਾਲੀਆਂ।

ਆਪ ਦੀ ਅੰਤਮ ਅਭਿਲਾਖਾ ਅਨੁਸਾਰ ਆਪ ਦਾ ਦਾਹ ਸੰਸਕਾਰ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦਗੰਜ[2] ਵਿਚ ਕੀਤਾ ਗਿਆ। ਮਹਾਰਾਜਾ ਸ਼ੇਰਿ ਸਿੰਘ ਦੇ ਹੁਕਮ ਨਾਲ ਇਸੇ ਥਾਂ ਆਪ ਦੀ ਸ਼ਾਨਦਾਰ ਸਮਾਧ ਤਿਆਰ ਕੀਤੀ ਗਈ, ਜੋ ਅਜੇ ਤਕ ਮੌਜੂਦ ਹੈ।

---

1. ਦੀ ਰਾਜਾਜ਼ ਆਫ ਦੀ ਪੰਜਾਬ ਸਫਾ ੪੦੪.।
2. ਇਹ ਸ਼ਹੀਦ ਗੰਜ ਲੰਡਾ ਬਾਜ਼ਾਰ ਲਾਹੌਰ ਵਿਚ ਹੈ।



Sri Satguru Jagjit Singh Ji eLibrary NamdhariElibrary@gmail.com

# ਬਾਬਾ ਸਾਹਿਬ ਸਿੰਘ ਜੀ ਬੇਦੀ

ਸਤਿਗੁਰੂ ਨਾਨਕ ਦੇਵ ਜੀ ਦੀ ਪਾਵਨ ਬੰਸ ਵਿਚ ਜਨਮ ਹੋਣ ਤੋਂ ਛੁਟ, ਬਾਬਾ ਸਾਹਿਬ ਸਿੰਘ ਜੀ ਵਿਚ ਉਹ ਸਾਰੇ ਗੁਣ ਮੌਜੂਦ ਸਨ, ਜਿਹੜੇ ਕਿਸੇ ਸ੍ਰੇਸ਼ਟ ਪੁਰਖ ਤੇ ਉੱਚੇ ਪਾਏ ਦੇ ਜਰਨੈਲ ਲਈ ਸੋਭਦੇ ਸਨ। ਆਪ ਜਿਥੇ ਆਤਮਕ ਜੀਵਨ ਵਿਚ ਖਾਸ ਪ੍ਰਭੁਤਾ ਰਖਦੇ ਸਨ ਉਥੇ ਨਾਲ ਹੀ ਤਲਵਾਰ ਦੇ ਵੀ ਐਸੇ ਧਨੀ ਸਨ ਕਿ ਉਨ੍ਹਾਂ ਦੇ ਨਾਲ ਦਾ ਜੋਧਾ ਕੋਈ ਹੀ ਮਿਲਦਾ ਸੀ। ਲੋੜ ਪੈਣ ਪਰ ਆਪ ਜਦ ਰਣ-ਤਤਿਆਂ ਵਿਚ ਆਪਣੀ ਤੇਗ਼ ਧੂਹ ਕੇ ਧੈਂ ਵੜਦੇ ਹੁੰਦੇ ਸਨ ਤਾਂ ਇਉਂ ਮਲੂਮ ਹੁੰਦਾ ਸੀ ਕਿ ਮਾਨੋਂ ਧੁਰ ਆਕਾਸ਼ ਤੋਂ ਕੜਕਦੀ ਹੋਈ ਬਿਜਲੀ ਵੈਰੀ ਦੇ ਸਿਰ ਟੁਟ ਕੇ ਪੈ ਰਹੀ ਹੈ।

ਧਾਰਮਕ ਦੀਵਾਨਾਂ ਵਿਚ ਜਦ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਗੁਰਬਾਣੀ ਦੀ ਕਥਾ ਕਰਦੇ ਹੁੰਦੇ ਸਨ ਤਾਂ ਇਉਂ ਪ੍ਰਤੀਤ ਹੁੰਦਾ ਸੀ ਕਿ ਧੁਰ ਅਰਸ਼ਾਂ ਤੋਂ ਅੰਮ੍ਰਿਤ ਵਰਖਾ ਹੋ ਰਹੀ ਹੈ[1]।

ਆਪ ਜੀ ਦੇ ਪਿਤਾ ਬਾਬਾ ਜੀਤ ਸਿੰਘ ਜੀ ਮਨਾਂ ਨੂੰ ਮੋਹ ਲੈਣ ਵਾਲੀ ਕਥਾ ਵਿਆਖਿਆ ਕਰਨ ਦੇ ਕਾਰਨ ਨਾ ਕੇਵਲ ਸਿੱਖਾਂ ਵਿਚ ਹੀ ਪੂਜੇ ਜਾਂਦੇ ਸਨ ਸਗੋਂ ਪਹਾੜੀ ਇਲਾਕੇ ਦੇ ਰਾਜੇ ਰਾਣੀਆਂ ਵਿੱਚ ਵੀ ਆਪ ਵਡੇ ਕਲਾਵਾਨ ਮੰਨੇ ਜਾਂਦੇ ਸਨ। ਖਾਸ ਕਰ ਰਾਜਾ ਜਖਵਾਲ ਤੇ ਰਾਣਾ ਕਹਿਲੂਰ ਆਪ ਦੇ ਆਗਿਆਕਾਰ ਤੇ ਸਿਦਕੀ ਸ਼ਰਧਾਲੂਆਂ ਵਿਚੋਂ ਸਨ, ਇਨ੍ਹਾਂ ਬਹੁਤ ਸਾਰੀ ਜਾਗੀਰ ਬਾਬਾ ਜੀ ਦੇ ਲੰਗਰ ਨਾਲ ਲਵਾਈ ਹੋਈ ਸੀ।

ਬਾਬਾ ਸਾਹਿਬ ਸਿੰਘ ਜੀ ਅਜੇ ਯੁਵਕ ਹੀ ਸਨ ਕਿ ਆਪ ਦੀ ਉੱਚ ਕਰਨੀ ਦੀ ਧੁੰਮ ਸਾਰੇ ਦੇਸ਼ ਵਿਚ ਖਿੱਲਰ ਗਈ ਸੀ। ਆਪ ਤੋਂ ਸਭ ਕੋਈ ਭਲਾਈ ਤੇ ਨਿਆਂ ਦੀ ਆਸ ਰਖਦਾ ਸੀ। ਜਦ ਕਦ ਰਾਜਿਆਂ ਜਾਂ ਸਰਦਾਰਾਂ ਵਿਚ ਕੋਈ ਤਨਾਜ਼ਾ ਝਗੜਾ ਕਿਸੇ ਗਲੋਂ ਪੈਦਾ ਹੋ ਜਾਂਦਾ ਤਾਂ ਆਪ ਜੀ ਉਸ ਦਾ ਐਸਾ ਨਿਆਸ਼ੀਲ ਫੈਸਲਾ ਕਰ ਦੇਂਦੇ ਕਿ ਜਿਸ ਨਾਲ ਦੋਵੇਂ ਧਿਰਾਂ ਪੂਰਨ ਸੰਤੁਸ਼ਟ ਹੋ ਜਾਂਦੀਆਂ ਸਨ। ਮਿਸਾਲ ਲਈ ਇਕੇਰਾਂ ਰਾਜਾ ਉਮੈਦ ਸਿੰਘ ਵਾਲੀਏ ਜਸਵਾਲ ਅਤੇ ਸਰਦਾਰ ਗੁਰਦਿਤ ਸਿੰਘ ਰਈਸ ਸੰਤੋਖ ਗੜ੍ਹ ਵਿਚਾਲੇ ਬੜਾ ਭਾਰੀ ਝਗੜਾ ਇਕ ਇਲਾਕੇ ਬਾਰੇ ਖੜਾ ਹੋ ਗਿਆ, ਜਿਸ ਵਿਚ ਦੋਵੇਂ ਧਿਰਾਂ ਵਲੋਂ ਸੈਂਕੜੇ ਕੀਮਤੀ ਜਾਨਾਂ ਦੇ ਵਿਅਰਥ ਜਾਨ ਦੀ ਸੰਭਾਵਨਾ ਸੀ।

ਇਕ ਦਿਨ ਇਨ੍ਹਾਂ ਦੋਵਾਂ ਤਾਕਤਾਂ ਵਲੋਂ ਲਸ਼ਕਰ ਇਕੱਠੇ ਹੋਕੇ ਆਪੋ ਆਪਣੇ ਬੰਨਿਆਂ ਪਰ ਮੋਰਚਿਆਂ ਪਰ ਆ ਬੈਠੇ। ਹੁਣ ਕੇਵਲ ਛੇਕੜਲੇ ਹੁਕਮ ਦੀ ਹੀ ਦੇਰ ਸੀ ਤੇ ਕਤਲਾਮ ਅਰੰਭ ਹੋ ਪੈਣੀ ਸੀ।

---

1. ਕਈ ਕਹਿੰਦੇ ਹਨ ਕਿ ਬਾਬਾ ਸਾਹਿਬ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਾਨਸ਼ੀਨ ਹੋਣ ਦਾ ਦਾਹਵਾ ਕੀਤਾ ਸੀ। ਪਰ ਇਸ ਦੀ ਤਾਈਦ ਕਿਸੇ ਪਰਮਾਣੀਕ ਇਤਿਹਾਸ ਤੋਂ ਨਹੀਂ ਮਿਲਦੀ।



Sri Satguru Jagjit Singh Ji eLibrary NamdhariElibrary@gmail.com

## ਬਾਬਾ ਜੀ ਨੂੰ ਸਾਲਸ ਮੰਨਣਾ

ਇਸ ਨਾਜ਼ਕ ਸਮੇਂ ਰਾਜਾ ਉਮੈਦ ਸਿੰਘ ਨੇ ਸਰਦਾਰ ਗੁਰਦਿਤ ਸਿੰਘ ਨੂੰ ਸੁਨੇਹਾ ਭਿਜਵਾਇਆ ਕਿ ਲੜਾਈ ਤੋਂ ਛੁਟ ਇਕ ਹੋਰ ਤਰੀਕਾ ਵੀ ਹੋ ਸਕਦਾ ਹੈ, ਜਿਸ ਨਾਲ ਇਹ ਧੰਦਾ ਨਿਖੇੜਿਆ ਜਾ ਸਕਦਾ ਹੈ। ਉਹ ਤਰੀਕਾ ਇਹ ਹੈ ਕਿ ਅਸੀਂ ਦੋਵੇਂ ਧਿਰਾਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੂੰ ਵਿਚੋਲਾ (ਸਾਲਸ) ਮੰਨ ਕੇ ਸਾਰਾ ਮਾਮਲਾ ਉਨ੍ਹਾਂ ਦੇ ਹੱਥ ਸੌਂਪ ਦੇਵੀਏ ਤੇ ਉਹ ਜੋ ਫੈਸਲਾ ਕਰਨ ਦੋਵੇਂ ਪ੍ਰਵਾਨ ਕਰ ਲਈਏ।

ਇਸ ਭਲੇ ਖਿਆਲ ਦੇ ਮੰਨਣ ਤੋਂ ਸਰਦਾਰ ਗੁਰਦਿਤ ਸਿੰਘ ਨੂੰ ਕੀ ਉਜ਼ਰ ਹੋ ਸਕਦਾ ਸੀ। ਦੋਵਾਂ ਨੇ ਆਪਣੇ ਸਬੂਤਾਂ ਸਣੇ ਮਾਮਲਾ ਬਾਬਾ ਜੀ ਹੱਥ ਸੌਂਪ ਦਿਤਾ। ਪੂਰੀ ਵਿਚਾਰ ਦੇ ਉਪਰੰਤ ਬਾਬਾ ਜੀ ਨੇ ਐਸਾ ਸਿਆਣਪ ਭਰਿਆ ਦੋ ਟੂਕ ਫੈਸਲਾ ਦਿਤਾ ਕਿ ਜਿਸ ਨਾਲ ਦੋਵੇਂ ਹੱਕਦਾਰ ਆਪੋ ਆਪਣੀ ਥਾਂਏ ਪੂਰਨ ਸੰਤੁਸ਼ਟ ਹੋ ਗਏ ਅਤੇ ਇਹ ਤਨਾਜ਼ਾ ਸਦਾ ਲਈ ਮੁਕ ਗਿਆ। ਇਸ ਫੈਸਲੇ ਦੀ ਖੁਸ਼ੀ ਵਿਚ ਰਾਜਾ ਜਸਵਾਲ ਨੇ ਪਿੰਡ ਊਨਾਂ ਸਣੇ ਤਅਲਕੇ ਦੇ ਅਤੇ ਸਰਦਾਰ ਗੁਰਦਿਤ ਸਿੰਘ ਨੇ ਮੌਜ਼ਾ ਕੂਲਗਰਾਊਂ ਜੋ ਬੜਾ ਉਪਜਾਊ ਪਰਗਨਾ ਸੀ, ਲੰਗਰ ਲਈ ਬਾਬਾ ਸਾਹਿਬ ਜੀ ਦੀ ਭੇਂਟ ਕੀਤਾ[1]। ਹੁਣ ਆਪ ਜੀ ਊਨੇ ਜਾ ਵਸੇ।

## ਸਾਰੇ ਪੰਜਾਬ ਵਿਚ ਪ੍ਰਸਿੱਧਤਾ

ਜਿਉਂ ਜਿਉਂ ਬਾਬਾ ਜੀ ਵਧ ਵਧ ਕੇ ਨਾਮ ਤੇ ਗੁਰਬਾਣੀ ਦੇ ਪ੍ਰਚਾਰ ਵਿਚ ਲੀਨ ਹੁੰਦੇ ਗਏ ਤਿਉਂ ਤਿਉਂ ਆਪ ਦਾ ਮਾਨ ਤੇ ਪ੍ਰਤਿਸ਼ਟਾ ਦੇਸ ਵਿਚ ਖਿਲਰਦੀ ਗਈ। ਆਪ ਦੀ ਰਾਏ ਧਾਰਮਕ ਤੇ ਰਾਜਸੀ ਮਾਮਲਿਆਂ ਵਿਚ ਅਟੱਲ (ਨਾਤਕ) ਮੰਨੀ ਜਾਂਦੀ ਸੀ। ਆਪ ਦੇ ਮੁਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਨ ਲਈ ਕਈ ਹਜ਼ਾਰਾਂ ਦੀ ਗਿਣਤੀ ਵਿਚ ਸਰੋਤੇ ਆਪ ਦੀ ਡੇਰੇ ਦੇ ਨਾਲ ਰਹਿੰਦੇ ਸਨ।

ਇਕ ਵਾਰ ਰਾਣਾ ਕਹਿਲੂਰ ਸਣੇ ਰਾਣੀਆਂ ਤੇ ਅਹਿਲਕਾਰਾਂ ਦੇ ਸ੍ਰੀ ਬਾਬਾ ਜੀ ਤੋਂ ਉਪਦੇਸ਼ ਪ੍ਰਾਪਤ ਕਰਨ ਲਈ ਊਨੇ ਆਇਆ ਤੇ ਕਈ ਦਿਨਾਂ ਤਕ ਬੜੇ ਸ਼ਰਧਾ ਭਰੇ ਮਨ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਕਥਾ ਸੁਣਦਾ ਰਿਹਾ। ਰਾਣਾ ਆਪ ਜੀ ਦੇ ਸਿਖਿਆ ਭਰੇ ਬਚਨਾਂ ਪਰ ਐਸਾ ਮੋਹਿਤ ਹੋਇਆ ਕਿ ਉਹ ਗੁਰੂ ਘਰ ਦਾ ਪੂਰਾ ਸ਼ਰਧਾਲੂ ਹੋ ਗਿਆ।

ਇਸੇ ਤਰ੍ਹਾਂ ਮਹਾਰਾਜਾ ਪਟਿਆਲਾ, ਨਾਭਾ ਤੇ ਹੋਰ ਕਈ ਰਈਸ ਤੇ ਰਾਜੇ ਆਪਣੇ ਆਪ ਨੂੰ ਵਡਭਾਗੀ ਜਾਣਕੇ ਆਪ ਤੋਂ ਕਥਾ ਸੁਣਦੇ ਅਤੇ ਆਪ ਦੀ ਆਗਿਆ ਵਿਚ ਰਹਿੰਦੇ ਸਨ।

## ਸ਼ੇਰਿ ਪੰਜਾਬ ਨਾਲ ਮੇਲ

ਸ਼ੇਰਿ ਪੰਜਾਬ ਨੇ ਲਾਹੌਰ ਦੇ ਫਤਹ ਕਰਨ ਦੇ ਕੁਝ ਸਮਾਂ ਬਾਅਦ ਖਾਲਸਾ ਰਾਜ ਦੀ ਨੀਂਹ ਰਖਣ ਲਗਿਆਂ, ਸ੍ਰੀ ਬਾਬਾ ਸਾਹਿਬ ਵਰਗੀ ਪਾਵਨ ਹਸਤੀ ਤੋਂ ਅਸੀਸਾਂ ਤੇ ਸ਼ੁਭ ਇਛਾਵਾਂ ਪ੍ਰਾਪਤ ਕਰਨ ਦੀ ਤੀਬਰ ਇੱਛਾ ਪ੍ਰਗਟ ਕੀਤੀ ਅਤੇ ਬਾਬਾ ਸਾਹਿਬ ਸਿੰਘ ਜੀ ਨੂੰ ਲਾਹੌਰ ਚਰਨ ਪਾਣ ਲਈ ਆਪਣੇ ਕੁਝ ਕਰਮਚਾਰੀ, ਆਪ ਦੀ ਸੇਵਾ ਵਿਚ ਊਨੇ ਭੇਜੇ। ਬਾਬਾ ਜੀ ਸਰਕਾਰ ਦੀ ਸ਼ਰਧਾ ਦੇਖਕੇ ਲਾਹੌਰ ਆ ਗਏ।

1. ਪੁਰਾਤਨ ਸਾਖੀਆਂ, ਪੰਨਾ ੫੧।



Sri Satguru Jagjit Singh Ji eLibrary NamdhariElibrary@gmail.com

ਸ਼ੇਰਿ ਪੰਜਾਬ ਨੇ ਅਗੋਂ ਬੜੇ ਆਦਰ ਤੇ ਸਤਿਕਾਰ ਨਾਲ ਆਪ ਜੀ ਦੀ ਅਗਵਾਈ ਕੀਤੀ ਅਤੇ ਖਾਸ ਕਿਲ੍ਹੇ ਵਿਚ ਆਪ ਨੂੰ ਆਪਣੇ ਪਾਸ ਨਵਾਸ ਦਿਤਾ। ਕੁਝ ਸਮਾਂ ਸਰਕਾਰ ਸਣੇ ਮਹਾਰਾਣੀਆਂ ਤੇ ਸ਼ਾਹੀ ਪ੍ਰਵਾਰ ਦੇ ਬਾਬਾ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਕਥਾ ਸੁਣਦੇ ਰਹੇ। ਇਸ ਦੇ ਬਾਅਦ ਬਾਬਾ ਜੀ ਦੀ ਸਲਾਹ ਨਾਲ ਸ਼ੇਰਿ ਪੰਜਾਬ ਨੂੰ ਰਾਜਗੀ ਦੀ ਪਦਵੀ ਦੇਣ ਲਈ ਤਿਆਰੀਆਂ ਹੋਣ ਲਗੀਆਂ।

## ਸ਼ੇਰਿ ਪੰਜਾਬ ਨੂੰ ਮਹਾਰਾਜਗੀ ਦਾ ਤਿਲਕ ਲਾਣਾ

ਹੁਣ ਸਾਰੀਆਂ ਲੋੜੀਂਦੀਆਂ ਤਿਆਰੀਆਂ ਹੋ ਜਾਣ ਦੇ ਬਾਅਦ ੧ ਵਿਸਾਖ ੧੮੫੮ ਬਿ: ਮੁਤਾਬਿਕ ੧੩ ਅਪ੍ਰੈਲ ਸੰਨ ੧੮੦੧ ਨੂੰ ਬਹੁਤ ਬੜੇ ਸ਼ਾਨਦਾਰ ਦੀਵਾਨ ਵਿਚ ਜਿਸ ਦੀ ਰੌਣਕ ਵਧਾਣ ਲਈ ਦੂਰ ਦੂਰ ਤੋਂ ਅਨੇਕ ਰਈਸ ਤੇ ਸਰਦਾਰ ਆਏ ਹੋਏ ਸਨ, ਲਾਹੌਰ ਦੇ ਕਿਲ੍ਹੇ ਦੇ ਦਰਬਾਰਿ–ਆਮ ਵਿਚ ਸ਼ੇਰਿ ਪੰਜਾਬ ਮੁਗ਼ਲੀਆ ਬਾਦਸ਼ਾਹ ਦੇ ਤਖ਼ਤ ਪਰ ਬਿਰਾਜੇ। ਇਸ ਸਮੇਂ ਬਾਬਾ ਸਾਹਿਬ ਸਿੰਘ ਜੀ ਨੇ ਉਤਸ਼ਾਹ–ਭਰੇ ਹਿਰਦੇ ਨਾਲ ਅਰਦਾਸਾ ਸੋਧਿਆ ਅਤੇ ਆਸ਼ੀਰਬਾਦ ਦੇਂਦਿਆਂ 'ਸਿੰਘ ਸਾਹਿਬ' ਨੂੰ ਰਾਜਗੀ ਦਾ ਪਦ ਦਿਤਾ ਅਤੇ ਮਸਤਕ ਪਰ ਕੁੰਗੂ ਦਾ ਤਿਲਕ ਲਾਇਆ[1]।

ਇਸ ਦੇ ਨਾਲ ਹੀ ਸਾਰੇ ਦਰਬਾਰੀਆਂ ਸਤਿ ਸ੍ਰੀ ਅਕਾਲ ਦੇ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਇਸ ਦੀ ਪ੍ਰਵਾਨਗੀ ਪ੍ਰਗਟ ਕੀਤੀ। ਹੁਣ ਸਾਰੇ ਦਰਬਾਰੀਆਂ ਨੇ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਨਜ਼ਰਾਨੇ ਪੇਸ਼ ਕੀਤੇ। ਅਗੋਂ ਸਰਕਾਰ ਨੇ ਹਰ ਇਕ ਰੁਤਬੇ ਅਨੁਸਾਰ ਖਿਲਤਾਂ ਤੇ ਜਾਗੀਰਾਂ ਬਖਸ਼ੀਆਂ। ਇਸ ਸਮੇਂ ਮਹਾਰਾਜਾ ਸਾਹਿਬ ਨੇ ਬਾਬਾ ਸਾਹਿਬ ਸਿੰਘ ਨੂੰ ਪਿੰਡ ਉਦੇਵਾਲ ਇਲਾਕਾ ਗੁਜਰਾਤ ਵਿਚ ਜਾਗੀਰ ਭੇਟਾ ਕੀਤੀ।[2]

ਇਸ ਦਿਨ ਤੋਂ ਬਾਅਦ ਅਗੇ ਨੂੰ ਸਦਾ ਲਈ ਰੂਹਾਨੀ ਬਰਕਤਾਂ ਤੋਂ ਛੁਟ ਖਾਲਸਾ ਰਾਜ ਦੀ ਉਸਾਰੀ ਦੇ ਰਾਹ ਵਿਚ ਜਦ ਕੋਈ ਔਕੜ ਆਣ ਬਣਦੀ ਤਾਂ ਬਾਬਾ ਸਾਹਿਬ ਜੀ ਉਸ ਨੂੰ ਹਟਾਣ ਵਿਚ ਸਦਾ ਤਤਪਰ ਰਹਿੰਦੇ। ਮੈਦਾਨ ਜੰਗ ਬਾਰੇ ਸ਼ੇਰਿ ਪੰਜਾਬ, ਬਾਬਾ ਜੀ ਦੀ ਰਾਇ ਨੂੰ ਵੱਡੀ ਕਦਰ ਦੀ ਨਜ਼ਰ ਨਾਲ ਦੇਖਦੇ ਹੁੰਦੇ ਸਨ। ਵੱਡੇ ਵੱਡੇ ਸੰਗਰਾਮਾਂ ਵਿਚ ਸਰਕਾਰ ਸਦਾ ਆਪ ਨੂੰ ਆਪਣੇ ਨਾਲ ਰਖਦੇ ਹਨ ।

## ਖਾਲਸੇ ਵਿਚ ਬੀਰ ਰਸ ਉਤੇਜਨ ਕਰਨ ਦੇ ਯਤਨ

ਜੰਗੀ ਸੇਵਾ ਦੇ ਨਾਲ ਸ੍ਰੀ ਬਾਬਾ ਜੀ ਖਾਲਸਾ ਰਾਜ ਦੀ ਬ੍ਰਿਧੀ ਲਈ ਫੌਜਾਂ ਵਿਚ ਖਾਲਸੇ ਦੇ ਬੀਰ ਰਸ ਦੇ ਵਾਧੇ ਲਈ ਸਦਾ ਪ੍ਰਚਾਰ ਕਰਦੇ ਰਹਿੰਦੇ ਸਨ। ਕਈ ਕਈ ਹਜ਼ਾਰ ਦੇ ਇੱਕਠਾਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਸਿਖੀ ਆਚਰਨ ਦੀ ਉੱਚਤਾ ਨੂੰ ਕਾਇਮ ਰੱਖਣ ਦੇ ਯਤਨ ਵਿਚ ਲਗੇ ਰਹਿੰਦੇ ਸਨ।

---

1. ਸੀਤਾ ਰਾਮ ਮਹਾਰਾਜਾ ਰਣਜੀਤ ਸਿੰਘ, ਸਫਾ ੭੭।
2. ਪੁਰਾਤਨ ਸਾਖੀਆਂ ਸਫਾ ੬੨।



Sri Satguru Jagjit Singh Ji eLibrary NamdhariElibrary@gmail.com

## ਮਲੇਰ ਕੋਟੀਆਂ ਦੀ ਸੋਧ

ਇਕ ਵੇਰਾਂ ਅਤਾਉਲਾ ਖਾਨ ਨਵਾਬ ਮਲੇਰ ਕੋਟਲੇ ਨੇ ਕੋਟਲੇ ਦੇ ਕਈ ਸਿੰਘਾਂ ਤੇ ਹਿੰਦੂਆਂ ਦੇ ਸਾਹਮਣੇ ਗਊ ਬਧ ਕੀਤੀ ਅਤੇ ਅਗੇ ਨੂੰ ਇਸ ਤਰ੍ਹਾਂ ਕਰਨ ਦਾ ਘੁਮੰਡ ਕੀਤਾ। ਇਥੇ ਦੇ ਸਿਖ ਤੇ ਹਿੰਦੂ ਵਸਨੀਕਾਂ ਨੇ ਆਕੇ ਸਾਰਾ ਮਾਮਲਾ ਦਸਿਆ।

ਬਾਬਾ ਸਾਹਿਬ ਜੀ ਨੇ ਉਸੇ ਦਿਨ ਧਰਮ ਯੁਧ ਦਾ ਝੰਡਾ ਲਹਿਰਾ ਦਿੱਤਾ ਅਤੇ ੮੦੦ ਖਾਲਸੇ ਨਾਲ ਮਲੇਰੀਆਂ ਪਰ ਧਾਵਾ ਬੋਲ ਦਿੱਤਾ[1]। ਅਗੋਂ ਮਲੇਰੀਏ ਵੀ ਪੀੜੀਓ ਪੀੜੀ ਪ੍ਰਸਿੱਧ ਤਲਵਾਰੀਏ ਮੰਨੇ ਜਾਂਦੇ ਸਨ, ਇਨ੍ਹਾਂ ਕਈ ਹਜ਼ਾਰ ਦੀ ਗਿਣਤੀ ਵਿਚ ਇਕੱਠੇ ਹੋਕੇ, ਨਵਾਬ ਅਤਾਉਲਾ ਖਾਨ ਅਤੇ ਉਸ ਦੇ ਚਵਾਂ ਬਹਾਦਰ ਭਤੀਜਿਆਂ ਵਜ਼ੀਰ ਖਾਨ, ਫਤਹ ਖਾਨ, ਹਿੰਮਤ ਖਾਨ ਤੇ ਦਲੇਰ ਖਾਨ ਦੀ ਅਗਵਾਈ ਵਿਚ ਬਾਬਾ ਜੀ ਨੂੰ ਅਗੇ ਵਧਣ ਤੋਂ ਰੋਕਿਆ। ਹੁਣ ਲਗੀ ਖਟਾ ਖਟ ਤਲਵਾਰ ਚਲਣ। ਮਲੇਰੀਏ ਬੜੀ ਬਹਾਦਰੀ ਨਾਲ ਲੜੇ ਪਰ ਇਸ ਸਮੇਂ ਬਾਬਾ ਸਾਹਿਬ ਆਪਣੇ ਘੋੜੇ ਨੂੰ ਉਡਾਂਦੇ ਹੋਏ ਵੈਰੀਆਂ ਦੇ ਗਲ ਜਾ ਪਏ ਅਤੇ ਐਸੀ ਸ੍ਰੀ ਸਾਹਿਬ ਚਲਾਈ ਕਿ ਵੈਰੀ ਦੇ ਲਸ਼ਕਰ ਨੂੰ ਕੁਚਲ ਕੇ ਰੱਖ ਦਿੱਤਾ।

ਬਾਬਾ ਸਾਹਿਬ ਨੂੰ ਇਸ ਤਰ੍ਹਾਂ ਰਣ ਤਤੇ ਵਿੱਚ ਸਭ ਤੋਂ ਅਗੇ ਦੇਖ ਕੇ ਖਾਲਸੇ ਦੇ ਬੀਰ ਰਸ ਨੇ ਛਲਕਾ ਖਾਧਾ ਜਿਸ ਅਗੇ ਮਲੇਰੀਏ ਹੋਰ ਨਾ ਠਹਿਰ ਸਕੇ। ਇਸ ਤਰ੍ਹਾਂ ਉਹਨਾਂ ਬਹੁਤ ਜਾਨੀ ਨੁਕਸਾਨ ਉਠਾ ਕੇ ਮੈਦਾਨ ਖਾਲਸੇ ਦੇ ਹੱਥ ਛੱਡ ਆਪ ਕੋਟਲੇ ਜਾ ਪਨਾਹ ਲਈ।

ਇਥੋਂ ਅਤਾਉਲਾ ਖਾਨ ਨੇ ਆਪਣੇ ਭਾਈ ਅਬਦੁਲਾ ਖਾਨ ਨੂੰ ਮਹਾਰਾਜਾ ਸਾਹਿਬ ਸਿੰਘ ਵਾਲੀਏ ਪਟਿਆਲਾ ਪਾਸ ਭੇਜਿਆ ਤਾਕਿ ਉਹ ਵਿਚੋਲਾ ਬਣਕੇ ਬਾਬਾ ਸਾਹਿਬ ਜੀ ਤੋਂ ਉਨ੍ਹਾਂ ਦੀ ਜਾਨ ਬਖਸ਼ੀ ਕਰਵਾਏ।

ਮਹਾਰਾਜਾ ਸਾਹਿਬ ਪਟਿਆਲਾ ਨੇ ਆਪਣੇ ਦੋ ਸਹਿਕਾਰੀ ਸਰਦਾਰ ਚੈਨ ਸਿੰਘ ਤੇ ਬਖਸ਼ੀ ਸੈਦਾ ਨੂੰ ਬਾਬਾ ਸਾਹਿਬ ਵਲ ਭੇਜਿਆ। ਉਨ੍ਹਾਂ ਨੇ ਆ ਕੇ ਮਲੇਰੀਆਂ ਦੇ ਅਪ੍ਰਾਧ ਬਦਲੇ ਇਕ ਭਾਰੀ ਰਕਮ ਚੱਟੀ ਵਜੋਂ ਉਨ੍ਹਾਂ ਤੋਂ ਵਸੂਲ ਕਰਕੇ ਬਾਬਾ ਜੀ ਨੂੰ ਦਿਵਾਈ ਅਤੇ ਅਗੇ ਲਈ ਖਾਲਸੇ ਦੀਆਂ ਸਾਰੀਆਂ ਸ਼ਰਤਾਂ ਮਲੇਰੀਆਂ ਨੂੰ ਮਨਵਾ ਕੇ ਅਹਿਦਨਾਮਾ ਲਿਖਵਾ ਦਿੱਤਾ। ਇਸ ਦੇ ਬਾਅਦ ਬਾਬਾ ਜੀ ਮਲੇਰ ਕੋਟਲੇ ਤੋਂ ਪੂਰਨ ਸਫਲਤਾ ਪ੍ਰਾਪਤ ਕਰਕੇ ਊਨੇ ਵਲ ਪਰਤ ਆਏ।

## ਰਾਏ ਕੋਟੀਆ ਪਰ ਚੜ੍ਹਾਈ

ਕੁਝ ਸਮੇਂ ਉਪਰੰਤ ਰਾਏ ਕੋਟ ਦੇ ਅਫ਼ਗ਼ਾਨ ਹੁਕਮਰਾਨਾਂ ਦੀ ਬਾਬਾ ਸਾਹਿਬ ਸਿੰਘ ਜੀ ਨੂੰ ਸ਼ਕਾਇਤ ਪੁਜੀ ਕਿ ਰਾਏ ਕੋਟੀਆਂ ਨੇ ਸਿਖ ਪ੍ਰਜਾ ਤੋਂ ਧਾਰਮਕ ਅਜ਼ਾਦੀ ਖੋਹ ਕੇ ਉਨ੍ਹਾਂ ਨੂੰ ਡਾਢਾ

---

1. 'ਗੋਸ਼ਾਏ ਪੰਜਾਬ' ਦੇ ਲੇਖਕ ਨੇ ਬਾਬਾ ਸਾਹਿਬ ਸਿੰਘ ਜੀ ਦੀ ਮਲੇਰੀਆਂ ਪਰ ਚੜ੍ਹਾਈ ਦਾ ਕਾਰਨ, ਉਪਰ ਦਿੱਤੀ ਘਟਨਾ ਤੋਂ ਛੁਟ ਇਕ ਹੋਰ ਵੀ ਦਿੱਤਾ ਹੈ। ਉਹ ਲਿਖਦਾ ਹੈ ਚੂੰਕਿ ਮਲੇਰੀਆਂ ਨੇ ਬੀਬੀ ਅਨੂਪ ਕੌਰ ਜੀ ਨੂੰ ਸਰਸੇ ਤੋਂ ਫੜਕੇ ਮਲੇਰ ਕੋਟਲੇ ਲੈ ਆਂਦਾ ਸੀ ਅਤੇ ਇਸ ਨੂੰ ਸਿਖੀ ਦੇ ਤਿਆਗ ਅਤੇ ਇਸਲਾਮ ਨੂੰ ਕਬੂਲਣ ਲਈ ਤਰ੍ਹਾਂ ਤਰ੍ਹਾਂ ਦੇ ਭਿਆਨਕ ਤਸੀਹੇ ਦਿਤੇ ਸਨ। ਛੇਕੜ ਜਦ ਇਸ ਬਹਾਦਰ ਬੀਬੀ ਨੇ ਆਪਣੀ ਪਤ ਤੇ ਪਾਵਨ ਸਿੱਖੀ ਖਤਰੇ ਵਿਚ ਡਿੱਠੀ ਤਾਂ ਇਸ ਸ਼ੇਰਨੀ ਨੇ ਆਪਣੀ ਕ੍ਰਿਪਾਨ ਆਪਣੇ ਪੇਟ ਵਿਚ ਮਾਰਕੇ ਸ਼ਹੀਦੀ ਪ੍ਰਾਪਤ ਕਰ ਲਈ ਸੀ। ਇਸ ਤਰ੍ਹਾਂ ਆਪਣਾ ਸਿਖੀ ਸਿਦਕ ਆਪਣੇ ਅੰਤਮ ਸੁਆਸਾਂ ਤਕ ਨਿਭਾ ਲਿਆ ਸੀ। ਬਾਬਾ ਜੀ ਮਲੇਰੀਆਂ ਨੂੰ ਇਸ ਅਪ੍ਰਾਧ ਦੀ ਸਜ਼ਾ ਵੀ ਦੇਵਣਾ ਚਾਹੁੰਦੇ ਸੀ।



Sri Satguru Jagjit Singh Ji eLibrary NamdhariElibrary@gmail.com

ਤੰਗ ਕਰ ਰਖਿਆ ਹੈ, ਹੁਣ ਉਨ੍ਹਾਂ ਦੇ ਇਲਾਕੇ ਵਿਚ ਸ਼ਬਦ ਕੀਰਤਨ ਤੇ ਝਟਕਾ ਆਦਿ ਕਰਨਾ ਇਕ ਜੁਰਮ ਸਮਝਿਆ ਜਾਂਦਾ ਹੈ।

ਬਾਬਾ ਜੀ ਇਨ੍ਹੀ ਦਿਨ੍ਹੀਂ ਅੰਮ੍ਰਿਤਸਰ ਆਏ ਹੋਏ ਸਨ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਾਕੇ ਨਿਹਾਲ ਕਰ ਰਹੇ ਸਨ। ਆਪ ਨੇ ਦੋ ਦਿਨ ਆਪਣੀ ਕਥਾ ਵਿਚ ਸੰਗਤਾਂ ਨੂੰ ਰਾਏਕੋਟੀਆਂ ਦਾ ਖਾਲਸੇ ਨਾਲ ਅਯੋਗ ਵਰਤਾਵੇ ਦਾ ਸਮਾਚਾਰ ਦਸਿਆ ਜਿਸ ਨਾਲ ਖਾਲਸੇ ਵਿਚ ਐਨਾ ਅਥਾਹ ਜੋਸ਼ ਫੈਲ ਗਿਆ ਕਿ ੭੦੦੦ ਖਾਲਸੇ ਨੇ ਆਪਣੇ ਸੀਸ ਵਾਰ ਕੇ ਆਪਣੇ ਵੀਰਾਂ ਨੂੰ ਧਾਰਮਕ ਹੱਕ ਦਵਾਣ ਦਾ ਆਪਣੇ ਸਾਹਮਣੇ ਪ੍ਰਣ ਕੀਤਾ ਅਤੇ ਲੋੜ ਤੋਂ ਵਧ ਸਮਾਨਿ-ਜੰਗ ਤੇ ਬੇਅੰਤ ਮਾਇਆ ਇਸ ਕਾਰਜ ਲਈ ਇਕ ਦਿਨ ਵਿਚ ਹੀ ਇਕੱਤ੍ਰ ਹੋ ਗਈ।

ਅਗਲੇ ਦਿਨ ਬਾਬਾ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਹਜੂਰੀ ਵਿਚ ਅਰਦਾਸਾ ਸੋਧ ਕੇ ਰਾਏ ਕੋਟੀਆਂ ਪਰ ਚੜ੍ਹਾਈ ਦਾ ਧੌਂਸਾ ਵਜਾ ਦਿੱਤਾ। ਇਸ ਤਰ੍ਹਾਂ ਕਈ ਹਜ਼ਾਰ ਕੌਮੀ ਪ੍ਰਵਾਨਿਆਂ ਆਪ ਦੀ ਅਗਵਾਈ ਵਿਚ ਆਪਾ ਵਾਰਨ ਲਈ ਕੂਚ ਕਰ ਦਿੱਤਾ। ਇਸ ਸਮੇਂ ਰਿਆਸਤ ਰਾਏਕੋਟ ਵਿਚ ਲੁਧਿਆਣਾ ਸਣੇ ਜਗਰਾਓਂ ਦੇ ਤਅੱਲਕੇ ਦੇ ਸ਼ਾਮਲ ਸੀ।

ਬਾਬਾ ਜੀ ਨੇ ਇਥੇ ਪਹੁੰਚਦੇ ਹੀ ਰਾਏ ਕੋਟੀਆਂ ਦੇ ਲਸ਼ਕਰ ਨੂੰ ਐਨੇ ਗਜ਼ਬ ਦੇ ਜੋਸ਼ ਨਾਲ ਅਗੇ ਧਰ ਲਿਆ ਜਿਵੇਂ ਭਿਆਨਕ ਤੂਫਾਨ ਕੱਖਾਂ ਕਾਨਿਆਂ ਨੂੰ ਰੋੜ ਖੜਦਾ ਹੈ। ਅਫ਼ਗਾਨਾਂ ਵੀ ਬੜੀ ਦਲੇਰੀ ਨਾਲ ਆਪਣੀ ਰਿਆਸਤ ਨੂੰ ਬਚਾਣ ਲਈ ਦਿਲ ਖੋਲ੍ਹਕੇ ਟਾਕਰਾ ਕੀਤਾ ਪਰ ਬਾਬਾ ਜੀ ਦੇ ਅਥਾਹ ਜੋਸ਼ ਭਰੇ ਹੱਲੇ ਨੂੰ ਰੋਕਣਾ ਇਨ੍ਹਾਂ ਦੀ ਸ਼ਕਤੀ ਤੋਂ ਬਾਹਰ ਸੀ। ਰਾਏ ਅਲਿਆਸ ਦੇ ਸਾਲਾਰ ਰੋਸ਼ਨ ਖਾਨ ਨੇ ਪੰਜ-ਜੋਧ ਦੇ ਮੈਦਾਨ ਵਿਚ ਕੁਝ ਆਪਣੇ ਭੱਜੇ ਜਾਂਦੇ ਲਸ਼ਕਰ ਨੂੰ ਮੁੜ ਇੱਕਠੇ ਕਰਨ ਦੀ ਹਿੰਮਤ ਕੀਤੀ। ਪਰ ਇਥੇ ਵੀ ਬਾਬਾ ਜੀ ਇਸ ਪਰ ਐਸੇ ਟੁਟ ਕੇ ਪਏ ਕਿ ਜਿਵੇਂ ਬਫਰਿਆ ਹੋਇਆ ਸ਼ੇਰ ਬੱਬਰ ਆਪਣੇ ਸ਼ਿਕਾਰ ਪਰ ਲਪਕਦਾ ਹੈ ਅਤੇ ਇਕੋ ਵਾਰ ਨਾਲ ਸਾਲਾਰ ਦੀ ਅਲਖ ਮੁਕਾ ਦਿੱਤੀ।

ਬਾਕੀ ਲਸ਼ਕਰ ਨੇ ਜਦ ਆਪਣੇ ਆਗੂ ਨੂੰ ਮੈਦਾਨ ਵਿਚ ਤੜਫਦਾ ਡਿੱਠਾ ਤਾਂ ਹਜ਼ਾਰ ਹਿੰਮਤ ਕਰਨ ਪਰ ਵੀ ਉਨ੍ਹਾਂ ਦੇ ਪੈਰ ਰਣ-ਖੇਤ ਵਿਚ ਨਾ ਜਮ ਸਕੇ। ਹੁਣ ਜਿਧਰ ਕਿਸੇ ਨੂੰ ਰਾਹ ਲੱਭਾ ਉਧਰ ਨੂੰ ਆਪਣੀ ਜਾਨ ਬਚਾਣ ਲਈ ਭਜ ਨੱਠਾ।

ਇਸ ਫਤਹ ਨਾਲ ਬਾਬਾ ਸਾਹਿਬ ਸਿੰਘ ਜੀ ਦਾ ਲੁਧਿਆਣੇ ਅਤੇ ਜਗਰਾਓਂ ਪਰ ਕਬਜ਼ਾ ਹੋ ਗਿਆ। ਇਸ ਸਮੇਂ ਰਾਏ ਕੋਟੀਆਂ ਤੁਰਤ ਆਪਣਾ ਇਕ ਸਵਾਰ ਦੁੜਾਕੇ ਭਾਈ ਸਾਹਿਬ ਭਾਈ ਲਾਲ ਸਿੰਘ ਜੀ ਰਈਸ ਕੈਂਥਲ[1] ਨੂੰ ਜੋ ਬਾਬਾ ਸਾਹਿਬ ਦੇ ਸਨੇਹੀ ਸਨ ਆਪਣੇ ਪਾਸ ਮੰਗਵਾ ਲਿਆ। ਭਾਈ ਲਾਲ ਸਿੰਘ ਦੇ ਕਹਿਣ ਪਰ ਲੁਧਿਆਣਾ ਮੁੜ ਰਾਏ ਕੋਟੀਆਂ ਦੇ ਗੁਜ਼ਾਰੇ ਲਈ ਉਨ੍ਹਾਂ ਨੂੰ ਮੋੜ ਦਿਤਾ ਅਤੇ ਇਸ ਦੇ ਬਦਲੇ ਮਨਸੂਰ ਤੇ ਕਿਲ੍ਹਾ ਨੌਬਤ ਸਣੇ ਇਲਾਕੇ ਬਾਬਾ ਜੀ ਨੂੰ ਦਿਵਾ ਦਿੱਤਾ।

---

1. ਭਾਈ ਲਾਲ ਸਿੰਘ ਕੈਂਥਲ ਵਾਲੇ, ਭਾਈ ਡਗਤੂ ਜੀ ਦੀ ਬੰਸ ਵਿਚੋਂ ਸਨ। ਆਪ ਦੇ ਪਿਤਾ ਸਰਦਾਰ ਦੇਸੂ ਸਿੰਘ ਨੇ ਸੰਨ ੧੭੬੭ ਵਿਚ ਆਪਣੇ ਲਈ ਰਿਆਸਤ ਕੈਂਥਲ ਕਾਇਮ ਕੀਤੀ। ਇਹ ਸਰਦਾਰ ਵੱਡਾ ਪ੍ਰਤਾਪੀ ਮੰਨਿਆ ਜਾਂਦਾ ਸੀ। ਭਾਈ ਲਾਲ ਸਿੰਘ ਦੇ ਸਪੁਤ੍ਰ ਭਾਈ ਉਦੇਯ ਸਿੰਘ ਨੇ ਕਵੀ ਰਾਜਾ ਭਾਈ ਸੰਤੋਖ ਸਿੰਘ ਨੂੰ ਵਡੇ ਸਨਮਾਨ ਨਾਲ ਆਪਣੇ ਪਾਸ ਕੈਂਥਲ ਵਿਚ ਰਖਕੇ ਗੁਰ ਪ੍ਰਤਾਪ ਸੂਰ (ਸੂਰਜ ਪ੍ਰਕਾਸ਼) ਆਦਿ ਗ੍ਰੰਥਾਂ ਦੀ ਰਚਨਾ ਕਰਵਾਈ। ਰਾਜਾ ਉਦੇਯ ਸਿੰਘ ਦੇ ਸੰਤਾਨ ਨਹੀਂ ਸੀ। ਇਸ ਲਈ ੧੫ ਮਾਰਚ ਸੰਨ ੧੮੪੩ ਨੂੰ ਉਸਦੇ ਦੇਹਾਂਤ ਹੋਣ ਪਰ ਰਿਆਸਤ ਕੈਂਥਲ ਪਰ ਗੌਰਮਿੰਟ ਅੰਗ੍ਰੇਜ਼ੀ ਨੇ ਕਬਜ਼ਾ ਕਰ ਲਿਆ।



Sri Satguru Jagjit Singh Ji eLibrary NamdhariElibrary@gmail.com

## ਚਲਾਣਾ

ਇਸ ਤਰ੍ਹਾਂ ਬਾਬਾ ਜੀ ਆਪਣਾ ਸਾਰਾ ਜੀਵਨ ਖਾਲਸਾ ਰਾਜ ਦੀ ਉੱਨਤੀ ਤੇ ਉਸਾਰੀ ਦੀ ਸੇਵਾ ਵਿਚ ਬਿਤਾ ਕੇ ਸੰਨ ੧੮੩੪ ਦੇ ਅਰੰਭ ਵਿਚ ਇਸ ਸੰਸਾਰ ਤੋਂ ਚਲਾਣਾ ਕਰ ਗਏ। ਆਪ ਦੇ ਵਿਛੋੜੇ ਨੂੰ ਸ਼ੇਰਿ ਪੰਜਾਬ ਨੇ ਖਾਲਸਾ ਰਾਜ ਤੇ ਕੌਮ ਦਾ ਕਦੇ ਪੂਰਾ ਨਾ ਹੋਣ ਵਾਲਾ ਘਾਟਾ ਦੱਸਿਆ।

## ਬਾਬਾ ਜੀ ਦੇ ਜੀਵਨ ਪਰ ਇਕ ਨਜ਼ਰ

ਬਾਬਾ ਸਾਹਿਬ ਸਿੰਘ ਜੀ ਇਕ ਮਹਾਨ ਹਸਤੀ ਸੀ, ਜੋ ਆਪਣੇ ਆਪ ਵਿਚ ਨਿਰਾਲੀ ਸੀ। ਆਪ ਪ੍ਰਮਾਰਥ ਦੇ ਨਾਲ ਨਾਲ ਮੈਦਾਨਿ-ਜੰਗ ਵਿਚ ਜਵਾਨ ਮਰਦ, ਬੀਰ ਬਹਾਦਰ ਤੇ ਇਕ ਉੱਚੀ ਸ਼ਾਨ ਵਾਲਾ ਸੂਰਮਾ ਸੀ। ਆਪ ਦਾ ਜੀਵਨ ਪਰ-ਉਪਕਾਰ ਦੀ ਅਖੁੱਟ ਰੌ ਵਿਚ ਚਲਦਾ ਸੀ। ਆਪ ਦੀ ਜ਼ਿੰਦਗੀ ਉੱਚੀ ਕੁਰਬਾਨੀ ਦੀ ਆਸ਼ਾ ਵਿਚ ਸਥਿਰ ਸੀ। ਜਿਸ ਵਿਚ ਕਾਂਪ ਨਹੀਂ ਸੀ, ਡੋਲਨ ਨਹੀਂ ਸੀ। ਆਪ ਵਿਚ ਸਿਆਣਪ ਭਰੀ ਗੰਭੀਰਤਾ ਉਤਪੰਨ ਸੀ ਜੋ ਆਮ ਲੋਕਾਂ ਵਿਚ ਬਹੁਤ ਘਟ ਦੇਖੀ ਜਾਂਦੀ ਹੈ। ਆਪ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਸੀ ਅਤੇ ਆਪਣੇ ਜੀਵਨ ਵਿਚ ਹਜ਼ਾਰਾਂ ਗੁਰਸਿਖਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਜਿਸ ਤਰ੍ਹਾਂ ਆਪ ਪੂਰਨ ਰਹਿਤ ਬਹਿਤ ਵਿਚ ਤਿਆਰ-ਬਰ ਰਹਿੰਦੇ ਸਨ, ਇਸੇ ਤਰ੍ਹਾਂ ਅਨੇਕਾਂ ਨੂੰ ਸਾਵਧਾਨ ਕਰ ਦਿਤਾ। ਮੁਕਦੀ ਗੱਲ ਇਹ ਹੈ ਕਿ ਆਪ ਦੇ ਜੀਵਨ ਨੂੰ ਜਿਸ ਪਹਿਲੂ ਤੋਂ ਦੇਖੀਏ ਨਿਰੇ ਗੁਣ ਹੀ ਗੁਣ ਮਿਲਣਗੇ।

## ਬਾਬਾ ਸਾਹਿਬ ਸਿੰਘ ਜੀ ਦੀ ਸੰਤਾਨ

ਬਾਬਾ ਸਾਹਿਬ ਸਿੰਘ ਜੀ ਦੇ ਤਿੰਨ ਪੁਤ੍ਰ ਸਨ। ਬਾਬਾ ਬਿਸ਼ਨ ਸਿੰਘ, ਬਾਬਾ ਤੇਗ ਸਿੰਘ ਤੇ ਬਾਬਾ ਬਿਕ੍ਰਮ ਸਿੰਘ। ਬਾਬਾ ਬਿਸ਼ਨ ਸਿੰਘ ਸਭ ਤੋਂ ਵੱਡੇ ਪੁਤ੍ਰ ਨੂੰ ਬਾਬਾ ਸਾਹਿਬ ਸਿੰਘ ਜੀ ਦੇ ਜੀਵਨ ਵਿਚ ਹੀ ਮਹਾਰਾਜਾ ਸਾਹਿਬ ਨੇ ਕਈ ਹਜ਼ਾਰ ਰੁਪਏ ਆਮਦਨੀ ਦੀ ਵਖ ਜਾਗੀਰ ਦੇ ਦਿਤੀ ਸੀ। ਆਪ ਨੇ ਆਪਣਾ ਜੀਵਨ ਰਾਜ ਦਰਬਾਰ ਦੀ ਸੇਵਾ ਤੋਂ ਵਧ ਧਾਰਮਕ ਪ੍ਰਚਾਰ ਕਥਾ ਵਿਆਖਿਆ ਦੀ ਸੇਵਾ ਲਈ ਸਮਰਪਨ ਕਰ ਦਿੱਤਾ ਸੀ।

ਬਾਬਾ ਬਿਕ੍ਰਮ ਸਿੰਘ ਜੀ ਆਪਣੇ ਭਾਈਆਂ ਵਿਚ ਸਭ ਤੋਂ ਨਿੱਕਾ ਪਰ ਗੁਣਾਂ ਕਰਕੇ ਸਭ ਤੋਂ ਵੱਡਾ ਸੀ। ਇਹ ਆਪਣੇ ਸ਼ਕਤੀਮਾਨ ਪਿਤਾ ਦੀ ਤਰ੍ਹਾਂ ਬੜਾ ਤੇਜਵਾਨ ਹੋ ਬੀਤਿਆ ਹੈ। ਸ਼ੇਰਿ ਪੰਜਾਬ ਨੇ ਆਪ ਨੂੰ ਖਾਲਸਾ ਰਾਜ ਦਾ ਵੱਡਾ ਸਲਾਹਕਾਰ ਨੀਯਤ ਕੀਤਾ ਹੋਇਆ ਸੀ।

ਆਪ ਖਾਲਸਾ ਰਾਜ ਦੀ ਉੱਨਤੀ ਦੇ ਕੰਮਾਂ ਵਿਚ ਆਪਣੇ ਮਾਨਯੋਗ ਪਿਤਾ ਤੋਂ ਵੀ ਅਗੇ ਨਿਕਲ ਗਏ ਸਨ। ਆਪ ਦਾ ਪਾਇਆ ਸਾਰੀ ਖਾਲਸਾ ਫੌਜ ਅਤੇ ਸਰਦਾਰਾਂ ਵਿਚ ਬਹੁਤ ਉੱਚਾ ਮੰਨਿਆਂ ਜਾਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸੰਨ ੧੮੩੯ ਵਿਚ ਪਰਲੋਕ ਸਿਧਾਰਨ ਦੇ ਉਪਰੰਤ ਅਤੇ ਮਹਾਰਾਜਾ ਖੜਗ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੇ ਬਾਅਦ ਜਦ ਮਹਾਰਾਜਾ ਸ਼ੇਰ ਸਿੰਘ ਤੇ ਮਹਾਰਾਣੀ ਚੰਦ ਕੌਰ ਦੇ ਵਿਚਾਲੇ ਡੋਗਰਿਆਂ ਦੀ ਖੁਦਗਰਜ਼ੀ ਦੇ ਕਾਰਨ ਲੜਾਈ ਛਿੜ ਪਈ



Sri Satguru Jagjit Singh Ji eLibrary NamdhariElibrary@gmail.com

ਤਾਂ ਬਾਬਾ ਬਿਕ੍ਰਮ ਸਿੰਘ ਨੇ ਡਿੱਠਾ ਕਿ ਦੋਹਾਂ ਧਿਰਾਂ ਵਲੋਂ ਖਾਲਸੇ ਦਾ ਹੀ ਘਾਤ ਹੋ ਰਿਹਾ ਹੈ ਤਾਂ ਆਪ ਇਸ ਦੁਖਦਾਈ ਦਸ਼ਾ ਨੂੰ ਨਾ ਸਹਾਰ ਸਕੇ। ਆਪ ਝਟ ਕਿਲ੍ਹੇ ਵਿਚ ਪਹੁੰਚੇ ਤੇ ਮਹਾਰਾਣੀ ਨੂੰ ਸਮਝਾਇਆ ਕਿ ਆਪ ਨੂੰ ਅਪਸੁਆਰਥੀਆਂ ਨੇ ਭੁਲੇਖੇ ਵਿਚ ਪਾ ਛਡਿਆ ਹੈ, ਜਿਸ ਕਰਕੇ ਦੋਵਲੀਂ ਖਾਲਸੇ ਦਾ ਹੀ ਨੁਕਸਾਨ ਹੋ ਰਿਹਾ ਹੈ। ਆਪ ਇਸੀ ਵਕਤ ਲੜਾਈ ਬੰਦ ਕਰ ਦੇਵੋ ਅਤੇ ਆਪ ਦੀ ਸ਼ਾਨ ਅਨੁਸਾਰ ਆਪ ਨੂੰ ਜਗੀਰ ਆਦਿ ਦੇ ਦਿਵਾਣ ਦੇ ਅਸੀਂ ਜ਼ਿਮੇਵਾਰ ਹਾਂ। ਇਧਰ ਮਹਾਰਾਜਾ ਸ਼ੇਰ ਸਿੰਘ ਨੂੰ ਵੀ ਸਮਝਾ ਕੇ ਇਕਦਮ ਲੜਾਈ ਬੰਦ ਕਰਵਾ ਦਿਤੀ ਅਤੇ ਮਹਾਰਾਣੀ ਦੀ ਇੱਛਾ ਅਨੁਸਾਰ ਉਸ ਨੂੰ ਜਾਗੀਰ ਦਿਵਾਈ। ਇਸ ਤਰ੍ਹਾਂ ਹੋਰ ਅਨੇਕ ਖਾਲਸਾ ਰਾਜ ਦੀਆਂ ਅਖੁਲ ਉਲਝਨਾਂ ਨੂੰ ਬੜੀ ਸਿਆਣਪ ਨਾਲ ਸੁਲਝਾ ਕੇ ਖਾਲਸੇ ਦੀ ਸ਼ਾਨ ਵਧਾਂਦੇ ਰਹੇ।

ਆਪ ਬਾਰੇ ਸਤਲੁਜ ਪਾਰ ਦੇ ਅੰਗ੍ਰੇਜ਼ ਕਰਮਚਾਰੀਆਂ ਦਾ ਖਿਆਲ ਸੀ ਕਿ ਬਾਬਾ ਬਿਕ੍ਰਮ ਸਿੰਘ ਅੰਗ੍ਰੇਜ਼ ਨੂੰ ਖਾਲਸਾ ਰਾਜ ਦਾ ਵੈਰੀ ਸਮਝਦੇ ਹਨ। ਇਸ ਲਈ ਆਪ ਦੀ ਪਾਰ ਵਾਲੀ ਜਗੀਰ ਜ਼ਬਤ ਕੀਤੀ ਗਈ। ਪਰ ਦੋਹਾਂ ਲੜਾਈਆਂ ਦੇ ਬਾਅਦ ਜਦ ਹਕੂਮਤ ਨੇ ਸਮੂਹ ਖਾਲਸੇ ਵਿਚ ਆਪ ਦਾ ਇਨਾਂ ਵਧ ਰਸੂਖ ਡਿੱਠਾ ਤਾਂ ਆਪ ਨੂੰ ਕਈ ਹਜ਼ਾਰ ਰੁਪਏ ਦੀ ਆਮਦਨੀ ਦੀ ਜਗੀਰ ਪੇਸ਼ ਕੀਤੀ ਪਰ ਬਾਬਾ ਬਿਕ੍ਰਮ ਸਿੰਘ ਜੀ ਏਨੇ ਸੰਤੋਖੀ ਤੇ ਅਣਖੀਲੇ ਸਨ ਕਿ ਆਪ ਨੇ ਇਸ ਜਗੀਰ ਦੇ ਸਵੀਕਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ।

ਆਪ ਸੰਨ ੧੯੬੪ ਵਿਚ ਕੁਝ ਦਿਨ ਬੀਮਾਰ ਰਹਿਕੇ ਗੁਰਪੁਰੀ ਪਧਾਰ ਗਏ।

## ਇਸ ਘਰਾਣੇ ਦੀ ਦੂਜੀ ਸ਼ਾਖ

ਇਸ ਘਰਾਣੇ ਦੀ ਦੂਜੀ ਸ਼ਾਖ ਵੀ ਦਿਵਾਕਰ ਵਤ ਉਜਾਗਰ ਹੈ। ਜਿਸ ਵਿਚ ਸ੍ਰੀ ਬਾਬਾ ਖੇਮ ਸਿੰਘ ਜੀ ਵਰਗੀ ਮਹਾਨ ਹਸਤੀ ਨੇ ਜਨਮ ਲਿਆ। ਆਪ ਜੀ ਨੇ ਆਪਣਾ ਸਾਰਾ ਜੀਵਨ ਗੁਰਸਿੱਖੀ ਦੇ ਵਾਧੇ ਅਤੇ ਸੰਭਾਲ ਵਿਚ ਗੁਜ਼ਾਰਿਆ। ਆਪ ਜੀ ਉੱਚ ਆਚਰਨ ਦੀ ਜੀਊਂਦੀ ਜਾਗਦੀ ਮੂਰਤ ਸਨ। ਆਪ ਦੇ ਜੀਵਨ ਵਿਚ ਰਾਜ ਅਤੇ ਜੋਗ ਸੰਮਿਲਤ ਦ੍ਰਿਸ਼ਟਮਾਨ ਸੀ ਆਪ ਨੇ ਪੋਠੋਹਾਰ ਅਤੇ ਸਰਹੱਦੀ ਸੂਬੇ ਵਿਚ ਗੁਰਸਿੱਖੀ ਦੇ ਪ੍ਰਚਾਰ ਵਿਚ ਜੀਵਨ ਦਾ ਬਹੁਮੁੱਲਾ ਸਮਾਂ ਲਾਇਆ। ਖਾਸ ਕਰ ਲੜਕੀਆਂ ਅਤੇ ਲੜਕਿਆਂ ਦੀ ਵਿਦਿਆ ਲਈ ਸੈਂਕੜਿਆਂ ਦੀ ਗਿਣਤੀ ਵਿਚ ਸਕੂਲ ਜਾਰੀ ਕਰਵਾਏ, ਗੁਰਮੁਖੀ (ਪੰਜਾਬੀ) ਦੇ ਪ੍ਰਚਾਰ ਲਈ ਵੱਡੀਆਂ ਘਾਲਾਂ ਘਾਲੀਆਂ ਜੋ ਆਪ ਦੀ ਸਦੀਵੀ ਅਮਿਟ ਯਾਦਗਾਰ ਰਹੇਗੀ।

ਉਪਰੋਕਤ ਮਹਾਨ ਕੰਮਾਂ ਦੇ ਕਾਰਨ ਜਿਥੇ ਆਪ ਸਿਖੀ ਮੰਡਲ ਵਿਚ ਸਨਮਾਨੇ ਜਾਂਦੇ ਸਨ ਉਥੇ ਸਰਕਾਰ ਵਲੋਂ ਵੀ ਆਪ ਨੂੰ ਉਚੀ ਤੋਂ ਉਚੀ ਪਦਵੀ ਪ੍ਰਾਪਤ ਸੀ। ਆਪ ਜੀ ਆਪਣੇ ਪਿਛੇ ਇਕ ਬਹੁਤ ਵੱਡਾ ਫਲਿਆ ਫੁਲਿਆ ਪਰਵਾਰ ਛੱਡਕੇ ਸੰਨ ੧੯੦੪ ਵਿਚ ਸਚਖੰਡ ਜਾ ਵਸੇ।



Sri Satguru Jagjit Singh Ji eLibrary NamdhariElibrary@gmail.com

## ਪੰਜ-ਹੱਥਾ ਬਹਾਦਰ

# ਸ: ਨਿਧਾਨ ਸਿੰਘ ਜੀ ਪੰਜ-ਹੱਥਾ

ਸਰਦਾਰ ਨਿਧਾਨ ਸਿੰਘ ਪੰਜ-ਹੱਥੇ ਦਾ ਘਰਾਣਾ ਉਨ੍ਹਾਂ ਕੌਮੀ ਪ੍ਰਵਾਨਿਆਂ ਦਾ ਘਰਾਣਾ ਹੈ, ਜਿਸ ਪਰ ਜਿੰਨਾਂ ਵਧ ਮਾਣ ਕੀਤਾ ਜਾਏ ਉੱਨਾ ਸੋਭਦਾ ਹੈ।

ਆਪ ਦੇ ਪਿਤਾ ਸਰਦਾਰ ਰਣ ਸਿੰਘ ਨੇ ਖਾਲਸਾ ਰਾਜ ਦੀ ਉਸਾਰੀ ਲਈ ਨਰੈਣ ਗੜ੍ਹ ਦੀ ਪ੍ਰਸਿਧ ਲੜਾਈ ਵਿਚ ਸਨਮੁਖ ਹਥੌਂ ਹਥ ਲੜਦਿਆਂ ਆਪਣੇ ਸਰੀਰ ਪਰ ਚਾਰ ਡੂੰਘੇ ਫਟ ਖਾਧੇ ਸਨ ਅਤੇ ਆਪਣੇ ਮਹਿੰਗੇ ਲਹੂ ਨਾਲ ਧਰਤੀ ਨੂੰ ਰੰਗ਼ਾਵਾਲਾ ਕਰਦੇ ਹੋਏ ਉਥੇ ਹੀ ਰਣ ਤੱਤੇ ਵਿਚ ਆਪਣੀ ਕੌਮ ਤੋਂ ਕੁਰਬਾਨ ਹੋ ਗਏ ਸਨ।

ਆਪ ਦੇ ਦਾਦਾ ਸਰਦਾਰ ਰਾਮ ਦਿਤਾ ਸਿੰਘ ਨੇ ਸਰਦਾਰ ਮਹਾਂ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ, ਰਾਮ ਨਗਰ ਦੀ ਫ਼ਤਹ ਸਮੇਂ ਚੱਠਿਆਂ ਨਾਲ ਲੜਦਿਆਂ ਆਪਣਾ ਸੀਸ ਵਾਰਿਆ ਸੀ। ਇਸੇ ਤਰ੍ਹਾਂ ਆਪ ਦਾ ਪੜਦਾਦਾ ਸਰਦਾਰ ਦੁਲਚਾ ਸਿੰਘ ਜਿਸ ਨੇ ਇਸ ਘਰਾਣੇ ਵਿਚ ਸਭ ਤੋਂ ਪਹਿਲਾਂ ਸਿੱਖੀ ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ, ਆਪਣੇ ਦੇਸ਼ ਤੇ ਪੰਥ ਦੀ ਸੇਵਾ ਵਿਚ ਆਪਾ ਨਿਛਾਵਰ ਕੀਤਾ ਸੀ।

ਇਸ ਯੋਗ ਘਰਾਣੇ ਦੇ ਸੂਰਬੀਰ ਕਈ ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸ਼ਾਨ ਉੱਚੀ ਕਰਨ ਲਈ ਆਪਣੇ ਤਨੋਂ ਮਨੋਂ ਬਲੀਦਾਨ ਕਰਦੇ ਚਲੇ ਆਏ ਸਨ। ਜਿਸ ਦਾ ਪਿਤਾ, ਪਿਤਾਮਾ, ਪਰਪਿਤਾਮਾ, ਪੀੜ੍ਹੀਓਂ ਪੀੜ੍ਹੀ ਸ਼ਹੀਦਾਂ ਦਾ ਅੰਮ੍ਰਿਤ ਪਾਨ ਕਰਦੇ ਰਹੇ ਹੋਣ, ਦੱਸੋ ਉਨ੍ਹਾਂ ਦੀ ਸੰਤਾਨ ਕਿਸ ਤਰ੍ਹਾਂ ਊਣੀ ਹੋ ਸਕਦੀ ਹੈ।

### ਸਰਦਾਰ ਨਿਧਾਨ ਸਿੰਘ ਦੇ ਪਹਿਲੇ ਹਾਲ

ਸਰਦਾਰ ਨਿਧਾਨ ਸਿੰਘ ਸੰਨ ੧੮੦੭ ਵਿਚ ਆਪਣੇ ਬਹਾਦਰ ਪਿਤਾ ਦੀ ਸ਼ਹੀਦੀ ਦੇ ਬਾਅਦ ਸ਼ੇਰਿ ਪੰਜਾਬ ਦੀ ਰਸਾਲਾ ਫੌਜ ਵਿਚ ਕੁਮੇਦਾਨ ਨੀਯਤ ਹੋਏ। ਆਪ ਦੀ ਛਾਤੀ ਦੇ ਅੰਦਰ ਐਸਾ ਨਿਡੱਰ ਮਨ ਸੀ ਜਿਹੜਾ ਖਤਰੇ ਅਤੇ ਭੈ ਸਮੇਂ ਹਨੇਰ ਦਾ ਸ਼ਕਤੀਮਾਨ ਹੋ ਜਾਂਦਾ ਸੀ। ਇਸ ਸਮੇਂ ਜੋ ਕੋਈ ਭਾਗਹੀਣ ਉਸ ਦੇ ਸਾਹਮਣੇ ਆਉਂਦਾ ਇਹ ਉਸ ਨੂੰ ਤਲਵਾਰ ਦੀ ਧਾਰ ਤੋਂ ਪਾਰ ਕਰਕੇ ਰਖ ਦੇਂਦਾ ਹੁੰਦਾ ਸੀ। ਇਹ ਆਪਣੇ ਵਡੇ ਵੱਡੇਰਿਆਂ ਦੀ ਤਰ੍ਹਾਂ ਕੌਮ ਲਈ ਆਪਾ ਵਾਰਨਾ ਤੇ ਆਪਣੇ ਲਹੂ ਦੀਆਂ ਨਦੀਆਂ ਵਗਾਣੀਆਂ ਆਪਣੇ ਜੀਵਨ ਦਾ ਮੁਖ ਮੰਤਵ ਸਮਝਦਾ ਸੀ। ਇਹੀ ਕਾਰਨ ਸੀ ਕਿ ਆਪ ਦਾ ਸਰੀਰ ਤਲਵਾਰਾਂ, ਬਲਮਾਂ, ਗੋਲੀਆਂ ਅਤੇ ਤੀਰਾਂ ਦਿਆਂ ਫੱਟਾਂ ਨਾਲ ਛਾਨਣੀ ਵਤ ਹੋਇਆ ਪਿਆ ਸੀ।



Sri Satguru Jagjit Singh Ji eLibrary NamdhariElibrary@gmail.com

ਉਸ ਸਮੇਂ ਇਹ ਆਮ ਪ੍ਰਸਿੱਧ ਸੀ ਕਿ ਸਰਦਾਰ ਨਿਧਾਨ ਸਿੰਘ ਦੇ ਸਰੀਰ ਪੁਰ ਚਾਰ ਉਂਗਲ ਥਾਂ ਵੀ ਐਸੀ ਨਹੀਂ ਹੈ ਜਿਥੇ ਫ਼ੱਟ ਨਾ ਲਗਾ ਹੋਵੇ[1]। ਜੇ ਪੰਜ ਹਥੇ ਸ: ਨੂੰ ਜਿਨ੍ਹਾਂ ਰਣਤਤਿਆਂ ਵਿਚ ਇਨ੍ਹਾਂ ਲਗੇ ਫੱਟਾਂ ਦਾ ਵੇਰਵਾ ਲਿਖੀਏ ਤਾਂ ਇਸ ਲਈ ਇਕ ਵਖ ਪੁਸਤਕ ਲਿਖਣੀ ਪੈਂਦੀ ਹੈ। ਇਥੇ ਅਸੀਂ ਉਨ੍ਹਾਂ ਵਿਚੋਂ ਕੁਝਕੁ ਦਾ ਹਾਲ ਲਿਖਦੇ ਹਾਂ।

## ਪੰਜ-ਹੱਥਾ ਪਦ ਕਿਵੇਂ ਮਿਲਿਆ ?

ਖਾਲਸਾ ਰਾਜ ਦੀ ਉਸਾਰੀ ਲਈ ਪ੍ਰਾਪਤ ਕੀਤੀਆਂ ਸਫਲ ਜਿੱਤਾਂ ਵਿਚੋਂ ਕੁਝ ਕੁ ਐਸੀਆਂ ਕਾਮਯਾਬੀਆਂ ਹਨ, ਜਿਨ੍ਹਾਂ ਦੀ ਯਾਦ ਰਹਿੰਦੀ ਦੁਨੀਆਂ ਤਕ ਅਮਿਟ ਰਹੇਗੀ।

ਇਨ੍ਹਾਂ ਵਿਚੋਂ ੧੮੨੩ ਈ: ਦੀ ਤਰੱਕੀ (ਨੌਸ਼ਹਿਰੇ) ਦੀ ਲੜਾਈ ਪਠਾਣਾਂ ਦੇ ਘਰ ਵਿਚ ਲੜ ਕੇ ਫਤਹ ਕੀਤੀ ਗਈ ਸੀ। ਜਿਸ ਨਾਲ ਨਾ ਕੇਵਲ ਸਾਰੇ ਸਰਹੱਦੀ ਸੂਬੇ ਵਿਚ ਖਾਲਸੇ ਦੀ ਸ਼ਾਨ ਕਾਇਮ ਹੋ ਗਈ ਸੀ ਬਲਕਿ ਇਹਦੇ ਅਸਰ ਨਾਲ ਅਫ਼ਗਾਨਿਸਤਾਨ ਦੀਆਂ ਕੰਧਾਂ ਵੀ ਹਿੱਲ ਗਈਆਂ ਸਨ। ਇਸ ਵਿਚ ਖਾਲਸੇ ਦੇ ਵੱਡੇ ਨਾਮੀ ਸੂਰਬੀਰਾਂ ਨੇ ਹਿੱਸਾ ਲਿਆ ਸੀ ਜਿਹਾ ਕਿ ਬਾਬਾ ਫੂਲਾ ਸਿੰਘ ਜੀ ਅਕਾਲੀ, ਸਰਦਾਰ ਹਰੀ ਸਿੰਘ ਜੀ ਨਲੂਆ, ਸਰਦਾਰ ਨਿਧਾਨ ਸਿੰਘ, ਸਰਦਾਰ ਧੰਨਾ ਸਿੰਘ ਮਲਵਈ, ਸਰਦਾਰ ਬੁਧ ਸਿੰਘ ਸੰਧਾਵਾਲੀਆ ਅਤੇ ਸਰਦਾਰ ਰਤਨ ਸਿੰਘ ਘਰਜਾਖੀਆ ਆਦਿ ਦੇ ਨਾਮ ਸੂਰਜਵਤ ਸਦਾ ਉਜਾਗਰ ਰਹਿਣਗੇ।

ਇਸ ਸੰਗ੍ਰਾਮ ਦਾ ਸਵਿਸਥਾਰ ਵੇਰਵਾ ਮੇਰੇ ਲਿਖਤ 'ਬਾਬਾ ਫੂਲਾ ਸਿੰਘ' ਦੇ ਜੀਵਨ ਬ੍ਰਿਤਾਂਤ ਵਿਚ ਦਿਤਾ ਗਿਆ ਹੈ ਇਥੇ ਅਸੀਂ ਉਨਾਂ ਹੀ ਹਾਲ ਲਿਖਦੇ ਹਾਂ ਜਿੱਨਾ ਸਰਦਾਰ ਨਿਧਾਨ ਸਿੰਘ ਦੇ ਜੀਵਨ ਦੀ ਇਸ ਘਟਨਾ ਨਾਲ ਸਬੰਧ ਰਖਦਾ ਹੈ।

੧੪ ਮਾਰਚ ਸੰਨ ੧੮੨੩ ਦਾ ਦਿਨ ਖਾਲਸਾ ਇਤਿਹਾਸ ਦਾ ਕਦੇ ਨਾ ਭੁਲਣ ਵਾਲਾ ਦਿਨ ਹੈ ਜਦ ਬਾਬਾ ਫੂਲਾ ਸਿੰਘ ਨੇ ਗੁਰਮਤੇ ਅਤੇ ਅਰਦਾਸੇ ਦੀ ਮਹੱਤਤਾ ਨੂੰ ਸਥਿਰ ਰੱਖਣ ਲਈ ਬਿਨਾਂ ਹੋਰ ਫੌਜ ਦੀ ਸਹਾਇਤਾ ਦੀ ਉਡੀਕ ਦੇ ਕੇਵਲ ਆਪਣੇ ੧੫੦੦ ਅਕਾਲੀ ਸੂਰਬੀਰਾਂ ਨਾਲ ੩੫੦੦ ਤੋਂ ਵਧ ਜਾਨਬਾਜ਼ ਗ਼ਾਜ਼ੀਆਂ ਪਰ ਧਾਵਾ ਬੋਲ ਦਿੱਤਾ ਸੀ।

ਅਕਾਲੀਆਂ ਨੂੰ ਮੁੱਠੀ ਭਰ ਦੇਖ ਕੇ ਗ਼ਾਜ਼ੀਆਂ ਦੇ ਹੌਂਸਲੇ ਬਹੁਤ ਵਧ ਗਏ ਸਨ। ਉਹ ਕਈ ਪਾਸਿਆਂ ਤੋਂ ਇਨ੍ਹਾਂ ਪਰ ਟੁਟ ਪਏ, ਇਹ ਸਾਰਾ ਨਾਜ਼ਾਰਾ ਮਹਾਰਾਜਾ ਸਾਹਿਬ ਆਪ ਦੇਖ ਰਹੇ ਸਨ।

ਸਰਕਾਰ ਨੇ ਜਦ ਅਕਾਲੀਆਂ ਪਰ ਗ਼ਾਜੀਆਂ ਵਲੋਂ ਅੱਗ ਵਸਦੀ ਡਿੱਠੀ ਤਾਂ ਆਪ ਇਹ ਨਾ ਸਹਾਰ ਸਕੇ ਅਤੇ ਉਸੇ ਵਕਤ ਸਾਰੀ ਖਾਲਸਾ ਫੌਜ ਨੂੰ ਗ਼ਾਜੀਆਂ ਪਰ ਹੱਲਾ ਬੋਲ ਕੇ ਅਕਾਲੀਆਂ ਨੂੰ ਬਚਾਵਣ ਦਾ ਹੁਕਮ ਦੇ ਦਿੱਤਾ। ਬਸ ਹੁਣ ਦੇਰ ਕੀ ਸੀ ਹੁਕਮ ਦੇ ਮਿਲਦੇ ਹੀ ਪਲ ਦੇ ਪਲ ਵਿਚ ਸਾਰੀ ਖਾਲਸਾ ਫ਼ੌਜ ਸਣੇ ਸ਼ਾਹਜ਼ਾਦਾ ਖੜਕ ਸਿੰਘ, ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਨਿਧਾਨ ਸਿੰਘ ਆਦਿ ਆਪਣੀਆਂ ਭਗਉਤੀਆਂ ਧੂਹ ਕੇ ਗ਼ਾਜ਼ੀਆਂ ਪਰ ਜਾ ਪਏ।

ਇਸ ਸਮੇਂ ਸਰਦਾਰ ਨਿਧਾਨ ਸਿੰਘ ਆਪਣੇ ਰਸਾਲੇ ਨੂੰ ਏਨੀ ਤੇਜੀ ਨਾਲ ਅਗੇ ਵਧਾ ਲੈ ਗਏ ਕਿ ਇਹ ਸਭ ਤੋਂ ਪਹਿਲਾਂ ਜਹਾਦੀਆਂ ਨਾਲ ਗੁਥਮਗੁਥਾ ਹੋ ਪਏ ਅਤੇ ਉਸ ਇਕੱਠ ਨੇ ਜੋਹੜਾ ਅਕਾਲੀਆਂ ਨਾਲ ਹੱਥੋ ਹੱਥ ਲੜ ਰਿਹਾ ਸੀ ਖਿੰਡਾ ਦੇਣ ਵਿਚ ਸਫਲ ਹੋ ਗਏ। ਇਥੇ ਇਕ ਗੋਲੀ

---

1. ਬਿਰਧਾਂ ਦੇ ਬਿਆਨ।



Sri Satguru Jagjit Singh Ji eLibrary NamdhariElibrary@gmail.com

ਸਾਂ ਸਾਂ ਕਰਦੀ ਆਈ ਅਤੇ ਸਰਦਾਰ ਨਿਧਾਨ ਸਿੰਘ ਦੇ ਪੱਟ ਨੂੰ ਛੋਹ ਕੇ ਇਸ ਦੇ ਘੋੜੇ ਦੇ ਪੇਟ ਵਿਚ ਜਾ ਲੱਗੀ ਤੇ ਸਰਦਾਰ ਜੀ ਦਾ ਕਈ ਰਣਭੂਮੀਆਂ ਦਾ ਸਾਥੀ ਅਤੇ ਪਿਆਰਾ ਘੋੜਾ ਦੇਖਦੇ ਦੇਖਦੇ ਹੀ ਉਥੇ ਹੀ ਠੰਡਾ ਹੋ ਗਿਆ।ਆਪ ਨੇ ਹੁਣ ਪੈਦਲ ਹੀ ਸ੍ਰੀ ਸਾਹਿਬ ਚਲਾਣੀ ਅਰੰਭ ਦਿੱਤੀ। ਇਸ ਸਮੇਂ ਜੋ ਵੀ ਸਾਹਮਣੇ ਆਇਆ ਉਸ ਦਾ ਕੰਘਾ ਕਰਕੇ ਰੱਖ ਦਿੱਤਾ।

ਇਸ ਤਰ੍ਹਾਂ ਸਰਦਾਰ ਨਿਧਾਨ ਸਿੰਘ ਆਪਣੀ ਤੇਗ਼ ਚਲਾਂਦਾ ਹੋਇਆ ਐਸੀ ਥਾਂ ਪਹੁੰਚ ਗਿਆ ਜਿਥੇ ਇਸ ਇਕੱਲੇ ਨੂੰ ਪੰਜ ਜੋਸ਼ੀਲੇ ਗ਼ਾਜ਼ੀਆਂ ਨੇ ਚਮਕਦੀਆਂ ਤਲਵਾਰਾਂ ਵਿਚ ਘੇਰ ਲਿਆ।

## ਗ਼ਾਜ਼ੀਆਂ ਤੋਂ ਪੰਜ ਤਲਵਾਰਾਂ ਖੋਹਣੀਆਂ

ਇਸ ਨਾਜ਼ਕ ਸਮੇਂ ਆਪ ਨੇ ਐਸੀ ਦ੍ਰਿੜ੍ਹਤਾ ਤੋਂ ਕੰਮ ਲਿਆ ਤੇ ਆਪਣੀ ਸ਼ਮਸ਼ੇਰਜ਼ਨੀ ਦੇ ਉਹ ਜੌਹਰ ਦਸੇ ਕਿ ਸਭ ਨੂੰ ਹੈਰਾਨ ਕਰ ਦਿਤਾ।ਆਪ ਉਨ੍ਹਾਂ ਪੰਜ ਜਵਾਨਾਂ ਦੇ ਵਾਰ ਆਪਣੀ ਢਾਲ ਪਰ ਝੜਪ ਕੇ ਉਲਟਾ ਉਨ੍ਹਾਂ ਪਰ ਉੱਛਲ ਕੇ ਐਸੀ ਕਾਰੀ ਵਾਰ ਕਰਦੇ ਸਨ ਜਿਸ ਨਾਲ ਥੋੜੇ ਸਮੇਂ ਵਿਚ ਹੀ ਆਪ ਨੇ ਆਪਣੇ ਵੈਰੀਆਂ ਨੂੰ ਕੱਟ ਵੱਢ ਕੇ ਉਨ੍ਹਾਂ ਦੀਆਂ ਪੰਜੇ ਤਲਵਾਰਾਂ ਖੋਹ ਲਈਆਂ।

ਇਸ ਸਮੇਂ ਸੰਜੋਗ ਨਾਲ ਮਹਾਰਾਜਾ ਰਣਜੀਤ ਸਿੰਘ ਆਪਣੀਆਂ ਫੌਜਾਂ ਦਾ ਰਣਤੱਤੇ ਵਿਚ ਹੌਂਸਲਾ ਵਧਾਂਦੇ ਹੋਏ ਠੀਕ ਉਥੇ ਆ ਪਹੁੰਚੇ ਜਿਥੇ ਬਹਾਦਰ ਨਿਧਾਨ ਸਿੰਘ ਨੇ ਇਹ ਸੰਗ੍ਰਾਮ ਮਚਾਇਆ ਹੋਇਆ ਸੀ। ਇਹ ਸਭ ਕੁਝ ਸ਼ੇਰਿ ਪੰਜਾਬ ਨੇ ਆਪਣੀ ਅਖੀਂ ਡਿਠਾ, ਹੁਣ ਸਰਕਾਰ ਨੇ ਆਪਣੀ ਰੋਅਬ ਭਰੀ ਆਵਾਜ਼ ਨਾਲ ਲਲਕਾਰ ਕੇ ਆਖਿਆ, ਨਿਧਾਨ ਸਿੰਘ ਤਕੜੇ ਰਹੋ ਅਸੀਂ ਪਹੁੰਚ ਪਏ ਹਾਂ।' ਜਦ ਸਰਦਾਰ ਨੇ ਨਿਗਾਹ ਭਰ ਕੇ ਅਵਾਜ਼ ਵਲ ਤਕਿਆ ਤਾਂ ਮਹਾਰਾਜਾ ਸਾਹਿਬ ਨੂੰ ਆਪਣੇ ਲਾਗੇ ਖ਼ਲੋਤਾ ਡਿੱਠਾ।

## ਸ਼ੇਰਿ ਪੰਜਾਬ ਦੀ ਬਖ਼ਸ਼ਸ਼

ਇਸ ਸਮੇਂ ਸਰਦਾਰ ਨਿਧਾਨ ਸਿੰਘ ਨੇ ਗ਼ਾਜ਼ੀਆਂ ਤੋਂ ਖੋਹੀਆਂ ਹੋਈਆਂ ਪੰਜੇ ਤਲਵਾਰਾਂ ਸਰਕਾਰ ਦੀ ਹਜ਼ੂਰੀ ਵਿਚ ਪੇਸ਼ ਕੀਤੀਆਂ ਤਾਂ ਕਦਰਦਾਨ ਮਹਾਰਾਜਾ ਆਪਣੇ ਘੋੜੇ ਤੋਂ ਛਾਲ ਮਾਰ ਕੇ ਹੇਠ ਉਤਰ ਪਏ ਅਤੇ ਬਹਾਦਰ ਨਿਧਾਨ ਸਿੰਘ ਨੂੰ ਘੁਟ ਆਪਣੀ ਹਿਕ ਨਾਲ ਲਾ ਲਿਆ। ਫਿਰ ਅਥਾਹ ਪਿਆਰ ਵਿਚ ਆਖਿਆ – 'ਵਾਹ! ਵਾਹ!! ਮੇਰੇ ਪੰਜ-ਹੱਥੇ[1] ਸੂਰਮੇ ਖਾਲਸਈ ਸ਼ਾਨ ਰਖ ਦਿਖਾਈ ਆ।' ਵੈਰੀਆਂ ਤੋਂ ਖੋਹੀਆਂ ਇਨ੍ਹਾਂ ਪੰਜਾਂ ਤਲਵਾਰਾਂ ਨਾਲ ਸਰਕਾਰ ਨੇ ੫੦੦੦ ਰੁਪਏ ਦੀ ਜਾਗੀਰ ਜ਼ਿਲਾ ਗੁਰਦਾਸਪੁਰ ਵਿਚ ਆਪ ਨੂੰ ਦੇਣ ਦਾ ਉਸੇ ਵਕਤ ਹੁਕਮ ਦੇ ਦਿਤਾ।

ਮਹਾਰਾਜਾ ਰਣਜੀਤ ਸਿੰਘ ਦਾ ਇਹ 'ਪੰਜ-ਹੱਥਾ ਬਦਨ', ਜਿਹੜਾ ਆਪ ਨੇ ਨਿਧਾਨ ਸਿੰਘ ਦੀ ਬੇਨਜ਼ੀਰ ਬਹਾਦਰੀ ਦੇਖ ਕੇ ਲੁੰਡ ਦਰਿਆ ਦੇ ਕੰਢੇ ਇਸ ਨੂੰ ਸੰਬੋਧਨ ਕਰਦੇ ਹੋਏ ਉਚਾਰਿਆ ਸੀ ਇਹ ਇਸ ਨੇ ਆਪਣੇ ਨਾਮ ਨਾਲ ਮਾਨ ਵਜੋਂ ਜੋੜ ਲਿਆ।ਅਗੇ ਨੂੰ ਇਹ ਸ਼ਬਦ ਨਾ ਕੇਵਲ ਆਪ ਲਈ ਨਿਤ ਦੀ ਬੋਲ ਚਾਲ ਵਿਚ ਹੀ ਵਰਤਿਆ ਜਾਣ ਲਗਾ, ਸਗੋਂ ਸਰਕਾਰੀ ਕਾਗ਼ਜ਼ਾਤ ਵਿਚ ਵੀ ਆਪ ਦੇ ਨਾਮ ਨਾਲ ਸਰਦਾਰ ਨਿਧਾਨ ਸਿੰਘ ਪੰਜ-ਹੱਥਾ ਲਿਖਿਆ ਜਾਂਦਾ ਸੀ।[1]

---

1. ਇਹ ਫ਼ਖ਼ਰ ਯੋਗ ਖ਼ਿਤਾਬ ਅਜ ਤਕ ਇਸ ਘਰਾਣੇ ਦੇ ਨਾਮ ਨਾਲ ਜੁੜਿਆ ਆਂਵਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਇਸ ਮੈਦਾਨ ਜੰਗ ਵਿਚ ਸ: ਨਿਧਾਨ ਸਿੰਘ ਨੂੰ ਚਾਰ ਫੱਟ ਲਗਣੇ

ਇਸ ਵਿਚ ਸ਼ੱਕ ਨਹੀਂ ਕਿ ਅਫ਼ਗਾਨ ਆਪਣੀਆਂ ਪੁਰਾਣੀਆਂ ਰਵਾਇਤਾਂ ਅਨੁਸਾਰ ਇਸ ਲੜਾਈ ਵਿਚ ਬੜੀ ਬਹਾਦਰੀ ਨਾਲ ਲੜੇ ਸਨ। ਇਨ੍ਹਾਂ ਆਪਣੇ ਪਿਆਰੇ ਵਤਨ ਦੇ ਬਚਾਓ ਲਈ ਕਦਮ ਕਦਮ ਪਰ ਆਪਣੀਆਂ ਜਾਨਾਂ ਵਾਰੀਆਂ ਸਨ। ਪਰ ਫਤਹ ਤੇ ਹਾਰ ਰੱਬ ਨੇ ਆਪਣੇ ਹੱਥ ਰਖੀ ਹੋਈ ਹੈ। ਅਫ਼ਗਾਨਾਂ ਦੀਆਂ ਇੰਨੀਆਂ ਕੁਰਬਾਨੀਆਂ ਕਰਨ ਪਰ ਵੀ ਫਤਹ ਖਾਲਸੇ ਦੀ ਹੋਈ।

ਇਸ ਸੰਗ੍ਰਾਮ ਵਿਚ ਬਾਬਾ ਫੂਲਾ ਸਿੰਘ ਜੀ ਅਤੇ ਹੋਰ ਕਈ ਨਾਮੀ ਸਰਦਾਰਾਂ ਨੇ ਆਪਾ ਵਾਰ ਕੇ ਆਪਣੀ ਕੌਮੀ ਸ਼ਾਨ ਨੂੰ ਉਚਾ ਕੀਤਾ ਸੀ।

ਇਸ ਰਣਭੂਮੀ ਵਿਚ ਸਰਦਾਰ ਨਿਧਾਨ ਸਿੰਘ ਨੂੰ ਚਾਰ ਗਹਿਰੇ ਘਾਓ ਲਗੇ ਸਨ ਅਤੇ ਆਪ ਦਾ ਪਿਆਰਾ ਘੋੜਾ ਆਪ ਦੀਆਂ ਗਨਾਂ ਵਿਚ ਗੋਲੀ ਲਗਣ ਨਾਲ ਉਥੇ ਹੀ ਮਰ ਗਿਆ ਸੀ। ਇਹ ਹੈ ਆਪ ਦੇ 'ਪੰਜ-ਹੱਥੇ' ਪਦ ਦੇ ਪ੍ਰਾਪਤ ਕਰਨ ਦਾ ਵੇਰਵਾ।

## ਗਵਰਨਰ ਜਨਰਲ ਨੂੰ ਸ਼ਿਮਲੇ ਮਿਲਣਾ

ਸੰਨ ੧੮੩੧ ਵਿਚ ਸ਼ੇਰਿ ਪੰਜਾਬ ਨੇ ਜਿਹੜਾ ਚੋਣਵੇਂ ਸਰਦਾਰਾਂ ਦਾ ਮਿਸ਼ਨ ਲਾਰਡ ਬੈਨਟਕ ਗਵਰਨਰ ਜਨਰਲ ਨਾਲ ਮਿਲ ਕੇ ਕਈ ਰਾਜਸੀ ਵਿਚਾਰਾਂ ਕਰਨ ਲਈ ਸ਼ਿਮਲੇ ਭੇਜਿਆ ਸੀ। ਸਰਦਾਰ ਨਿਧਾਨ ਸਿੰਘ 'ਪੰਜ-ਹੱਥਾ' ਉਨ੍ਹਾਂ ਵਿਚ ਖਾਸ ਹਸਤੀ ਸੀ।

ਆਪ ਦੇ ਚਿਹਰੇ ਆਦਿ ਦੇ ਫਟ ਦੇਖ ਕੇ ਗਵਰਨਰ ਜਨਰਲ ਤੇ ਉਸ ਦੇ ਮੁਸਾਹਿਬ ਅਸਚਰਜ ਹੋ ਗਏ ਸਨ। ਜਿਸ ਜਿਸ ਮੈਦਾਨਿ ਜੰਗ ਵਿਚ ਇਹ ਫਟ ਆਪ ਨੂੰ ਲਗੇ ਸਨ, ਉਨ੍ਹਾਂ ਬਾਰੇ ਮੇਮਾਂ ਤੇ ਅੰਗ੍ਰੇਜ਼ ਅਫ਼ਸਰ ਆਪ ਤੋਂ ਹਾਲਾਤ ਪੁਛਦੇ ਸਨ। ਇਨ੍ਹਾਂ ਦੇ ਸੁਣਨ ਨਾਲ ਉਨ੍ਹਾਂ ਪਰ ਖਾਲਸੇ ਦਾ ਭਾਰੀ ਰੋਅਬ ਪੈਂਦਾ ਸੀ।

## ਪਿਸ਼ਾਵਰ ਦੀ ਫਤਹ ਸਮੇਂ ਮੁੜ ਫੱਟੜ ਹੋਣਾ

ਖਾਲਸਾ ਰਾਜ ਦੇ ਕਾਰਨਾਮਿਆਂ ਨੂੰ ਇਤਿਹਾਸਕ ਦ੍ਰਿਸ਼ਟੀ ਕੋਨ ਤੋਂ ਵਿਚਾਰਿਆਂ, ਕਸੂਰ, ਅਟਕ, ਮੁਲਤਾਨ, ਕਸ਼ਮੀਰ ਤੇ ਨੌਸ਼ਹਿਰੇ ਦੀਆਂ ਫਤਹਯਾਬੀਆਂ ਵੀ ਕੋਈ ਘਟ ਅਸਚਰਜ ਕਰਨ ਵਾਲੀਆਂ ਨਹੀਂ ਹਨ, ਪਰ ਪਿਸ਼ਾਵਰ ਨੂੰ ਫਤਹ ਕਰਕੇ, ਜੇਹੜਾ ਸਤ ਸੌ ਸਾਲ ਤੋਂ ਪੰਜਾਬ ਨਾਲੋਂ ਇਕ ਵੱਢੇ ਗਏ ਅੰਗ ਨੂੰ ਮੁੜ ਇਸ ਨਾਲ ਜੋੜ ਕੇ ਖਾਲਸਾ ਰਾਜ ਦਾ ਇਕ ਸੂਬਾ ਬਣਾ ਲੈਣਾ ਖਾਲਸੇ ਦਾ ਇਕ ਅਨੋਖਾ ਚਮਤਕਾਰ ਸੀ।

ਜਿਨ੍ਹਾਂ ਲੋਕਾਂ ਨੂੰ ਪਠਾਣਾਂ ਵਿਚ ਰਹਿਣ ਬਹਿਣ ਦਾ ਸਮਾਂ ਮਿਲਿਆ ਹੈ, ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਰਹੱਦੀ ਕੌਮਾਂ ਤੇ ਕਬਾਇਲੀਆਂ ਦੇ ਦਿਲਾਂ ਵਿਚ ਆਪਣੇ ਦੇਸ਼ ਦੀ ਆਜ਼ਾਦੀ ਲਈ ਕਿੰਨੀ ਤੜਫ ਹੁੰਦੀ ਹੈ। ਇਹ ਵਤਨ ਪਿਆਰ ਨੂੰ ਆਪਣੇ ਜੀਵਨ ਨਾਲੋਂ ਵੀ ਵਧੇਰਾ ਉੱਤਮ ਸਮਝਦੇ ਹਨ। ਇਹ ਆਪਣੇ ਦੇਸ਼ ਦੀ ਇਕ ਇਕ ਗਜ਼ ਥਾਂ ਲਈ ਆਪਣਾ ਲਹੂ ਪਾਣੀ ਦੀ ਤਰ੍ਹਾਂ ਵਗਾ ਦੇਂਦੇ ਸਨ। ਪਰ ਜਦ ਅਸੀਂ ਖਾਲਸੇ ਦਾ ਇਨ੍ਹਾਂ ਨੂੰ ਫਤਹ ਕਰਕੇ ਇਨ੍ਹਾਂ ਪਰ ਸਫਲ ਹਕੂਮਤ ਕਰਨ ਦਾ ਢੰਗ, ਰਾਜਾ ਤੇ ਪਰਜਾ ਦਾ ਆਪਸ ਵਿਚ ਭਾਈਆਂ ਜਿਹਾ ਵਰਤਾਵ, ਜਨਤਾ ਦੇ



Sri Satguru Jagjit Singh Ji eLibrary NamdhariElibrary@gmail.com

ਮੁਖੀਆਂ ਨੂੰ ਲੱਖਾਂ ਰੁਪਏ ਦੀਆਂ ਖੁਲ੍ਹ ਦਿਲੀ ਨਾਲ ਬਖਸ਼ੀਆਂ ਜਗੀਰਾਂ ਤੇ ਅਮਾਜਬ[1] ਆਦਿ ਦੇ ਰੀਕਾਰਡ ਵਾਚਦੇ ਹਾਂ ਤਾਂ ਖਾਲਸੇ ਦੀ ਦੂਰ ਦ੍ਰਿਸ਼ਟੀ ਤੇ ਖੁਲ੍ਹ ਦਿਲੀ ਦਾ ਸਿੱਕਾ ਆਪ-ਮੁਹਾਰੇ ਮਨਾਂ ਪਰ ਉੱਕਰ ਜਾਂਦਾ ਹੈ।

ਸੰਨ ੧੮੩੪ ਦੇ ਆਰੰਭ ਹੁੰਦਿਆਂ ਹੀ ਸ਼ੇਰਿ-ਪੰਜਾਬ ਨੇ ਆਪਣੇ ਨਾਮੀ ਸਰਦਾਰਾਂ ਦੀ ਸਲਾਹ ਪਿਸ਼ਾਵਰ ਪਰ ਚੜ੍ਹਾਈ ਦੀਆਂ ਤਿਆਰੀਆਂ ਅਰੰਭ ਦਿੱਤੀਆਂ ਸਨ। ਜਦ ਸਭ ਪ੍ਰਬੰਧ ਠੀਕ ਹੋ ਗਿਆ ਤਾਂ ਮਹਾਰਾਜਾ ਸਾਹਿਬ ਨੇ, ਇਸ ਮੁਹਿੰਮ ਦੀ ਕਮਾਨ ਆਪਣੇ ਬਹਾਦਰ ਪੋਤੇ ਕੰਵਰ ਨੌ-ਨਿਹਾਲ ਸਿੰਘ ਤੇ ਸਰਦਾਰ ਹਰੀ ਸਿੰਘ ਨਲੂਏ ਹੱਥ ਸੌਂਪੀ। ਇਨ੍ਹਾਂ ਦੀ ਸਹਾਇਤਾ ਲਈ ਸਰਦਾਰ ਧੰਨਾ ਸਿੰਘ ਮਲਵਈ ਸਰਦਾਰ ਬਚਨ ਸਿੰਘ ਠੇਠਰ, ਸਰਦਾਰ ਨਿਧਾਨ ਸਿੰਘ ਪੰਜ-ਹੱਥਾ, ਸਰਦਾਰ ਸ਼ਾਮ ਸਿੰਘ ਅਟਾਰੀ ਆਦਿ ਸੂਰਮੇ ਸਣੇ ਆਪੋ ਆਪਣੀਆਂ ਫੌਜਾਂ ਦੇ ਕੂਚ ਕਰਕੇ ੨੬ ਅਪ੍ਰੈਲ ਦੀ ਸ਼ਾਮ ਨੂੰ ਦਰਿਆ ਅਟਕ ਸਪਤ ਸਿੰਧੂ[1] ਦੇ ਕਿਨਾਰੇ ਜਾ ਡੇਰੇ ਲਾਏ।

ਅਗਲੇ ਦਿਨ ਇਹ ਸਾਰੀ ਫੌਜ ਬੇੜੀਆਂ ਦੇ ਪੁਲ ਦੀ ਰਾਹੀਂ ਦਰਿਆ ਤੋਂ ਪਾਰ ਲੰਘਾਈ ਗਈ।

ਪਿਸ਼ਾਵਰ ਦੇ ਬਾਰਕਜ਼ਈ ਹਾਕਮਾਂ ਨੂੰ ਜਦ ਖਾਲਸਾ ਫੌਜ ਦੇ ਸਰਹਦ ਵਲ ਕੂਚ ਦੀ ਖਬਰ ਪੁੱਜੀ ਤਾਂ ਉਨ੍ਹਾਂ ਰਾਤ ਦਿਨ ਦੇ ਲਗਾਤਾਰ ਯਤਨ ਨਾਲ, ਪਿਸ਼ਾਵਰ ਦੇ ਬਚਾਉ ਲਈ, ਜੋ ਕੁਝ ਉਨ੍ਹਾਂ ਤੋਂ ਹੋ ਸਕਿਆ ਉਨ੍ਹਾਂ ਖਾਲਸਾ ਫੌਜ ਦੇ ਟਾਕਰੇ ਲਈ ਤਿਆਰੀ ਕਰ ਲਈ।

੧੨ ਹਜ਼ਾਰ ਆਪਣੀ ਅਫ਼ਗਾਨੀ ਫੌਜ ਅਤੇ ਇਸ ਤੋਂ ਦੂਣਾ ਮੁਲਕਈਆ ਲਸ਼ਕਰ ਤੁਰਤ ਫੁਰਤ ਇਕੱਠਾ ਕਰਕੇ, ਖਾਲਸੇ ਦਾ ਰਾਹ ਚਮਕਨੀ ਦੀ ਸੀਧ ਮੋਰਚੇ ਤਿਆਰ ਕਰਕੇ ਰੋਕ ਲਿਆ।

ਇਸ ਸਮੇਂ ਰਸਾਲਾ ਫੌਜ ਨੇ, ਸਰਦਾਰ ਨਿਧਾਨ ਸਿੰਘ ਦੀ ਅਗਵਾਈ ਵਿਚ ਅਤੇ ਤੋਪਖਾਨਿਆਂ ਤੇ ਪੈਦਲਾਂ ਨੇ ਕੰਵਰ ਸਾਹਿਬ ਤੇ ਸਰਦਾਰ ਹਰੀ ਸਿੰਘ ਸਰਦਾਰ ਰਾਮ ਸਿੰਘ ਹਸਨ ਵਾਲੀਏ ਆਦਿ ਦੀ ਰਹਿਨੁਮਾਈ ਵਿਚ ੬ ਮਈ ਦੀ ਸਵੇਰ ਨੂੰ ਬਾਰਕਜ਼ਈ ਫੌਜ ਪੁਰ ਹੱਲਾ ਬੋਲ ਦਿਤਾ। ਅਗੋਂ ਅਫ਼ਗਾਨੀ ਤੋਪਖਾਨੇ ਨੇ ਬੜੀ ਦਲੇਰੀ ਨਾਲ ਜਵਾਬ ਦਿਤਾ। ਇਸ ਤਰ੍ਹਾਂ ਦੋਪਹਿਰ ਤਕ ਬੜੀ ਲਹੂ ਡੋਲਵੀਂ ਲੜਾਈ ਹੋਈ। ਬਹਾਦਰ ਅਫ਼ਗਾਨਾਂ ਆਪਣੀ ਕੌਮੀ ਸ਼ਾਨ ਨੂੰ ਕਾਇਮ ਰੱਖਣ ਲਈ ਪੂਰੇ ਜੋਸ਼ ਨਾਲ ਖਾਲਸੇ ਦਾ ਟਾਕਰਾ ਕੀਤਾ। ਪਰ ਖਾਲਸੇ ਦਾ ਅੱਜ ਦਾ ਅਥਾਹ ਜੋਸ਼ ਕਿਸੇ ਦੇ ਠਲ੍ਹਣ ਤੋਂ ਬਾਹਰ ਸੀ। ਅਫ਼ਗਾਨੀ ਫੌਜ ਦੇ ਆਗੂ ਖ਼ਾਨ ਮੁਹੰਮਦ ਨੇ ਸ: ਨਿਧਾਨ ਸਿੰਘ ਪੰਜ ਹੱਥੇ ਨਾਲ ਹੱਥੋ ਹੱਥ ਤਲਵਾਰ ਚਲਾ ਕੇ ਬੜੀ ਦਲੇਰੀ ਦਾ ਸਬੂਤ ਦਿਤਾ। ਪਰ ਪੰਜ-ਹੱਥੇ ਤੇ ਦੋ-ਹੱਥੇ ਦਾ ਮੁਕਾਬਲਾ ਕਦ ਤਕ ਨਿਭ ਸਕਦਾ ਸੀ ਛੇਕੜ ਪੰਜ-ਹੱਥੇ ਸਰਦਾਰ ਦੀ ਤੇਗ਼ ਨਾਲ ਖ਼ਾਨ ਮੁਹੰਮਦ ਖ਼ਾਨ ਸਖ਼ਤ ਫੱਟੜ ਹੋ ਕੇ ਡਿੱਗਣ ਲਗਾ ਹੀ ਸੀ ਕਿ ਉਸਨੇ ਇਕ ਫੇਰਵੀਂ ਸੱਟ ਨਾਲ ਸਰਦਾਰ ਨਿਧਾਨ ਸਿੰਘ ਨੂੰ ਵੀ ਫੱਟੜ ਕਰ ਦਿਤਾ। ਇਸੇ ਤਰ੍ਹਾਂ ਹਾਜੀ ਖਾਨ ਵੀ ਸਰਦਾਰ ਰਾਮ ਸਿੰਘ ਦੇ ਹੱਥੋਂ ਫਟੜ ਹੋਇਆ। ਇਸ ਸਮੇਂ ਇਹ ਦੋਵੇਂ ਬਹਾਦਰ ਅਫ਼ਗਾਨ ਆਗੂ ਆਪਣੀਆਂ ਜਾਨਾਂ ਤੋਂ ਹਥ ਧੋ ਕੇ ਲੜੇ ਸਨ। ਪਰ ਸਖ਼ਤ ਫਟੜ ਹੋ ਕੇ ਮੈਦਾਨ ਵਿਚੋਂ ਪਿਛੇ ਹਟ ਗਏ। ਇਸ

---

1. ਖਾਲਸੇ ਦੀਆਂ ਬਖਸ਼ੀਆਂ ਜਗੀਰਾਂ ਵਿਚੋਂ ਬਹੁਤ ਸਾਰੀਆਂ ਅੰਗ੍ਰੇਜ਼ੀ ਗੌਰਮਿੰਟ ਨੇ ਵੀ ਬਹਾਲ ਰਖੀਆਂ, ਜੋ ਅੱਜ ਤਕ ਕਈ ਅਫ਼ਗਾਨ ਖਾਨਾਂ ਤੇ ਨਵਾਬਾਂ ਦੇ ਪਾਸ ਹਨ।
2. ਪੁਰਾਤਨ ਲਿਖਤਾਂ ਵਿਚ ਦਰਿਆ ਅਟਕ ਦਾ ਨਾਮ ਸਪਤ ਸਿੰਧੂ ਲਿਖਿਆ ਹੈ।



Sri Satguru Jagjit Singh Ji eLibrary NamdhariElibrary@gmail.com

ਲੜਾਈ ਵਿਚ ਸਰਦਾਰ ਨਿਧਾਨ ਸਿੰਘ ਪੰਜ-ਹੱਥੇ ਦੀ ਬੀਰਤਾ ਦੇਖ ਕੇ ਕੰਵਰ ਸਾਹਿਬ ਹੈਰਾਨ ਰਹਿ ਗਿਆ।

ਹੁਣ ਜਦ ਅਫ਼ਗਾਨੀ ਫ਼ੌਜ ਦੇ ਜ਼ਿੰਮੇਵਾਰ ਆਗੂ ਫਟੜ ਹੋ ਗਏ ਤੇ ਬਾਕੀ ਦੇ ਬਹੁਤ ਸਾਰੇ ਰਣਭੂਮੀ ਵਿਚ ਕੰਮ ਆਏ ਤਾਂ ਬਾਕੀ ਰਹਿੰਦੀ ਫ਼ੌਜ ਦੇ ਪੈਰ ਵੀ ਮੈਦਾਨ ਤੋਂ ਉਖੜ ਗਏ। ਕੰਵਰ ਨੌਨਿਹਾਲ ਸਿੰਘ ਨੇ ਇਸ ਸਮੇਂ ਬੜੀ ਨਿਰਭੈਤਾ ਨਾਲ ਆਪਣੇ ਨੇਜ਼ੇ ਦੇ ਕਮਾਲ ਦਸੇ ਤੇ ਕਈ ਵੈਰੀਆਂ ਦਾ ਸਫ਼ਾਇਆ ਕੀਤਾ।

ਇਸੇ ਦਿਨ ਲੌਢੇ ਪਹਿਰ ਨੂੰ ਖਾਲਸੇ ਦਾ ਸ਼ਹਿਰ ਪਰ ਪੂਰਾ ਕਬਜ਼ਾ ਹੋ ਗਿਆ[1]। ਵਿਜਈ ਖਾਲਸੇ ਦਾ ਬੜਾ ਜੋਸ਼ ਭਰਪੂਰ ਇਤਿਹਾਸਕ ਜਲੂਸ ਸ਼ਹਿਰ ਵਿਚ ਦਾਖ਼ਲ ਹੋਇਆ।

## ਪਿਸ਼ਾਵਰ ਵਾਸੀਆਂ ਵਲੋਂ ਖਾਲਸੇ ਦਾ ਸੁਆਗਤ

ਬਾਰਕਜ਼ਈਆਂ ਦੀ ਕਰੜੀ ਹਕੂਮਤ ਤੋਂ ਖਲਾਸੀ ਪਾਣ ਦੀ ਖੁਸ਼ੀ ਵਿਚ ਪਿਸ਼ਾਵਰ ਵਾਸੀਆਂ ਨੇ ਖਾਲਸੇ ਨੂੰ ਬੜੇ ਸਨਮਾਨ ਨਾਲ ਸ਼ਹਿਰ ਦੇ ਵਡੇ ਚੌਂਕਾਂ ਵਿਚ ਜੀ ਆਇਆਂ ਆਖਿਆ ਅਤੇ ਰਾਤ ਨੂੰ ਸ਼ਹਿਰ ਦੇ ਮੁਸਲਮਾਨਾਂ, ਹਿੰਦੂਆਂ ਤੇ ਸਿਖਾਂ ਮਿਲ ਕੇ ਦੀਪਮਾਲਾ ਕੀਤੀ[2]।

## ਪਿਸ਼ਾਵਰ ਦੀ ਕਿਲਾਦਾਰੀ ਮਿਲਣੀ

ਪਿਸ਼ਾਵਰ ਦੇ ਪ੍ਰਸਿੱਧ ਕਿਲ੍ਹੇ ਪਰ ਕਬਜ਼ਾ ਕਰਕੇ ਖਾਲਸੇ ਨੇ ਇਸ ਦਾ ਨਾਮ ਸੁਮੇਰ ਗੜ੍ਹ ਰੱਖਿਆ[3]। ਸਰਦਾਰ ਨਿਧਾਨ ਸਿੰਘ ਇਸ ਇਤਿਹਾਸਕ ਕਿਲ੍ਹੇ ਦਾ ਪਹਿਲਾ ਕਿਲੇਦਾਰ ਨੀਯਤ ਕੀਤਾ ਗਿਆ। ਇਸ ਵੱਡੀ ਜ਼ਿਮੇਵਾਰੀ ਦੇ ਅਹੁਦੇ ਪਰ ਸਰਦਾਰ ਨਿਧਾਨ ਸਿੰਘ ਪੰਜ-ਹੱਥਾ ੧੮੩੭ ਦੇ ਅਖ਼ੀਰ ਤੀਕ ਰਿਹਾ।

## ਪੰਜ-ਹੱਥ ਸਰਦਾਰ ਦਾ ਛੇਕੜਲਾ ਕਾਰਨਾਮਾ

ਕਿਲ੍ਹਾ ਜਮਰੌਦ, ਬਾੜਾ ਮਿਚਨੀ, ਸ਼ਬਕਦਰ, ਸ਼ੰਕਰ ਗੜ੍ਹ[4] ਆਦਿ ਦੇ ਤਿਆਰ ਹੋ ਜਾਣ ਨਾਲ ਕਾਬਲ ਦੀ ਹਕੂਮਤ ਪਰ ਭਾਰੀ ਖਤਰਾ ਛਾ ਗਿਆ। ਹੁਣ ਉਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਕਾਬਲ ਵੀ ਬਹੁਤ ਛੇਤੀ ਹੀ ਮੁਲਤਾਨ, ਕਸ਼ਮੀਰ, ਬੰਨੂੰ ਤੇ ਪਿਸ਼ਾਵਰ ਦੀ ਤਰ੍ਹਾਂ ਖਾਲਸਾ ਰਾਜ ਦਾ ਇਕ ਭਾਗ ਬਣ ਜਾਏਗਾ[5]।

ਪਰ ਚੂੰਕਿ ਅਮੀਰ ਦੋਸਤ ਮੁਹੰਮਦ ਖਾਨ ਦੇ ਤਨ ਵਿਚ ਬਹਾਦਰਾਂ ਵਾਲਾ ਮਨ ਸੀ ਉਸ ਨੇ ਬਜਾਏ ਇਸ ਦੇ ਕਿ ਇਸ ਘਬਰਾਹਟ ਵਿਚ ਢੇਰੀ ਢਾਹ ਬਹਿੰਦਾ ਉਸ ਸਾਰੇ ਅਫ਼ਗਾਨੀ ਮੁਖੀਆਂ

---

1. ਸ਼ੇਰਿ ਪੰਜਾਬ ਦਾ ਖਤ ਜਿਹੜਾ ਆਪ ਨੇ ਸਰ ਕਲਾਡ ਵੈਡ ਨੂੰ ਪਿਸ਼ਾਵਰ ਦੀ ਫਤਹ ਬਾਰੇ ਲਿਖਿਆ ਇਸ ਵਿਚ ਪਿਸ਼ਾਵਰ ਦੀ ਸਫਲਤਾ ਦਾ ਸਵਿਸਥਾਰ ਹਾਲ ਲਿਖਤ ਨੂੰ ਦੇਖੋ ਮੇਰਾ ਲਿਖਤ ਜੀਵਨ ਬ੍ਰਿਤਾਂਤ ਸਰਦਾਰ ਹਰੀ ਸਿੰਘ ਨਲੂਆ ਸਫਾ ੨੬੫।
2. ਕਪਤਾਨ ਵੈਡ ਦਾ ਖਤ ਗਵਰਨਰ ਜਨਰਲ ਵਲ ੧੯ ਮਈ ਸੰਨ ੧੮੩੪।
3. ਦੀ ਸਿਖਸ ਐਂਡ ਅਫ਼ਗਾਨਜ਼, ਮੁਨਸ਼ੀ ਸ਼ਹਾਮਤ ਅਲੀ ਸਫ਼ਾ ੨੬੧।
4. ਇਹ ਕਿਲ੍ਹੇ ਇਸ ਵਕਤ ਤਕ ਸੂਬਾ ਸਰਹੱਦ ਵਿਚ ਮੌਜੂਦ ਹਨ ਜੋ ਖਾਲਸਾ ਰਾਜ ਦੀ ਸਦੀਵੀ ਯਾਦਗਾਰ ਹਨ।
5. ਸੱਯਦ ਮੁਹੰਮਦ ਲਤੀਫ਼, ਹਿਸਟਰੀ ਔਫ ਦੀ ਪੰਜਾਬ ਸਫਾ ੪੮੨।



Sri Satguru Jagjit Singh Ji eLibrary NamdhariElibrary@gmail.com

ਨੂੰ ਇਕੱਠਾ ਕਰ ਕੇ ਫੈਸਲਾ ਕੀਤਾ ਕਿ ਉਸ ਦਿਨ ਉਡੀਕਣ ਦੀ ਥਾਂ ਕਿ ਖਾਲਸਾ ਕਾਬਲ ਵਿਚ ਆ ਵੜੇ। ਭਲਾ ਇਸੇ ਵਿਚ ਹੈ ਕਿ ਉਸ ਤੋਂ ਪਹਿਲਾਂ ਹੀ ਆਪਣੀ ਰਖਿਆ ਦਾ ਯਤਨ ਕੀਤਾ ਜਾਏ।

ਇਸ ਫੈਸਲੇ ਅਨੁਸਾਰ ੧੫ ਅਪ੍ਰੈਲ ਸੰਨ ੧੮੩੭ ਨੂੰ ੪੨ ਹਜ਼ਾਰ ਫੌਜ ਅਤੇ ਮੁਲਕਈਆ ਲਸ਼ਕਰ ਸਣੇ ੪੬ ਤੋਪਾਂ ਦੇ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਆਪਣੇ ਪੰਜਾਂ ਪੁਤ੍ਰਾਂ ਦੀ ਸੌਂਪਣੀ ਵਿਚ ਕਿਲ੍ਹਾ ਜਮਰੌਦ ਤੇ ਸ਼ੰਕਰ ਗੜ੍ਹ ਆਦਿ ਨੂੰ ਫਤਹ ਕਰ ਕੇ ਪਿਸ਼ਾਵਰ ਪਰ ਮੁੜ ਕਬਜ਼ਾ ਕਰਨ ਲਈ ਤੋਰਿਆ।

ਜਮਰੌਦ ਪਹੁੰਚ ਕੇ ਜਦ ਅਫ਼ਗਾਨ ਮੁਖੀਆ ਨੂੰ ਪਤਾ ਲਗਾ ਕਿ ਸਰਦਾਰ ਹਰੀ ਸਿੰਘ ਨਲੂਆ ਬੀਮਾਰ ਪਿਆ ਹੈ ਤੇ ਖਾਲਸੇ ਦੀ ਵਧੇਰੀ ਫੌਜ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਪਰ ਪੰਜਾਬ ਗਈ ਹੋਈ ਹੈ ਤਾਂ ਇਨ੍ਹਾਂ ਦੇ ਹੌਸਲੇ ਬਹੁਤ ਹੀ ਵਧ ਗਏ।[1]

ਇੰਨੀ ਦਿਨੀਂ ਜਮਰੌਦ ਦੇ ਕਿਲ੍ਹੇ ਦਾ ਕਿਲਾਦਾਰ ਸਰਦਾਰ ਮਹਾਂ ਸਿੰਘ ਸੀ ਜਿਸ ਪਾਸ ਕੇਵਲ ੮੦੦ ਪੈਦਲ, ੨੦੦ ਸਵਾਰ, ੮੦ ਗੋਲੰਦਾਜ਼, ੧੦ ਵੱਡੀਆਂ ਤੋਪਾਂ ਤੇ ੧੨ ਵੱਡੀਆਂ ਤੋਪਾਂ ਤੇ ੧੨ ਹਲਕੀਆਂ ਤੋਪਾਂ ਸਨ।

੨੮ ਅਪ੍ਰੈਲ ਦੀ ਸਵੇਰ ਨੂੰ ਜਮਰੌਦ ਦੇ ਕਿਲ੍ਹੇ ਪਰ ਵੈਰੀ ਨੇ ਵੱਡੀਆਂ ਤੋਪਾਂ ਦੀ ਗੋਲਾ ਬਾਰੀ ਨਾਲ ਧਾਵਾ ਅਰੰਭ ਦਿਤਾ, ਅਗੋਂ ਕਿਲ੍ਹੇ ਦਾ ਖਾਲਸਾ ਵੀ ਵਧ ਚੜ੍ਹ ਕੇ ਉੱਤਰ ਦਿੰਦਾ ਰਿਹਾ। ਦੋ ਦਿਨ ਇਹ ਭਿਆਨਕ ਲੜਾਈ ਲੜੀ ਜਾਂਦੀ ਰਹੀ ਵੈਰੀ ਕਿਲ੍ਹੇ ਪਰ ਕਬਜ਼ਾ ਕਰਨ ਵਿਚ ਅਸਫ਼ਲ ਰਿਹਾ।

੨੯ ਅਪ੍ਰੈਲ ੧੮੩੭ ਦੀ ਸ਼ਾਮ ਨੂੰ ਕਿਲ੍ਹੇ ਦੀ ਦੀਵਾਰ ਦਾ ਇਕ ਪੁਸ਼ਤਾ ਤੋਪਾਂ ਦੀ ਮਾਰ ਨਾਲ ਡਿਗ ਪਿਆ ਸੀ। ਇਸ ਦੀ ਖ਼ਬਰ ਸਰਦਾਰ ਹਰੀ ਸਿੰਘ ਨੂੰ ਪਿਸ਼ਾਵਰ ਉਸ ਸਮੇਂ ਪਹੁੰਚਾਈ ਗਈ।

## ਸਰਦਾਰ ਨਿਧਾਨ ਸਿੰਘ ਜਮਰੌਦ ਦੇ ਮੈਦਾਨ ਵਿਚ

ਸਰਦਾਰ ਹਰੀ ਸਿੰਘ ਰਾਤੋ ਰਾਤ, ਸਣੇ ਸ: ਨਿਧਾਨ ਸਿੰਘ, ਸਰਦਾਰ ਮੰਗਲ ਸਿੰਘ ਰਾਮਗੜ੍ਹੀਆ ਤੇ ਹੋਰ ਨਾਮੀ ਸਰਦਾਰਾਂ ਤੇ ੧੦੦੦੦ ਖਾਲਸਾ ਫੌਜ ਨਾਲ ਜਮਰੌਦ ਦੇ ਮੈਦਾਨ ਵਿਚ ਪਹੁੰਚ ਗਏ। ਇਹ ਤੂਫ਼ਾਨੀ ਕੂਚ ਐਨੀ ਤੇਜ਼ੀ ਨਾਲ ਕੀਤਾ ਗਿਆ ਸੀ ਕਿ ਵੈਰੀ ਹੈਰਾਨ ਰਹਿ ਗਿਆ। ਇਹ ਪਹਿਰ ਰਾਤ ਰਹਿੰਦੀ ਪਿਸ਼ਾਵਰ ਤੋਂ ਨਿਕਲੇ ਅਤੇ ਸਵੇਰ ਦਾ ਧੁੰਧਲਕਾ ਅਜੇ ਚਾਨਣੇ ਵਿਚ ਨਹੀਂ ਸੀ ਬਦਲਿਆ ਕਿ ਇਨ੍ਹਾਂ ਗ਼ਨੀਮ ਦੀ ਫੌਜ ਪਰ ਧਾਵਾ ਬੋਲ਼ ਦਿਤਾ। ਸਾਰਾ ਦਿਨ ਬੜੀ ਲਹੂ ਡੋਲਵੀਂ ਲੜਾਈ ਹੋਈ। ਇਹ ਗੱਲ 30 ਅਪ੍ਰੈਲ ਸੰਨ ੧੮੩੦ ਦੀ ਹੈ।

ਇਸ ਸਮੇਂ ਜਦ ਵੈਰੀ ਨੂੰ ਸਰਦਾਰ ਹਰੀ ਸਿੰਘ ਦੇ ਮੈਦਾਨ ਵਿਚ ਪਹੁੰਚਣ ਦਾ ਪਤਾ ਲਗ ਗਿਆ ਤਾਂ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ।

---

2. ਮੈਸਨ ਜਰਨੀ ਇਨ ਬਿਲੋਚਿਸਤਾਨ ਅਫ਼ਗਾਨਿਸਤਾਨ ਐਂਡ ਪੰਜਾਬ ਜਿਲਦ ੨, ਸਫਾ ੪੮੨, ਸੱਯਦ ਮੁਹੱਮਦ ਲਤੀਫ ਸਫਾ ੪੮੩।



Sri Satguru Jagjit Singh Ji eLibrary NamdhariElibrary@gmail.com

## ਸ਼ਾਹਜ਼ਾਦੇ ਨਾਲ ਜ਼ੋਰ ਅਜ਼ਮਾਈ

ਸਰਦਾਰ ਨਿਧਾਨ ਸਿੰਘ ਸ਼ਾਹਜ਼ਾਦਾ ਮੁਹੰਮਦ ਅਕਬਰਖਾਨ[1] ਨੂੰ ਸਾਹਮਣੇ ਦੇਖਕੇ ਉਸ ਪਰ ਟੁਟ ਪਿਆ। ਅਗੋਂ ਸਾਹਜ਼ਾਦਾ ਵੀ ਮੰਨਿਆ ਹੋਇਆ ਬਹਾਦਰ ਸੀ। ਦੋਵਾਂ ਦਿਲ ਖੋਲ੍ਹਕੇ ਸ਼ਮਸ਼ੇਰ ਬਾਜ਼ੀ ਦੇ ਕਮਾਲ ਦਸੇ। ਛੇਕੜ ਪੰਜ-ਹੱਥੇ ਸਰਦਾਰ ਨੇ ਐਸੀ ਟਿਕਵੀਂ ਤੇਗ਼ ਮਾਰੀ ਜਿਸ ਨਾਲ ਉਹ ਸਖ਼ਤ ਫੱਟੜ ਹੋ ਗਿਆ। ਇਸ ਦਸ਼ਾ ਵਿਚ ਉਹ ਹੋਰ ਮੈਦਾਨ ਵਿਚ ਨਾ ਠਹਿਰ ਸਕਿਆ। ਮੁਹੰਮਦ ਅਕਬਰ ਖਾਨ ਦੇ ਫਟੜ ਹੋਣ ਦੀ ਖਬਰ ਜਦ ਅਫ਼ਗਾਨਾਂ ਵਿਚ ਖਿਲਰ ਗਈ ਤਾਂ ਉਨ੍ਹਾਂ ਦੇ ਪੈਰ ਮੈਦਾਨ ਵਿਚੋਂ ਉਖੜ ਗਏ ਅਤੇ ਆਪਣੀਆਂ ੧੮ ਤੋਪਾਂ ਖਾਲਸੇ ਦੀ ਭੇਟਾ ਕਰਕੇ ਭੱਜ ਕੇ ਦਰਾ ਖੈਬਰ ਅੰਦਰ ਜਾ ਵੜੇ।

ਸ: ਨਿਧਾਨ ਸਿੰਘ ਆਪਣੇ ਸਵਾਰਾਂ ਨਾਲ ਇਨ੍ਹਾਂ ਨੂੰ ਅਗੇ ਦਬਾਂਦਾ ਹੋਇਆ, ਦੂਰ ਤਕ ਦੱਰੇ ਦੇ ਅੰਦਰ ਚਲਾ ਗਿਆ ਅਤੇ ਗ਼ਨੀਮ ਨੂੰ ਭਾਰੀ ਨੁਕਸਾਨ ਪਹੁੰਚਾਇਆ। ਛੇਕੜ ਜਦ ਸਰਦਾਰ ਹਰੀ ਸਿੰਘ ਦਾ ਹੁਕਮ ਆਪ ਨੂੰ ਵਾਪਸੀ ਬਾਰੇ ਪੁਜਾ ਤਾਂ ਆਪ ਪਿਛੇ ਪਰਤੇ। ਇਸ ਸਮੇਂ ਪੰਜ-ਹੱਥੇ ਸਰਦਾਰ ਦੀ ਫਤਹ-ਯਾਬੀ ਦੀ ਖੁਸ਼ੀ ਦੁਖ ਵਿਚ ਬਦਲ ਗਈ, ਜਦ ਆਪ ਨੂੰ ਪਤਾ ਲਗਾ ਕਿ ਆਪ ਦੇ ਗੂੜ੍ਹੇ ਮਿੱਤਰ ਤੇ ਮੈਦਾਨ ਜੰਗਾਂ ਦੇ ਸਾਥੀ, ਸਰਦਾਰ ਹਰੀ ਸਿੰਘ ਨਲੂਆ, ਸਖ਼ਤ ਘਾਇਲ ਹੋ ਗਏ ਹਨ। ਆਪ ਇਥੋਂ ਸਿਧੇ ਸਰਦਾਰ ਜੀ ਦੇ ਦਰਸ਼ਨ ਲਈ ਕਿਲ੍ਹੇ ਵਿਚ ਪਹੁੰਚੇ ਅਤੇ ਨਲੂਏ ਸਰਦਾਰ ਦੀ ਨਿਢਾਲ ਦਸ਼ਾ ਦੇਖ ਕੇ ਹੱਕੇ-ਬੱਕੇ ਰਹਿ ਗਏ।

ਬਸ ਇਸ ਸੰਗਰਾਮ ਨਾਲ ਸਰਦਾਰ ਨਿਧਾਨ ਸਿੰਘ ਪੰਜ-ਹੱਥੇ ਦਾ ਇੱਨਾਂ ਹੀ ਸੰਬੰਧ ਹੈ। ਇਸ ਤੋਂ ਅਗਲੇ ਹਾਲਾਤ ਆਸ਼ਾ ਹੈ ਪਾਠਕਾਂ ਨੇ ਮੇਰੇ ਲਿਖਤ ਸਰਦਾਰ ਹਰੀ ਸਿੰਘ ਨਲੂਏ ਦੇ ਜੀਵਨ ਬ੍ਰਿਤਾਂਤ ਵਿਚ ਪੜ੍ਹ ਲਏ ਹੋਣੇ ਹਨ।

## ਚਲਾਣਾ

ਸਰਦਾਰ ਨਿਧਾਨ ਸਿੰਘ ਨੂੰ ਅਸੀਂ ਬੜਾ ਵਡਭਾਗੀ ਸਮਝਦੇ ਹਾਂ ਕਿਉਂਕਿ ਆਪ ਆਪਣੀ ਜਿੰਦ ਜਾਨ ਤੋਂ ਵਧ ਪਿਆਰੇ ਮਹਾਰਾਜਾ ਰਣਜੀਤ ਸਿੰਘ ਦੇ ਵਿਛੋੜੇ ਦੇ ਦੁਖ ਤੋਂ ਬਚ ਗਏ। ਪੰਜ-ਹੱਥਾ ਸਰਦਾਰ ਆਪਣੀ ਸਰਕਾਰ ਦੇ ਚਲਾਣੇ ਤੋਂ ਕੇਵਲ ਇਕ ਮਹੀਨਾ ਪਹਿਲਾਂ ਹੀ ਇਸ ਸੰਸਾਰ ਦੋਂ ਕੂਚ ਕਰ ਗਏ ਅਤੇ ਆਪਣਾ ਨਾਮ ਆਉਣ ਵਾਲੀਆਂ ਨਸਲਾਂ ਦੀਆਂ ਰਗਾਂ ਵਿਚ ਸੂਰਮਤਾ ਦਾ ਲਹੂ ਭਰਨ ਲਈ ਅਮਿਟ ਛੱਡ ਗਏ, ਇਹ ਗੱਲ ਮਈ ੧੮੩੯ ਦੀ ਹੈ।

## ਪੰਜ-ਹੱਥੇ ਸਰਦਾਰ ਦੇ ਜੀਵਨ ਪਰ ਇਕ ਨਜ਼ਰ

ਪੰਜ-ਹੱਥੇ ਸਰਦਾਰ ਨੇ ਆਪਣਾ ਸਾਰਾ ਜੀਵਨ, ਖਾਲਸਾ ਰਾਜ ਦੀ ਉਸਾਰੀ, ਪਕਿਆਈ ਤੇ ਬ੍ਰਿਧੀ ਦੀ ਲਗਨ ਵਿਚ ਲੀਨ ਹੋ ਕੇ ਲੰਘਾਇਆ।

ਮੈਦਾਨਿ ਜੰਗਾਂ ਵਿਚ ਕਮਾਲ ਦੀ ਬੀਰਤਾ ਤੇ ਨਿਡਰਤਾ ਨਾਲ ਲੜਦੇ ਹੋਏ ਨੇ, ਆਪਣਾ ਸਾਰਾ ਸਰੀਰ ਜ਼ਖਮਾਂ ਨਾਲ ਛਾਨਣੀ ਕਰਵਾ ਲਿਆ ਸੀ ਇਥੋਂ ਤਕ ਕਿ ਆਪ ਦੇ ਸਰੀਰ ਪਰ ਐਸੀ

---

1. ਇਹ ਉਹੀ ਅਕਬਰ ਖਾਨ ਹੈ ਜਿਸ ਨੇ ਸਰ ਵਿਲੀਅਮ ਮਿਗਨਾਟਿਨ ਅੰਗੇਜ਼ੀ ਏਲਚੀ ਨੂੰ ੨੩ ਦਸੰਬਰ ਸੰਨ ੧੮੩੧ ਨੂੰ ਬੜੀ ਨਿਰਦਇਤਾ ਨਾਲ ਕਾਬਲ ਵਿਚ ਸੰਗਸਿਆ ਦੇ ਲਾਗੇ ਕਤਲ ਕੀਤਾ ਸੀ।



Sri Satguru Jagjit Singh Ji eLibrary NamdhariElibrary@gmail.com

ਕੋਈ ਥਾਂ ਨਹੀਂ ਸੀ ਜਿਥੇ ਚਾਰ ਉਂਗਲਾਂ ਰਖੀਆਂ ਜਾ ਸਕਣ ਤੇ ਉਤੇ ਫਟ ਦਾ ਨਿਸ਼ਾਨ ਨਾ ਹੋਵੇ। ਗ਼ਰਜ਼ ਇਨ੍ਹਾਂ ਕੌਮੀ ਕੁਰਬਾਨੀਆਂ ਦੇ ਕਰਦਿਆਂ ਆਪ ਦਾ ਸਾਰਾ ਸਰੀਰ ਫੱਟਾਂ ਨਾਲ ਭਰਿਆ ਪਿਆ ਸੀ। ਇਹ ਐਸਾ ਨਿਰਭੈ ਲੜਨ ਵਾਲਾ ਜੋਧਾ ਸੀ ਕਿ ਇਕ ਰਣਭੂਮੀ ਵਿਚ ਆਪ ਨੂੰ ਚਾਰ ਚਾਰ, ਪੰਜ ਪੰਜ ਫੱਟ ਲਗਦੇ ਰਹੇ ਅਤੇ ਇਨ੍ਹਾਂ ਫੱਟਾਂ ਦੇ ਲਗਿਆਂ ਵੀ ਇਹ ਬੀਰ ਲੜਾਈ ਦੇ ਫਤਹ ਹੋਣ ਤਕ ਬਾਰਬਰ ਮੈਦਾਨ ਵਿਚ ਲੜਦਾ ਰਹਿੰਦਾ ਸੀ ਇਹ ਫਰਜ਼ ਦੇ ਮੁਕਾਬਲੇ ਪਰ ਆਪਣਾ ਆਰਾਮ ਜਾਂ ਸਰੀਰ ਦੀ ਰਖਿਆ ਹੇਠ ਸਮਝਦਾ ਸੀ।

ਆਪ ਬਾਰੇ ਇਹ ਗੱਲ ਆਮ ਪ੍ਰਸਿੱਧ ਸੀ ਕਿ ਆਪ ਸਦਾ ਵੈਰੀ ਪਰ ਧਾਵਾ ਕਰਨ ਸਮੇਂ ਸਭ ਤੋਂ ਅਗੇ ਹੁੰਦੇ ਸਨ ਅਤੇ ਪਿਛੇ ਪਰਤਣ ਵਿਚ ਸਭ ਤੋਂ ਛੇਕੜ। ਇਸ ਬਾਰੇ ਕਈ ਲਿਖਤਾਂ ਅਤੇ ਬਿਰਧਾਂ ਦੇ ਬਿਆਨ ਮਿਲੇ ਹਨ ਪਰ ਥਾਂ ਦੀ ਤੰਗੀ ਦੇ ਕਾਰਨ ਵਿਸਥਾਰ ਤੋਂ ਸੰਕੋਚ ਕਰਦੇ ਹਾਂ।

ਜਿਸ ਵਰਿਯਾਮ ਜੋਧੇ ਦੀਆਂ ਕੌਮੀ ਕੁਰਬਾਨੀਆਂ ਐਨੇ ਉਚੇ ਪਾਏ ਦੀਆਂ ਹੋਣ, ਉਸ ਪਰ ਮੌਜੂਦਾ ਕੌਮ ਤੇ ਆਉਣ ਵਾਲੀਆਂ ਨਸਲਾਂ ਜਿੰਨਾਂ ਫ਼ਖ਼ਰ ਕਰਨ ਓਨਾ ਹੀ ਘਟ ਹੈ।

ਆਪ ਪਿਛੇ ਪੜ੍ਹ ਆਏ ਹੋ ਕਿ ਪੰਜ-ਹੱਥੇ ਸਰਦਾਰ ਦਾ ਨੌਸ਼ਹਿਰੇ ਦੀ ਰਣ ਭੂਮੀ ਦਾ ਕਾਰਨਾਮਾ, ਜਿਥੇ ਆਪ ਨੇ ਇਕੱਲੇ ਹੱਥ਼ ਪੰਜ ਜੋਸ਼ੀਲੇ ਗ਼ਾਜ਼ੀਆਂ ਨੂੰ ਖੇਤ ਰੱਖ ਕੇ ਉਨ੍ਹਾਂ ਤੋਂ ਪੰਜੇ ਤਲਵਾਰਾਂ ਖੋਹ ਲਈਆਂ ਸਨ। ਇਸ ਸਮੇਂ ਸ਼ੇਰਿ-ਪੰਜਾਬ ਦਾ ਮਨ, ਆਪ ਦੇ ਇਸ ਅਸਾਧਾਰਨ ਕਰਤਵ ਨੂੰ ਦੇਖ ਕੇ ਜੋਸ਼ ਵਿਚ ਉੱਛਲ ਪਿਆ ਅਤੇ ਇਸੇ ਖੁਸ਼ੀ ਵਿਚ ਸਰਕਾਰ ਨੇ ਆਪ ਨੂੰ 'ਪੰਜ-ਹੱਥੇ' ਦਾ ਮਾਣ ਯੋਗ ਖ਼ਤਾਬ ਬਖਸ਼ਿਆ ਸੀ। ਮੁਕਦੀ ਗਲ ਇਹ ਹੈ ਕਿ ਪੰਜ ਹਥਾ ਖਤਾਬ ਬਖਸ਼ਿਆ ਸੀ। ਕੌਮ ਦੀ ਉਹ ਮਾਨ ਯੋਗ ਸ਼ਖਸੀਅਤ ਸੀ ਜਿਸ ਦਾ ਨਾਮ ਸਦਾ ਲਈ ਮਾਣ ਨਾਲ ਲਿਆ ਜਾਵੇਗਾ।



Sri Satguru Jagjit Singh Ji eLibrary NamdhariElibrary@gmail.com

ਵਰਿਯਾਮ ਰਾਮਗੜ੍ਹੀਏ

# ਸ: ਜੋਧ ਸਿੰਘ ਰਾਮਗੜ੍ਹੀਆ

## ਸ਼ਬਦ ਰਾਮਗੜ੍ਹੀਏ ਦਾ ਵੇਰਵਾ

ਸ਼ਬਦ 'ਰਾਮਗੜ੍ਹੀਆ' ਦੇ ਪੜ੍ਹਨ ਜਾਂ ਸੁਣਨ ਨਾਲ ਹੀ ਇਤਿਹਾਸ ਦੇ ਪ੍ਰੇਮੀਆਂ ਦੀਆਂ ਅੱਖਾਂ ਸਾਹਮਣੇ, ਇਕਾ ਇਕ, ਪੰਥ ਦੀ ਇਕ ਸ਼ਾਨਦਾਰ ਜਥੇ-ਬੰਦੀ ਦਾ ਸੁਨੈਹਰੀ ਸਮਾਂ ਆ ਖਲੋਂਦਾ ਹੈ।

ਖਾਲਸੇ ਦੇ ਇਸ ਸਨਮਾਨ ਯੋਗ ਭਾਗ ਵਿਚ ੧੯੦੦੦ ਸਿਰ-ਲਥ ਜਵਾਨ ਸਨ। ਇਨ੍ਹਾਂ ਜਵਾਨਾਂ ਦੀ ਅਗਵਾਈ ਲਈ ਬਹਾਦਰ ਆਗੂ ਸਨ ਜੋ ਖਾਸ ਗੁਣਾਂ ਦੇ ਮਾਲਕ ਮੰਨੇ ਜਾਂਦੇ ਸਨ। ਇਨ੍ਹਾਂ ਦੇ ੩੬੦ ਕਿਲ੍ਹੇ, ਬੁਰਜ ਤੇ ਦਮਦਮੇ, ਪੰਥ ਦੀ ਪ੍ਰਭਤਾ ਦੇ ਲਖਾਇਕ ਸਨ।

ਇਨ੍ਹਾਂ ਵਿਚ ਵੱਡੀ ਵਡਿਆਈ ਇਹ ਸੀ ਕਿ ਇਹ ਆਪਣੀਆਂ ਸੰਸਾਰਕ ਲੋੜਾਂ ਪੂਰੀਆਂ ਕਰਨ ਲਈ ਕਿਸੇ ਦੇ ਮੁਥਾਜ ਨਹੀਂ ਸਨ। ਇਹ ਕਿਲ੍ਹੇ ਫ਼ਸੀਲਾਂ ਤੇ ਦਮਦਮੇ ਆਪਣੀ ਹੱਥੀਂ ਉਸਾਰ ਲੈਂਦੇ ਸਨ। ਸਮੂਹ ਸ਼ਸਤ੍ਰ ਤੋਪ ਤੋਂ ਲੈ ਕੇ ਘੋੜੇ ਦੇ ਨਾਲ ਤਕ ਆਪ ਤਿਆਰ ਕਰਦੇ ਸਨ। ਨਦੀ ਨਾਲਿਆਂ ਤੋਂ ਪਾਰ ਹੋਣ ਲਈ ਪੁਲ ਤੇ ਬੇੜੇ ਬੇੜੀਆਂ ਬਣਾਉਣਾ ਇਨ੍ਹਾਂ ਦਾ ਸਾਧਾਰਨ ਕਰਤਵ ਸੀ। ਜੰਗੀ ਸਾਮਾਨ, ਇਕ ਥਾਂ ਤੋਂ ਦੂਜੀ ਥਾਂ ਪਹੁੰਚਾਣ ਲਈ ਗੱਡੇ, ਰੇਹੜੂ, ਅਤੇ ਖੇਤੀ ਬਾੜੀ ਤੋਂ ਵਧ ਉਪਜ ਪ੍ਰਾਪਤ ਕਰਨ ਲਈ ਲੋੜੀਂਦੇ ਸੰਦ ਤਿਆਰ ਕਰਨੇ ਇਨ੍ਹਾਂ ਲਈ ਮਾਮੂਲੀ ਕੰਮ ਸੀ। ਮੁਕਦੀ ਗਲ ਇਹ ਕਿ ਇਹ ਮੈਦਾਨ ਜੰਗ ਵਿਚ ਤੇਗਾਂ ਮਾਰਨ ਦੇ ਨਾਲ ਨਾਲ ਇੰਜੀਨੀਅਰੀ ਤੇ ਦਸਤਕਾਰੀ ਦੇ ਹੁਨਰ ਵਿਚ ਵੀ ਆਪਣਾ ਨਮੂਨਾ ਆਪ ਸਨ।

## ਗੁਰੂ ਰਾਮਦਾਸ ਜੀ ਦਾ ਪਿਆਰ

ਇਨ੍ਹਾਂ ਉਪਰ ਲਿਖੇ ਗੁਣਾਂ ਤੋਂ ਛੁਟ ਇਨ੍ਹਾਂ ਵਿਚ ਇਕ ਹੋਰ ਵਾਧਾ ਸੀ, ਜਿਸ ਦੀ ਹੋਂਦ ਨੇ ਇਨ੍ਹਾਂ ਦਾ ਨਾਮ ਸਦਾ ਲਈ ਅਮਿੱਟ ਕਰ ਦਿੱਤਾ ਹੈ। ਉਹ ਸ੍ਰੀ ਗੁਰੂ ਰਾਮਦਾਸ ਜੀ ਦਾ ਅਥਾਹ ਪਿਆਰ ਜੋ ਇਨ੍ਹਾਂ ਦੇ ਰੋਮ ਰੋਮ ਤੇ ਤਨ ਮਨ ਵਿਚ ਵਸ ਰਿਹਾ ਸੀ। ਇਥੇ ਤਕ ਕਿ ਇਹ ਸੰਸਾਰ ਪਰ ਕੋਈ ਵਸਤ ਆਪਣੀ ਨਹੀਂ ਸਨ ਜਾਣਦੇ। ਇਹ ਸਭ ਕੁਝ ਗੁਰੂ ਰਾਮਦਾਸ ਜੀ ਦੀ ਦਾਤ ਮੰਨਦੇ ਸਨ ਅਤੇ ਉਹ ਸਭ ਕੁਝ ਆਪਣੇ ਨਾਮ ਨਾਲ ਜੋੜਨ ਦੀ ਥਾਂ ਗੁਰੂ ਰਾਮ ਦਾਸ ਜੀ ਦੇ ਨਾਮ ਪਰ ਸਮਰਪਨ ਕਰਨ ਵਿਚ ਲੋਕ ਪ੍ਰਲੋਕ ਦੀ ਖੁਸ਼ੀ ਤੇ ਮਾਣ ਸਮਝਦੇ ਸਨ। ਇਨ੍ਹਾਂ ਆਪਣੇ ਕਿਲ੍ਹੇ ਦਾ ਨਾਮ ਗੁਰੂ ਰਾਮਦਾਸ ਜੀ ਦੇ ਨਾਮ ਪਰ 'ਰਾਮ ਗੜ੍ਹ' ਰਖਿਆ[1] ਅਤੇ ਆਪਣੀ ਮਿਸਲ ਦਾ ਨਾਂ

---

1. ਇਹ ਨਾਮ ਇਨ੍ਹਾਂ ਨੂੰ ਐਨਾ ਪਿਆਰਾ ਲੱਗਾ ਕਿ ਅੱਗੇ ਨੂੰ ਇਹ ਨਾਮ ਇਨ੍ਹਾਂ ਆਪਣੀ ਜਥੇਬੰਦੀ ਦੇ ਨਾਮ ਨਾਲ ਸੰਮਲਿਤ ਕਰ ਲਿਆ।



Sri Satguru Jagjit Singh Ji eLibrary NamdhariElibrary@gmail.com

ਰਾਮਗੜ੍ਹੀਆ ਮਿਸਲ ਚੁਣਿਆ। ਗੁਰੂ ਨਗਰੀ ਦੀ ਰਾਖੀ ਲਈ, ਵੱਡੀਆਂ ਘਾਲਾਂ ਘਾਲ ਕੇ ਫਸੀਲ ਤਿਆਰ ਕੀਤੀ ਤਾਂ ਇਸ ਦਾ ਨਾਮ 'ਰਾਮ ਰਉਣੀ' ਅਤੇ ਆਪਣੇ ਅਮੁਕ ਲੰਗਰ ਦਾ ਨਾਮ 'ਰਾਮਰੋਟੀ' ਧਰਿਆ। ਇਸੇ ਤਰ੍ਹਾਂ ਆਪਣੀਆਂ ਢਾਲੀਆਂ ਹੋਈਆਂ ਤੋਪਾਂ ਤੇ ਬੰਦੂਕਾਂ ਦਾ ਨਾਂ 'ਰਾਮ ਜੰਗੇ' ਤੇ 'ਰਾਮ ਬਾਣ' ਅਤੇ ਆਪਣੇ ਖ਼ਜ਼ਾਨੇ ਦਾ ਨਾਮ 'ਰਾਮਰਾਸ' ਰਖਿਆ ਸੀ।

ਇਨ੍ਹਾਂ ਨੂੰ ਜੇਹੜੀ ਚੀਜ਼ ਵੀ ਚੰਗੀ ਲਗਦੀ ਸੀ, ਉਹਨੂੰ ਗੁਰੂ ਰਾਮਦਾਸ ਜੀ ਦੇ ਨਾਮ ਨਾਲ ਜੋੜ ਦੇਂਦੇ ਸਨ। ਇਹ ਇਨ੍ਹਾਂ ਦੀ ਸਿਖੀ ਸਿਦਕ ਕੇ ਅਗਾਧ ਪਿਆਰ ਦਾ ਨਮੂਨਾ ਹੈ।

## ਇਸ ਜਥੇਬੰਦੀ ਦਾ ਬਾਨੀ

ਸਰਦਾਰ ਜੱਸਾ ਸਿੰਘ ਦੇ ਪਿਤਾ ਸਰਦਾਰ ਭਗਵਾਨ ਸਿੰਘ ਨੇ ਵਿਦੇਸ਼ੀਆਂ ਦੇ ਜ਼ੁਲਮ ਤੋਂ ਆਪਣੇ ਦੇਸ਼ ਵਾਸੀਆਂ ਨੂੰ ਬਚਾਣ ਤੇ ਉਨ੍ਹਾਂ ਦੀ ਸਹਾਇਤਾ ਲਈ ੧੦੦ ਜੁਆਨ ਆਪਣੇ ਨਾਲ ਐਸੇ ਜੋੜ ਲਏ, ਜਿਨ੍ਹਾਂ ਦਾ ਦੁਖ ਸੁਖ ਸਾਂਝਾ ਸੀ। ਇਸ ਤਰ੍ਹਾਂ ਇਹ ਪੰਥ ਅਤੇ ਦੇਸ਼ ਦੀ ਸੇਵਾ ਕਰਦਿਆਂ ਸੰਮਤ ੧੭੯੭ ਬਿ: ਵਿਚ ਨਾਦਰਸ਼ਾਹ ਦੇ ਟਾਕਰੇ ਪਰ ਲੜਦਾ ਹੋਇਆ ਆਪਣੇ ਦੇਸ਼ ਪਰ ਆਪਾ ਵਾਰ ਗਿਆ।

## ਸਰਦਾਰ ਜੱਸਾ ਸਿੰਘ

ਸਰਦਾਰ ਜੱਸਾ ਸਿੰਘ ਨੇ ਆਪਣੇ ਪਿਤਾ ਦੇ ਚਲਾਣੇ ਦੇ ਉਪਰੰਤ, ਨਾ ਕੇਵਲ ੧੦੦ ਸਵਾਰ ਹੀ ਆਪਣੀ ਤਾਇਤ ਵਿਚ ਲੈ ਲਏ ਸਗੋਂ ਥੋੜੇ ਦਿਨਾਂ ਵਿਚ ਹੀ ਇਸ ਗਿਣਤੀ ਨੂੰ ਹਜ਼ਾਰਾਂ ਤਕ ਵਧਾ ਦਿੱਤਾ। ਬੱਸ ਛੇਕੜ ਇਹੀ ਜਥੇਬੰਦੀ, ਜਗਤ ਪ੍ਰਸਿੱਧ 'ਰਾਮਗੜ੍ਹੀਆ' ਮਿਸਲ ਦੇ ਰੂਪ ਵਿਚ ਪ੍ਰਗਟ ਹੋਈ। ਇਸ ਮਿਸਲ ਦੀ ਸਫਲਤਾ ਨਾਲ ਆਪ ਨੇ ਪੰਜਾਬ ਦਾ ਬਹੁਤ ਸਾਰਾ ਭਾਗ, ਵਿਦੇਸ਼ੀਆਂ ਤੋਂ ਛੁਡਾ ਕੇ ਆਪਣੇ ਅਧੀਨ ਸੁਰਖਿਅਤ ਕਰ ਲਿਆ, ਜਿਸ ਵਿਚ ਬਟਾਲਾ, ਕਲਾਨੌਰ, ਹਰਿ ਗੋਬਿੰਦ ਪੁਰਾ ਤੇ ਮਿਆਨੀ ਖਾਸ ਲਿਖਤ ਦੇ ਯੋਗ ਹਨ।

## ਅਦੀਨਾ ਬੇਗ ਨਾਲ ਰਾਜਸੀ ਮੇਲ

ਜ਼ਕਰੀਆ ਖਾਨ, ਸੂਬਾ ਲਾਹੌਰ, ਸੰਨ ੧੭੪੫ ਈ: ਵਿਚ ਧਰਤੀ ਦਾ ਭਾਰ ਹੌਲਾ ਕਰ ਗਿਆ। ਹੁਣ ਅਦੀਨਾ ਬੇਗ਼ ਖਾਨ ਨੂੰ ਜਲੰਧਰ ਵਿਚ ਆਪਣੀ ਸ਼ਕਤੀ ਵਧਾਣ ਦਾ ਸੁਨੈਹਰੀ ਸਮਾਂ ਮਿਲਿਆ, ਇਹ ਬੜਾ ਸਿਆਣਾ ਰਾਜਨੀਤਕ ਹੁਕਮਰਾਨ ਸੀ। ਇਹ ਚੰਗੀ ਤਰ੍ਹਾਂ ਜਾਣਾ ਸੀ ਕਿ ਮੇਰੀ ਕਮਾਨ ਤਦ ਹੀ ਚੜ੍ਹੀ ਰਹਿ ਸਕੇਗੀ ਜਦ ਖਾਲਸੇ ਨਾਲ ਮੇਰਾ ਕਿਸੇ ਤਰ੍ਹਾਂ ਮੇਲ ਹੋ ਜਾਏ[1]।

ਇਧਰ ਖਾਲਸਾ ਵੀ ਸਮੇਂ ਦੀਆਂ ਰਾਜਸੀ ਚਾਲਾਂ ਵਿਚ ਪੂਰਨ ਪ੍ਰਬੀਨ ਸੀ, ਉਹ ਵੀ ਚਾਹੁੰਦਾ ਸੀ ਕਿ ਲੋੜ ਵਿਚ ਫਾਥੇ ਪਏ ਹਾਕਮ ਨਾਲ ਮੇਲ ਕਰ ਲੈਣ ਵਿਚ ਭਲਾ ਹੀ ਭਲਾ ਹੈ। ਆਪਣੇ ਸ੍ਵੈ-ਸਤਿਕਾਰ ਨੂੰ ਮੁਖ ਰਖ ਕੇ, ਜਿਥੋਂ ਤਕ ਮਿਲਾਪ ਨਿਭਾਉਣ ਵਿਚ ਕਿਸੇ ਤਰ੍ਹਾਂ ਹਾਣ ਨਹੀਂ। ਇਸ ਤਰ੍ਹਾਂ ਦੋਵਾਂ ਧਿਰਾਂ ਦੀ ਇੱਛਾ ਅਨੁਸਾਰ ਕਈ ਗੱਲਾਂ ਦਾ ਮੂੰਹ ਸਾਹਮਣੇ ਫ਼ੈਸਲਾ ਕਰਨ

---

1. ਖਾਲਸਾ ਨਾਮਾ ਦੀਵਾਨ ਬਖਤ ਮਲ, ਪੰਨਾ ੫੮-੬੭, ਐਚ. ਆਰ. ਗੁਪਤਾ, ਹਿਸਟਰੀ ਔਫ਼ ਦੀ ਸਿਖਸ ਸਫਾ ੮, ਹਰੀ ਰਾਮ ਗੁਪਤਾ, ਅਦੀਨਾਬੇਗ਼ ਖਾਨ, ਸਭਾ ੧੮, ਸੋਹਨ ਲਾਲ, ਉਮਦਾਤੁਲ ਤਵਾਰੀਖ ਦਫਤਰ ੧, ਸਫਾ ੧੨੮, ਐਨ. ਕੇ. ਸਿਨ੍ਹਾ ਰਾਈਜ਼ ਔਫ ਦੀ ਸਿਖ ਪਾਵਰ ਸਫਾ ੧੪, ਬ੍ਰੋਨਸ ਇੰਡੀਅਨ ਟਰੈਕਟਸ ਸਫਾ ੧੩।



Sri Satguru Jagjit Singh Ji eLibrary NamdhariElibrary@gmail.com

ਲਈ, ਖਾਲਸੇ ਵਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਵਿਚੋਲਾ ਥਾਪ ਕੇ ਨਵਾਬ ਅਦੀਨਾ ਬੇਗ਼ ਖ਼ਾਨ ਪਾਸ ਸ਼ਰਤਾਂ ਤੈਹ ਕਰਨ ਲਈ ਜਲੰਧਰ ਭੇਜਿਆ ਗਿਆ[1]।

ਇਸ ਅਤਿ ਜ਼ਿਮੇਵਾਰੀ ਦੇ ਕੰਮ ਨੂੰ ਸਰਦਾਰ ਜੱਸਾ ਸਿੰਘ ਨੇ ਐਸੀ ਸੁਚੱਜਤਾ ਨਾਲ ਸਿਰੇ ਚਾੜ੍ਹਿਆ ਕਿ ਅਦੀਨਾ ਬੇਗ਼ਖ਼ਾਨ, ਆਪ ਦੀ ਸਿਆਣਪ ਤੇ ਨੀਤੀ ਭਰੀ ਬੋਲ ਚਾਲ ਦੇ ਢੰਗ ਨੂੰ ਸੁਣਕੇ ਹੈਰਾਨ ਰਹਿ ਗਿਆ। ਨਵਾਬ ਪਰ ਆਪ ਦੀ ਸੁਘੜਤਾ ਦਾ ਐਨਾ ਪ੍ਰਭਾਵ ਪਿਆ ਕਿ ਉਸ ਨੇ ਸਰਦਾਰ ਜੱਸਾ ਸਿੰਘ ਨੂੰ ਆਖਿਆ ਕਿ ਜੇ ਆਪ ਸਣੇ ਸਵਾਰਾਂ ਦੇ ਅਸਾਡੇ ਨਾਲ ਮਿਲ ਕੇ ਰਹਿਣਾ ਚਾਹੋ ਤਾਂ ਆਪ ਨੂੰ ਆਪ ਦੀ ਇੱਛਾ ਅਨੁਸਾਰ ਜਾਗੀਰ ਦਿੱਤੀ ਜਾਏਗੀ। ਸਰਦਾਰ ਜੱਸਾ ਸਿੰਘ ਨੇ ਇਸ ਬਾਰੇ ਪੰਥ ਤੋਂ ਪ੍ਰਵਾਨਗੀ ਪ੍ਰਾਪਤ ਕਰਨ ਲਈ ਨਵਾਬ ਤੋਂ ਮੋਹਲਤ ਮੰਗੀ ਅਤੇ ਆ ਕੇ ਪੰਥ ਦੇ ਮੁਖੀਆਂ ਦੇ ਸਾਹਮਣੇ ਇਹ ਮਾਮਲਾ ਰਖਿਆ। ਪੰਥਕ ਆਗੂਆਂ ਨੇ ਜਦ ਇਸ ਗੱਲ ਨੂੰ ਦੂਰ ਦ੍ਰਿਸ਼ਟੀ ਨਾਲ ਵਿਚਾਰਿਆ, ਤਾਂ ਇਸ ਵਿਚ ਪੰਥ ਲਈ ਸਭ ਤਰ੍ਹਾਂ ਲਾਭ ਦਿਸਿਆ। ਪਹਿਲਾ ਲਾਭ ਤਾਂ ਪ੍ਰਤੱਖ ਇਹ ਸੀ ਕਿ ਨਿਜ਼ਾਮ ਜਲੰਧਰ ਨਾਲ ਮੇਲ ਹੋ ਜਾਣ ਨਾਲ ਖਾਲਸੇ ਪਰ ਹੋ ਰਹੀਆਂ ਸਖ਼ਤੀਆਂ ਕੁਝ ਸਮੇਂ ਲਈ ਰੁਕ ਜਾਣਗੀਆਂ। ਦੂਜਾ, ਇਸ ਸਮੇਂ ਤੋਂ ਲਾਭ ਉਠਾ ਕੇ ਖਾਲਸੇ ਨੂੰ ਵਧਣ ਫੁਲਣ ਦਾ ਖਾਸਾ ਸਮਾਂ ਮਿਲ ਜਾਵੇਗਾ। ਤੀਜਾ, ਹਾਕਮ ਦੇ ਦਰਬਾਰ ਵਿਚ ਆਪਣੇ ਆਦਮੀ ਦੇ ਰਹਿਣ ਦੇ ਕਾਰਨ ਵੈਰੀਆਂ ਦੀਆਂ ਚਾਲਾਂ ਤੇ ਸੋਚਾਂ ਦਾ ਪਤਾ ਲਗਦਾ ਰਹੇਗਾ ਤੇ ਉਨ੍ਹਾਂ ਤੋਂ ਬਚ ਬਚਾਓ ਦਾ ਪ੍ਰਬੰਧ ਖਾਲਸਾ ਸਮੇਂ ਸਿਰ ਕਰ ਲਿਆ ਕਰੇਗਾ। ਇਸ ਤੋਂ ਛੁਟ ਲੋੜ ਪੈਣ ਪਰ ਪੰਥ ਜਦ ਜ਼ਰੂਰੀ ਸਮਝੇਗਾ ਕਿ ਹਕੂਮਤ ਨਾਲ ਹੋਰ ਮੇਲ ਨਹੀਂ ਰੱਖਣਾ, ਤਾਂ ਉਸੇ ਦਿਨ ਹੀ ਇਹ ਸੰਬੰਧ ਉਨ੍ਹਾਂ ਨਾਲੋਂ ਤੋੜ ਲਿਆ ਜਾਏਗਾ। ਸੋ ਉਪਰੋਕਤ ਵਿਚਾਰਾਂ ਅਨੁਸਾਰ ਸਰਦਾਰ ਜੱਸਾ ਸਿੰਘ ਨੂੰ ਪੰਥ ਵਲੋਂ ਨਵਾਬ ਅਦੀਨਾ ਬੇਗ਼ ਖਾਨ ਪਾਸ ਰਹਿਣ ਦੀ ਪ੍ਰਵਾਨਗੀ ਮਿਲ ਗਈ। ਤੇ ਉਹ ਸਣੇ ਆਪਣੇ ਸਵਾਰਾਂ ਦੇ, ਖਾਨ ਪਾਸ ਰਹਿ ਪਿਆ। ਇਸ ਪਰ ਨਵਾਬ ਨੇ ਆਪ ਨੂੰ ਚੋਖੀ ਜਾਗੀਰ ਦੁਆਬੇ ਵਿਚ ਦੇ ਦਿੱਤੀ। ਇਹ ਸਿਲਸਲਾ ਕੋਈ ਤਿੰਨ ਕੁ ਸਾਲ ਨਿਭਦਾ ਰਿਹਾ।

## ਅਦੀਨਾ ਬੇਗ਼ ਦੀ ਨੀਅਤ ਵਿਚ ਫ਼ਰਕ

ਸੰਨ ੧੭੪੮ ਦੇ ਅਕਤੂਬਰ ਵਿਚ ਪੰਥਕ ਆਗੂਆਂ ਨੂੰ ਅਦੀਨਾ ਬੇਗ ਦੀ ਨਿਗਾਹ ਖਾਲਸੇ ਵਲ ਕੁਝ ਵਿੰਗੀ ਦਿੱਸੀ। ਇਸ ਪਰ ਰਾਮ-ਰਾਉਣੀ ਦੇ ਖਾਲਸੇ ਵਲੋਂ ਸਰਦਾਰ ਜੱਸਾ ਸਿੰਘ ਨੂੰ ਹੁਕਮ ਨਾਮਾ ਪੁੱਜਾ ਕਿ ਆਪ ਦੁਆਬੇ ਦੇ ਨਵਾਬ ਨਾਲ ਅਗੇ ਨੂੰ ਮੇਲ ਨਾ ਰਖੋ। ਖਾਲਸੇ ਦੀ ਇਸ ਇੱਛਾ ਅਨੁਸਾਰ ਆਪ ਨੇ ਉਸੇ ਦਿਨ ਹੀ ਨਵਾਬ ਅਦੀਨਾ ਬੇਗ਼ ਨਾਲੋਂ ਆਪਣਾ ਸੰਬੰਧ ਤੋੜ ਲਿਆ ਅਤੇ ਸਣੇ ਆਪਣੇ ਜਵਾਨਾਂ ਦੇ ਅੰਮ੍ਰਿਤਸਰ ਪਹੁੰਚ ਕੇ ਆਪਣੇ ਵੀਰਾਂ ਨਾਲ ਮਿਲ ਗਏ। ਇਥੇ ਖਾਲਸੇ ਦੇ ਮੋਢੇ ਨਾਲ ਮੋਢਾ ਜੋੜ ਕੇ ਵੈਰੀਆਂ ਦੇ ਟਾਕਰੇ ਲਈ ਰਣ ਵਿਚ ਉਤਰ ਪਏ[2]।

ਸਰਦਾਰ ਜੱਸਾ ਸਿੰਘ ਦੇ ਇਸ ਪੰਥਕ ਪਿਆਰ ਨੂੰ ਦੇਖ ਕੇ ਸਰਬੱਤ ਖਾਲਸੇ ਵਲੋਂ ਵੱਡੀ ਪ੍ਰਸੰਨਤਾ ਪ੍ਰਗਟ ਕੀਤੀ ਗਈ।

---

1. ਹਰੀ ਰਾਮ ਗੁਪਤਾ ਅਦੀਨਾ ਬੇਗ਼ ਖ਼ਾਨ ਸਫਾ ੫੩, ਸ਼ਮਸ਼ੇਰ ਖਾਲਸਾ ਸਫਾ ੨੭੯, ਮੈਲਕਮ ਸਕੈਚਿਜ਼ ਔਫ ਦੀ ਸਿਖਸ ਸਫਾ ੯੨, ਹਵਾਲੇ ਅਦੀਨ ਬੇਗ਼ ਖਾਨ ਸਫਾ ੪੪।
2. ਐਚ ਆਰ ਗੁਪਤਾ, ਹਿਸਟਰੀ ਔਫ ਦੀ ਸਿਖਸ ਸਫਾ ੬੧।



Sri Satguru Jagjit Singh Ji eLibrary NamdhariElibrary@gmail.com

## ਦੁਖ ਵੰਡਾਊ ਜੱਸਾ ਸਿੰਘ

ਸੰ: ੧੭੮੦ ਈ: ਵਿਚ ਇਕ ਅਤਿ ਦੁਖੀ ਬ੍ਰਾਹਮਣ ਹਾਜ਼ਰ ਹੋਇਆ ਅਤੇ ਫੁਟ ਫੁਟ ਕੇ ਰੋਂਦੇ ਹੋਏ ਨੇ ਫ਼ਰਿਆਦ ਕੀਤੀ ਕਿ ਹਾਕਮ ਹਿਸਾਰ ਨੇ ਉਸ ਦੀ ਕੰਨਿਆਂ, ਧੱਕੇ ਨਾਲ ਆਪਣੇ ਘਰ ਪਾ ਲਈ ਹੈ। ਉਹ ਦੁਖੀ ਕਈ ਰਾਜਪੂਤਾਂ ਤੇ ਮਰਹਟੇ ਆਗੂਆਂ ਦੇ ਦੁਆਰੇ ਆਪਣੀ ਇਹ ਦੁਖ ਭਰੀ ਫ਼ਰਿਯਾਦ ਸੁਣਾ ਚੁਕਾ ਹੈ ਪਰ ਉਸ ਅਥਿਤੀ ਦੀ ਬਾਂਹ ਕਿਸੇ ਨਹੀਂ ਫੜੀ। ਹੁਣ ਉਹ ਸਭ ਪਾਸਿਆਂ ਤੋਂ ਨਿਰਾਸ ਹੋ ਕੇ ਆਪ ਦੇ ਦੁਆਰੇ ਆਇਆ ਹੈ।

ਤਰਸਵਾਨ ਸਰਦਾਰ ਜੱਸਾ ਸਿੰਘ ਨੇ ਬ੍ਰਿਧ ਬ੍ਰਾਹਮਣ ਦੀ ਚੀਕ ਪੁਕਾਰ ਸੁਣ ਕੇ, ਆਪਣੇ ਬਹਾਦਰ ਸਵਾਰਾਂ ਨੂੰ ਹੁਕਮ ਦੇ ਦਿੱਤਾ ਕਿ ਖਾਲਸਾ ਜੀ ਪਹਿਲਾਂ ਇਸ ਦੁਖੀਏ ਦਾ ਦੁਖ ਕਟ ਕੇ ਮੁੜ ਕੋਈ ਹੋਰ ਕੰਮ ਕਰਾਂਗੇ। ਸੋ ਉਸੀ ਸਮੇਂ ਹਾਕਮ ਹਿਸਾਰ ਪਰ ਹੱਲਾ ਬੋਲ ਕੇ ਜਰਵਾਣੇ ਦਾ ਕੋਟ ਤੇ ਘਰ ਘੇਰ ਲਿਆ ਅਤੇ ਐਸੇ ਕਹਿਰ ਦੀ ਇਕ ਰਸ ਤੇਗ ਚਲਾਈ ਕਿ ਵੈਰੀ ਲਈ ਹੇਠਲੀ ਉਪਰ ਲੈ ਆਂਦੀ।

ਇਸ ਸੰਗ੍ਰਾਮ ਵਿਚ ਪਾਪੀ ਹਾਕਮ ਜੀਉਂਦਾ ਫੜ ਲਿਆ ਗਿਆ ਅਤੇ ਇਸ ਤਰ੍ਹਾਂ ਦੇ ਜਰਵਾਣਿਆਂ ਲਈ ਜਿਹੋ ਜਿਹੀ ਸਿਖਿਆਦਾਇਕ ਸਜ਼ਾ ਸੋਭਦੀ ਹੈ, ਦਿੱਤੀ ਗਈ। ਉਸ ਦੇ ਹਰਮ ਵਿਚੋਂ ਬ੍ਰਾਹਮਣ ਦੀ ਕੰਨਿਆਂ ਨੂੰ ਕੱਢ ਲਿਆਂਦਾ ਅਤੇ ਜ਼ਾਲਮ ਦੇ ਕਿਲ੍ਹੇ ਨੂੰ ਦਿਲ ਖੋਹਲ ਕੇ ਲੁਟਿਆ ਤਾਂ ਜੋ ਅਗੇ ਨੂੰ ਹੋਰ ਹਤਿਆਰਿਆਂ ਨੂੰ ਇਸ ਨਮੂਨੇ ਤੋਂ ਸਿਖਿਆ ਮਿਲੇ[1]।

ਇਸ ਤਰ੍ਹਾਂ ਇਹ ਕੰਨਿਆਂ ਉਸ ਬ੍ਰਾਹਮਣ ਦੇ ਹਥ ਸੌਂਪਦੇ ਹੋਏ ਸਰਦਾਰ ਜੱਸਾ ਸਿੰਘ ਨੇ ੫੦੦੦ ਰੁਪਏ ਆਪਣੇ ਪਾਸੋਂ, ਇਹ ਕਹਿ ਕੇ ਕੰਨਿਆਂ ਦੇ ਨਾਲ ਦਿੱਤਾ ਕਿ ਧੀਆਂ ਨੂੰ ਖਾਲੀ ਹੱਥ ਘਰੋਂ ਨਹੀਂ ਤੋਰੀਦਾ[2]।

ਸਰਦਾਰ ਜੱਸਾ ਸਿੰਘ ਦਾ ਇਸ ਨਿਸ਼ਕਾਮ ਉਪਕਾਰ ਦੇ ਕਾਰਨ ਸਾਰੇ ਦੇਸ਼ ਵਿਚ ਭਾਰੀ ਜੱਸ ਹੋਣ ਲਗਾ ਅਤੇ ਆਪ ਦਾ ਨਾਮ ਬੰਦੀ ਛੋੜ ਪ੍ਰਸਿਧ ਹੋਇਆ।

## ਜੀਵਨ ਦਾ ਮਹਾਨ ਕਾਰਮਨਾਮਾ

ਸਰਦਾਰ ਜੱਸਾ ਸਿੰਘ ਦੀਆਂ ਫਤਹਯਾਬੀਆਂ ਦਾ ਹੱਦਬੰਨਾ ਹੁਣ ਪੰਜਾਬ ਤੋਂ ਬਾਹਿਰ ਦਿੱਲੀ ਦੀਆਂ ਕੰਧਾਂ ਤਕ ਖਿੱਲਰ ਗਿਆ ਸੀ। ਸੰਨ ੧੭੮੨ ਵਿਚ ਆਪ ਸਣੇ ਖਾਲਸਾ ਦਲ ਦੇ ਚੰਦੌਸੀ ਤੇ ਮੇਰਠ ਨੂੰ ਸੋਧਦੇ ਹੋਏ, ਦਿੱਲੀ ਪਰ ਜਾ ਪਏ। ਅਗੋਂ ਰਾਜਧਾਨੀ ਦੀ ਰਖਿਅਕ ਫੌਜ ਨੇ ਬੜਾ ਕਰੜਾ ਟਾਕਰਾ ਕੀਤਾ ਪਰ ਆਪ ਸਭ ਨੂੰ ਲਿਤਾੜਦੇ ਹੋਏ ਮਲਕਾ ਗੰਜ ਤੇ ਸਬਜ਼ੀ ਮੰਡੀ ਦੀ ਸਫ਼ਲਤਾ ਦੇ ਬਾਅਦ ਸਿਧੇ ਮੁਗ਼ਲਪੁਰੇ ਨੂੰ ਜਾ ਘੇਰਿਆ[3]।

---

1. ਸ਼ਮਸ਼ੇਰ ਖਾਲਸਾ ਸਫਾ ੨੯੧।
2. ਸ਼ਮਸ਼ੇਰ ਖਲਸਾ ਵਿਚ, ਸਰਦਾਰ ਜੱਸਾ ਸਿੰਘ ਬਾਰੇ ਲਿਖਿਆ ਹੈ ਕਿ ਆਪ ਨੇ ਆਪਣੀ ਕੰਨਿਆਂ ਦਾ ਘਾਤ ਕੀਤਾ ਸੀ ਇਸ ਦੋਸ਼ ਲਈ ਆਪ ਨੂੰ ਪੰਥ ਨੇ ਵੱਖ ਕਰ ਦਿੱਤਾ ਸੀ ਇਸ ਗੱਲ ਬਾਰੇ ਅਸਾਂ ਬੜੀ ਖੋਜ ਕੀਤੀ ਹੈ ਪਰ ਸਾਨੂੰ ਕੋਈ ਪ੍ਰਮਾਣੀਕ ਸਬੂਤ ਇਸ ਦੀ ਤਾਈਦ ਵਿਚ ਨਹੀਂ ਮਿਲਿਆ। ਜਦ ਅਸੀਂ ਆਪ ਦੇ ਜੀਵਨ ਕਰਤੱਵ ਪਰ ਨਜ਼ਰ ਮਾਰਦੇ ਹਾਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਜਿਹੜਾ ਬਿਗਾਨੀਆਂ ਧੀਆਂ ਲਈ ਆਪਣੇ ਮਨ ਵਿਚ ਐਨਾ ਸਤਿਕਾਰ ਤੇ ਦਰਦ ਰਖਦਾ ਹੈ ਅਤੇ ਆਪਣੇ ਆਪ ਨੂੰ ਵੱਡੇ ਖ਼ਤਰੇ ਵਿਚ ਪਾ ਕੇ ਵੀ ਉਨ੍ਹਾਂ ਦੀ ਰਖਿਆ ਕਰਦਾ ਹੈ ਉਹ ਆਪਣੀ ਜਾਈ ਧੀ ਦਾ ਗਲਾ ਕਿਸ ਤਰ੍ਹਾਂ ਘੁਟ ਸਕਦਾ ਹੈ।
   ਸਿਨ੍ਹਾ. ਰਾਈਜ਼ ਔਫ ਦੀ ਸਿਖ ਪਾਵਰ ੧੪੭।



Sri Satguru Jagjit Singh Ji eLibrary NamdhariElibrary@gmail.com

## ਦਿੱਲੀ ਪਰ ਸਫ਼ਲ ਧਾਵਾ

ਦਿੱਲੀ ਦੇ ਵਸਨੀਕਾਂ ਪਰ ਖਾਲਸੇ ਦਾ ਐਸਾ ਦਬਦਬਾ ਛਾਇਆ ਕਿ ਉਹ ਇਸ ਘਬਰਾਹਟ ਵਿਚ ਭੱਜ ਭੱਜ ਕੇ ਕਿਲ੍ਹੇ ਵਿਚ ਜਾ ਵੜੇ[1]।

ਇਥੇ ਦਿਲ ਖੋਹਲਕੇ ਮੁਗ਼ਲਾਂ ਦਾ ਮਹੱਲਾ ਸੋਧਿਆ ਗਿਆ ਜਿਸ ਵਿਚ ਅਨੇਕਾਂ ਦੇ ਪੀੜ੍ਹੀਆਂ ਦੇ ਧੋਣ ਧੋਤੇ ਗਏ। ਸੈਂਕੜੇ ਗਾਜ਼ੀ ਘੋੜੇ, ਬੇਗਿਣਤ ਹਥਿਆਰ, ਅਤੁੱਲ ਸੋਨਾ ਚਾਂਦੀ ਸਮੇਟਦੇ ਹੋਏ ਬਿਨਾਂ ਕਿਸੇ ਲੰਮੇ ਖ਼ੂਨ ਖਰਾਬੇ ਦੇ ਆਪਣੇ ਮਿਥੇ ਹੋਏ ਫ਼ੈਸਲੇ ਅਨੁਸਾਰ ਮੁੜ ਮੇਰਠ ਆ ਗਏ।

ਖਾਲਸੇ ਦੀ ਇਸ ਫ਼ਤਹ ਦੀ ਸਦਾ ਕਾਇਮ ਰਹਿਣ ਵਾਲੀ ਯਾਦਗਾਰ ਇਹ ਸੀ ਕਿ ਆਪ ਨੇ ਦਿਲੀ ਦੇ ਕਿਲ੍ਹੇ ਵਿਚ ਚਾਰ ਵੱਡੀਆਂ ਤੋਪਾਂ ਖਿਚਵਾ ਕੇ ਆਪਣੇ ਨਾਲ ਲੈ ਆਂਦੀਆਂ[2]।

ਨਜਫ਼ਖਾਨ ਹਾਕਮ ਮੇਰਠ ਨੇ ਅਗੇ ੧੦੦੦੦ ਰੁਪਿਆ ਸਾਲਾਨਾ ਖਾਲਸੇ ਨੂੰ ਨਜ਼ਰਾਨਾ ਦੇਣਾ ਲਿਖ ਦਿਤਾ ਤੇ ਇਸ ਮਸਾਂ ਕਿਤੇ ਆਪਣੀ ਖਲਾਸੀ ਕਰਵਾਈ। ਮੁਕਦੀ ਗੱਲ ਇਹ ਹੈ ਕਿ ਸ: ਜੱਸਾ ਸਿੰਘ ਐਸਾ ਪ੍ਰਤਾਪੀ ਜੋਧਾ ਸੀ ਕਿ ਆਪ ਜਿਧਰ ਘੋੜੇ ਦੀਆਂ ਵਾਗਾਂ ਉਠਾਂਦੇ ਸਨ, ਸਫਲਤਾ ਆਪ ਦੇ ਚਰਨ ਚੁੰਮਦੀ ਹੁੰਦੀ ਸੀ। ਇਸ ਤਰ੍ਹਾਂ ਆਪ ਆਪਣੇ ਸਫ਼ਲ ਜੀਵਨ ਦੇ ੮੦ ਸਾਲ ਬਿਤਾ ਕੇ ਵੈਸਾਖ ਸੰਮਤ ੧੮੬੦ ਬਿ: ਮੁਤਾਬਕ ਅਪ੍ਰੈਲ ਸੰਨ ੧੮੦੩ ਵਿਚ ਸੰਸਾਰ ਯਾਤਰਾ ਸੰਪੂਰਨ ਕਰ ਗਏ। ਇਥੇ ਥਾਂ ਦੀ ਕਮੀ ਦੇ ਕਾਰਨ ਅਸੀਂ ਆਪ ਦੇ ਇਸ ਤਰ੍ਹਾਂ ਦੇ ਅਨੇਕ ਕਾਰਨਾਮੇ, ਬੇਵਸ ਛੱਡਦੇ ਹਾਂ।

## ਸਰਦਾਰ ਜੱਸਾ ਸਿੰਘ ਦੀ ਸੰਤਾਨ

ਆਪ ਦੇ ਦੋਵੇਂ ਪੁਤ੍ਰ, ਸਰਦਾਰ ਜੋਧ ਸਿੰਘ ਤੇ ਸਰਦਾਰ ਵੀਰ ਸਿੰਘ ਬਹੁਤੇ ਗੁਣਾਂ ਵਿਚ, ਆਪਣੇ ਮਾਨਯੋਗ ਸੂਰਮੇ ਪਿਤਾ ਜਿਹੇ ਸਨ।

## ਸਰਦਾਰ ਜੋਧ ਸਿੰਘ ਤੇ ਸ਼ੇਰਿ-ਪੰਜਾਬ

ਮਹਾਰਾਜਾ ਰਣਜੀਤ ਸਿੰਘ ਬਾਰੇ ਦੇਸੀ ਤੇ ਬਿਦੇਸ਼ੀ ਵਿਦਵਾਨ ਇਸ ਨੁਕਤੇ ਪੁਰ ਸਹਿਮਤ ਹਨ ਕਿ ਉਨ੍ਹਾਂ ਜਿਹਾ ਜਨ-ਪਾਰਖੂ ਸ਼ਕਤੀ ਦਾ ਮਾਲਕ; ਕੋਈ ਟਾਂਵਾਂ ਹੀ ਸੰਸਾਰ ਪਰ ਮਿਲੇਗਾ।

ਸਰਕਾਰ ਨੇ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਦੇ ਵਰਿਆਮਤਾ ਦੇ ਕਾਰਨਾਮਿਆਂ ਬਾਰੇ ਬਹੁਤ ਕੁਝ ਸੁਣਿਆ ਸੀ। ਸੰਨ ੧੮੦੩ ਵਿਚ ਜਦ ਕਿ ਖਾਲਸਾ ਰਾਜ ਦੀ ਇਹ ਮਹਾਨ ਇਮਾਰਤ ਅਜੇ ਨੀਂਹਾਂ ਵਿਚੋਂ ਨਿਕਲੀ ਹੀ ਸੀ ਇਸ ਨੂੰ ਮਜ਼ਬੂਤ ਬਣਾਇਆ ਅਤੇ ਸੁਰਖਿਯਤ ਬਣਾਉਣ ਲਈ ਸਰਦਾਰ ਜੋਧ ਸਿੰਘ ਵਰਗੇ ਕਈ ਜੋਧਿਆਂ ਦੀ ਸਹਾਇਤਾ ਤੇ ਕੁਰਬਾਨੀਆਂ ਦੀ ਲੋੜ ਸੀ, ਜੋ ਸ਼ੇਰਿ-ਪੰਜਾਬ ਨੇ ਇਸ ਬਾਰੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੂੰ ਸਦਾ ਲਈ ਆਪਣੇ ਵਿਚਾਰ ਦਸੇ।

ਸ੍ਰੀ ਬਾਬਾ ਜੀ ਤਾਂ ਇਸ ਤਰ੍ਹਾਂ ਮਿਲਾਪ ਕਰਾਉਣ ਦੇ ਦਿਲੋਂ ਚਾਹਵਾਨ ਰਹਿੰਦੇ ਸਨ। ਬਾਬਾ ਜੀ ਆਪ ਉਸੇ ਵਕਤ ਗਏ ਅਤੇ ਸਰਦਾਰ ਜੋਧ ਸਿੰਘ ਨੂੰ ਆਪਣੇ ਨਾਲ ਮਹਾਰਾਜਾ ਸਾਹਿਬ ਪਾਸ

---

1. ਵਾਕਿਆਤੇ ਦਿਲੀ, ਕਰਾਨੀਕਲ ਮਾਰਚ ੮, ਸੰਨ ੧੭੮੨।
2. ਸਰ ਲੈਪਲ ਗ੍ਰਿਫਨ, ਰਈਸਾਨੇ ਪੰਜਾਬ ਸਫਾ ੧੭੮, ਸ਼ਮਸ਼ੇਰ ਖ਼ਾਲਸਾ ਸਫ਼ਾ ੨੮੧।



Sri Satguru Jagjit Singh Ji eLibrary NamdhariElibrary@gmail.com

ਲੈ ਆਏ। ਅਗੋਂ ਮਹਾਰਾਜਾ ਸਾਹਿਬ ਐਨੇ ਪਿਆਰ ਨਾਲ ਮਿਲੇ ਕਿ ਬਹਾਦਰ ਸਰਦਾਰ ਜੋਧ ਸਿੰਘ ਦਾ ਮਨ ਸਰਕਾਰ ਨੇ ਸਦਾ ਲਈ ਆਪਣੀ ਮੁੱਠ ਵਿਚ ਕਰ ਲਿਆ।

ਇਸ ਦੇ ਉਪਰੰਤ ਅਸੀਂ ਦੇਖਦੇ ਹਾਂ ਕਿ ਰਾਮਗੜ੍ਹੀਏ ਸਰਦਾਰ ਦੀ ਉਹ ਤਲਵਾਰ ਜਿਹੜੀ ਆਪਣੇ ਜ਼ਾਤੀ ਲਾਭ ਲਈ ਚਲਦੀ ਸੀ, ਅਗੇ ਨੂੰ ਸਾਂਝੇ ਖਾਲਸਾ ਰਾਜ ਦੀ ਉਸਾਰੀ ਤੇ ਬ੍ਰਿਧੀ ਲਈ ਚਲਣ ਲਗ ਪਈ।

## ਬੀਰਤਾ ਦਸਣ ਦਾ ਪਹਿਲਾ ਮੌਕਾ

ਸਰਦਾਰ ਜੋਧ ਸਿੰਘ ਨੇ ਮਹਾਰਾਜਾ ਸਾਹਿਬ ਨੂੰ ਆਪਣੀ ਬੀਰਤਾ ਦੇ ਜੌਹਰ ਪਹਿਲੀ ਵਾਰ ਸੰਨ ੧੮੦੭ ਵਿਚ ਕਸੂਰ ਦੀ ਵੱਡੀ ਲੜਾਈ ਸਮੇਂ ਦਸੇ ਜੇਹੜੀ ਬਹਾਦਰ ਕਸੂਰੀਏ ਪਠਾਣਾਂ ਕੁਤਬਦੀਨ ਖਾਨ ਆਦਿ ਨਾਲ ਲੜੀ ਗਈ ਸੀ। ਇਸ ਸੰਗਰਾਮ ਵਿਚ ਆਪ ਆਪਣੇ ੨੦੦੦ ਚੋਣਵੇਂ ਜਵਾਨਾਂ ਨਾਲ ਸ਼ਾਮਲ ਹੋਏ ਇਸ ਸਮੇਂ ਆਪ ਨੇ ਉਹ ਤੇਗ਼ ਵਾਹੀ ਕਿ ਸ਼ੇਰਿ-ਪੰਜਾਬ ਦੇਖ ਕੇ ਵਾਹ! ਵਾਹ!! ਕਰ ਉਠੇ। ਆਪ ਦੀ ਨਿਰਭੈਤਾ ਅਤੇ ਸੂਰਮਤਾ ਪਰ ਮਹਾਰਾਜਾ ਸਾਹਿਬ ਐਨੇ ਪ੍ਰਸੰਨ ਹੋਏ ਕਿ ਆਪ ਨੂੰ ਸਤਿਕਾਰ ਵਜੋਂ ੨੫੦੦੦ ਰੁਪਏ ਦੀ ਆਮਦਨੀ ਦੀ ਜਾਗੀਰ ਇਲਾਕਾ ਘੁਮਣ ਵਿਚ ਦਿਤੀ।

ਸਰਦਾਰ ਜੋਧ ਸਿੰਘ ਜਿਥੇ ਮੈਦਾਨਿ-ਜੰਗ ਦਾ ਨਿਡਰ ਜੋਧਾ ਸੀ ਉਥੇ ਮਨ ਦਾ ਵੀ ਬੜਾ ਸਾਫ ਚਿਤ ਪ੍ਰਸਿੱਧ ਸੀ ਜਿਸ ਦਾ ਸਬੂਤ ਇਹ ਹੈ ਕਿ ਆਪ ਨੇ ਡਿੱਠਾ ਕਿ ਸ਼ੇਰਿ-ਪੰਜਾਬ ਆਪ ਨਾਲ ਮਨੋਂ ਚਿਤੋਂ ਪਿਆਰ ਕਰਦੇ ਹਨ ਤਾਂ ਆਪ ਸਰਕਾਰ ਨਾਲ ਐਸੇ ਘੁਲ ਮਿਲ ਗਏ ਕਿ ਇਕ ਦੂਜੇ ਦੇ ਡਿਠੇ ਬਿਨਾਂ ਰਹਿ ਨਾ ਸਨ ਸਕਦੇ।

## ਸੰਨ ੧੮੦੩ ਤੋਂ ੧੮੧੬ ਤਕ ਸਾਰੇ ਸੰਗ੍ਰਾਮਾਂ ਵਿਚ ਸ਼ਾਮਲ ਰਹੇ

ਖਾਲਸਾ ਦਰਬਾਰ ਦੇ ਰੀਕਾਰਡ ਖੋਜਿਆਂ ਤੋਂ ਪਤਾ ਲਗਦਾ ਹੈ ਕਿ ਖਾਲਸਾ ਰਾਜ ਦੇ ਵਾਧੇ ਲਈ ਸੰਨ ੧੮੦੩ ਤੋਂ ੧੮੧੬ ਈ: ਤਕ ਜਿੰਨੇ ਸੰਗ੍ਰਾਮ ਲੜੇ ਗਏ ਇਨ੍ਹਾਂ ਸਾਰਿਆਂ ਵਿਚ ਸਰਦਾਰ ਜੋਧ ਸਿੰਘ ਨੇ ਵਧ ਚੜ੍ਹ ਕੇ ਹਿਸਾ ਲਿਆ।

## ਚਲਾਣਾ

ਆਪ ਸੰਨ ੧੮੧੬ ਵਿਚ ਕੁਝ ਦਿਨ ਬੀਮਾਰ ਰਹਿ ਕੇ ਇਸ ਸੰਸਾਰ ਤੋਂ ਕੂਚ ਕਰ ਗਏ। ਆਪ ਦੇ ਚਲਾਣੇ ਦਾ ਸ਼ੇਰਿ-ਪੰਜਾਬ ਦੇ ਮਨ ਪਰ ਬੜਾ ਡੂੰਘਾ ਪ੍ਰਭਾਵ ਪਿਆ।



Sri Satguru Jagjit Singh Ji eLibrary NamdhariElibrary@gmail.com

# ਮੰਗਲ ਸਿੰਘ ਰਾਮਗੜ੍ਹੀਆ

## ਸ: ਮੰਗਲ ਸਿੰਘ ਤੇ ਸ਼ੇਰਿ ਪੰਜਾਬ

ਜਿਹਾ ਕਿ ਅਸੀਂ ਉਪਰ ਲਿਖ ਆਏ ਹਾਂ ਮਹਾਰਾਜਾ ਸਾਹਿਬ ਸਰਦਾਰ ਜੋਧ ਸਿੰਘ ਦੇ ਵਿਛੋੜੇ ਨੂੰ ਉਸ ਸਮੇਂ ਤਕ ਬੜਾ ਅਨੁਭਵ ਕਰਦੇ ਰਹੇ, ਜਦ ਤੱਕ ਕਿ ਆਪ ਦੇ ਚਚੇਰੇ ਭਾਈ, ਸਰਦਾਰ ਮੰਗਲ ਸਿੰਘ ਨੇ ਉਹਦੀ ਖਾਲੀ ਥਾਂ ਪੁਰ ਨਾ ਕਰ ਦਿੱਤੀ।

ਸਰਦਾਰ ਮੰਗਲ ਸਿੰਘ ਬੜਾ ਧੜੱਲੇਦਾਰ ਸੂਰਮਾ ਸੀ। ਆਪ ਦੇ ਬਹਾਦਰ ਪਿਤਾ ਸਰਦਾਰ ਦੀਵਾਨ ਸਿੰਘ ਨੇ ਖਾਲਸਾ ਰਾਜ ਦੀ ਉਸਾਰੀ ਲਈ ਆਪਣੇ ਸਤ ਸੌ ਸਵਾਰਾਂ ਨਾਲ ਕਸ਼ਮੀਰ ਦੀ ਫਤਹ ਸੰਨ੧੮੧੯ ਵਿਚ ਬੜਾ ਚੜ੍ਹਕੇ ਹਿੱਸਾ ਲਿਆ ਸੀ। ਜਦ ਕਸ਼ਮੀਰ ਫਤਹ ਹੋ ਗਿਆ ਤਾਂ ਆਪ ਨੂੰ ਬਾਰਾਂ ਮੂਲੇ (ਕਸ਼ਮੀਰ) ਦੇ ਵੱਡੇ ਤੇ ਕਰੜੇ ਪਰਗਨੇ ਦੀ ਨਿਜ਼ਾਮਤ ਦਿੱਤੀ ਗਈ।

ਆਪ ਨੇ ਇਥੇ ਦੇ ਆਪ-ਹੁਦਰੇ ਲੋਕਾਂ ਨੂੰ ਖਾਸ ਕਰ 'ਲੱਖੇ' ਤੇ 'ਬੱਬਿਆਂ' ਨੂੰ ਬੜੀ ਬੀਰਤਾ ਨਾਲ ਆਪਣੀ ਤਾਇਤ ਵਿਚ ਰਖਿਆ ਅਤੇ ਇਨ੍ਹਾਂ ਤੋਂ ਮਾਲਿਆ ਆਦਿ ਠੀਕ ਸਮੇਂ ਸਿਰ ਵਸੂਲ ਕਰਦੇ ਰਹੇ। ਛੇਕੜ ੧੫ ਸਾਲ ਲਗਾਤਾਰ ਕਸ਼ਮੀਰ ਵਿਚ ਖਾਲਸਾ ਰਾਜ ਦੀ ਬ੍ਰਿਧੀ ਲਈ ਘਾਲਾਂ ਘਾਲਦੇ ਹੋਏ, ਜਨਵਰੀ ੧੮੩੪ ਵਿਚ ਬਾਰਾਂਮੂਲੇ ਹੀ ਆਪਣੇ ਆਪ ਨੂੰ ਭੇਟਾ ਕਰ ਦਿਤਾ।

### ਸਰਹੱਦ ਵਿਚ ਬਹੁਮੁੱਲੀ ਵਾਸੇ

ਸ਼ੇਰਿ ਪੰਜਾਬ ਨੇ ਸਰਦਾਰ ਦੀਵਾਨ ਸਿੰਘ ਦੀਆਂ ਘਾਲਾਂ ਤੋਂ ਪ੍ਰਸੰਨ ਹੋ ਕੇ ਆਪ ਦੇ ਸਪੁੱਤ੍ਰ ਸਰਦਾਰ ਮੰਗਲ ਸਿੰਘ ਨੂੰ ਫ਼ੌਜ ਵਿਚ ਬਹੁਤ ਵੱਡੀ ਜ਼ਿਮੇਂਵਾਰੀ ਦਾ ਅਹੁਦਾ ਦੇ ਦਿਤਾ। ਸੰਨ ੧੮੩੪ ਵਿਚ ਜਦ ਮਹਾਰਾਜਾ ਸਾਹਿਬ ਨੇ ਬਾਰਕਜ਼ਈਆਂ ਤੋਂ ਪਿਸ਼ਾਵਰ ਫਤਹ ਕਰਕੇ ਖਾਲਸਾ ਰਾਜ ਨਾਲ ਪੂਰੀ ਤਰ੍ਹਾਂ ਹਿੱਸਾ ਲੈਣ ਦਾ ਫ਼ੈਸਲਾ ਕੀਤਾ ਤਾਂ ਪਹਿਲੇ ਧਾਵੇ ਲਈ ਜਿਹੜੀਆਂ ਚੋਣਵੀਆਂ ਫ਼ੌਜਾਂ ਨੀਯਤ ਕੀਤੀਆਂ ਸਨ, ਸਰਦਾਰ ਮੰਗਲ ਸਿੰਘ ਇਨ੍ਹਾਂ ਵਿਚ ਆਪਣੇ ੬੦੦ ਸਵਾਰਾਂ ਨਾਲ ਸ਼ਾਮਲ ਸਨ।

ਇਸ ਲੜਾਈ ਵਿਚ ਆਪਣੀ ਜਾਨ ਤੋਂ ਹੱਥ ਧੋਕੇ ਮੈਦਾਨਿ ਜੰਗ ਵਿਚ ਆਪਣੀ ਨਿਡਰਤਾ ਦਾ ਐਸਾ ਸਬੂਤ ਦਿਤਾ ਕਿ ਦੇਖਣ ਵਾਲੇ ਵਾਹ! ਵਾਹ!! ਕਰ ਉਠੇ। ਖਾਸ ਕਰ ੬ ਮਈ ਦੀ ਸਵੇਰ ਨੂੰ ਚਮਕਨੀ ਦੀ ਰਣਭੂਮੀ ਵਿਚ ਇਸ ਨੇ ਆਪਣੀ ਭਗੌਤੀ ਨਾਲ ਕਈਆਂ ਦੇ ਆਹੂ ਲਾਹੇ, ਅਤੇ ਵੱਡਾ ਨਾਮਣਾ ਪਾਇਆ।

ਸ਼ਾਹਜ਼ਾਦਾ ਨੌਨਿਹਾਲ ਸਿੰਘ ਨੇ ਸਰਦਾਰ ਮੰਗਲ ਸਿੰਘ ਦੀ ਨਿਰਭੈਤਾ ਤੇ ਸੂਰਮਤਾ ਦਾ ਹਾਲ ਜਦ ਸ਼ੇਰਿ ਪੰਜਾਬ ਨੂੰ ਦਸਿਆ ਤਾਂ ਆਪ ਜੀ ਬੜੇ ਪ੍ਰਸੰਨ ਹੋਏ ਅਤੇ ਆਪ ਨੂੰ ਧਰਮ ਕੋਟ



Sri Satguru Jagjit Singh Ji eLibrary NamdhariElibrary@gmail.com

ਕਾਲੋਂਵਾਲ ਅਤੇ ਖਜੀਲਾਂ ਆਦਿ ਪਿੰਡ, ਜਿਨ੍ਹਾਂ ਦੀ ਆਮਦਨੀ ਦੱਸ ਹਜ਼ਾਰ ਰੁਪਿਆ ਸੀ, ਜਗੀਰ ਦਿਤੀ।

## ਸ: ਮੰਗਲ ਸਿੰਘ ਦਾ ਕਿਲ੍ਹਾ 'ਬਾੜਾ' ਉਸਾਰਨਾ

ਪਿਸ਼ਾਵਰ ਦੇ ਫਤਹ ਹੋ ਜਾਣ ਨਾਲ ਸਰਦਾਰ ਮੰਗਲ ਸਿੰਘ ਦੀਆਂ ਕਰਨੀਆਂ ਖਾਲਸਾ ਰਾਜ ਦੀ ਉਸਾਰੀ ਤੇ ਪਕਿਆਈ ਲਈ ਇਥੇ ਮੁਕ ਨਹੀਂ ਸੀ ਗਈਆਂ ਸਗੋਂ ਫਤਹ ਦੇ ਨਾਲ ਆਪ ਦੇ ਸਿਰ ਕਠਨ ਤੋਂ ਕਠਨ ਜ਼ਿਮੇਵਾਰੀਆਂ ਆ ਪਈਆਂ।

ਪਿਸ਼ਾਵਰ ਪਰ ਅਧਿਕਾਰ ਹੋ ਜਾਣ ਦੇ ਬਾਅਦ ਸਭ ਤੋਂ ਬਿਖੜਾ ਤੇ ਡਰਾਵਣਾ ਕੰਮ ਆਪ ਦੇ ਜ਼ਿਮੇਂ ਸਰਦਾਰ ਹਰੀ ਸਿੰਘ ਨਲੂਏ ਇਹ ਪਾਇਆ ਕਿ ਸਰਹੱਦ ਦੀ ਰਖਿਆ ਲਈ, ਗ਼ੈਰ ਇਲਾਕੇ ਦੀਆਂ ਹੱਦਾਂ ਪਰ, ਜਿਥੇ ਲੋੜ ਸਮਝੀ ਜਾਏ ਉਥੇ ਉਥੇ ਕਿਲ੍ਹੇ ਉਸਾਰੇ ਜਾਣ ਤਾਕਿ ਅਗੇ ਨੂੰ ਕਬਾਇਲੀ ਲੋਕਾਂ ਨੂੰ ਆਪਣੇ ਕਾਬੂ ਵਿਚ ਰਖਿਆ ਜਾ ਸਕੇ।

ਇਨ੍ਹਾਂ ਵਿਚੋਂ ਇਕ ਅਤਿ ਕਠਨ ਕਾਰਜ 'ਬਾੜੇ ਦਾ ਕਿਲ੍ਹਾ' ਵਸਾਨਾ ਸੀ। ਇਥੋਂ ਇਕ ਰਾਹ ਤੀਰਾਈ ਤੇ ਸ਼ੀਨਨੁ ਵਾਰੀ ਅਫਰੀਦੀਆਂ ਦੀਆਂ ਘਾਟੀਆਂ ਵਿਚੋਂ ਨਿਕਲ ਕੇ ਪਿਸ਼ਾਵਰ ਵਲ ਆਉਂਦਾ ਸੀ। ਇਸ ਨੂੰ ਆਪਣੇ ਕਾਬੂ ਵਿਚ ਰਖਣ ਲਈ ਬਾੜਾ ਨਦੀ ਦੇ ਕੰਢੇ ਪਰ ਇਕ ਬੜੇ ਮਜ਼ਬੂਤ ਕਿਲ੍ਹੇ ਦੇ ਵਸਾਣ ਦਾ ਕੰਮ ਸਰਦਾਰ ਮੰਗਲ ਸਿੰਘ ਨੂੰ ਸੌਂਪਿਆ ਗਿਆ[1]।

ਇਸ ਅਤਿ ਖ਼ਤਰੇ ਵਾਲੇ ਕੰਮ ਨੂੰ ਇਸ ਬਹਾਦਰੀ ਤੇ ਸਿਆਣਪ ਨਾਲ ਸਰਦਾਰ ਮੰਗਲ ਸਿੰਘ ਨੇ ਸਿਰੇ ਚਾੜ੍ਹਿਆ ਇਸ ਦੀ ਮਹਾਨਤਾ ਨੂੰ ਕੇਵਲ ਉਹ ਚੰਗੀ ਤਰ੍ਹਾਂ ਜਾਣ ਸਕਦੇ ਹਨ ਜਿਹੜੇ ਆਜ਼ਾਦ ਅਫਰੀਦੀਆਂ ਤੇ ਪਠਾਣਾਂ ਦੇ ਜੋਸ਼ੀਲੇ ਸੁਭਾਓ ਦੇ ਜਾਣੂ ਹੋਣ। ਇਹ ਲੋਕ ਆਪਣੇ ਇਲਾਕੇ ਵਿਚ ਕਿਸੇ ਗ਼ੈਰ ਨੂੰ ਕਿਲ੍ਹਾ ਬਣਾਣ ਦੇਣ ਨਾਲੋਂ ਆਜ਼ਾਦੀ ਦੀ ਖਾਤਰ ਮਰ ਜਾਣਾ ਜਾਂ ਮਾਰ ਦੇਣਾ ਇਕ ਸਾਧਾਰਨ ਕੰਮ ਸਮਝਦੇ ਹਨ।

ਇਹ ਕਿਲ੍ਹਾ ਬਾੜਾ ਨਦੀ ਦੇ ਕਿਨਾਰੇ ਪਰ ਵਸਾਣ ਦੇ ਕਾਰਨ ਇਸ ਦਾ ਨਾਮ ਸਰਦਾਰ ਮੰਗਲ ਸਿੰਘ ਨੇ 'ਕਿਲ੍ਹਾ ਬਾੜਾ' ਰਖਿਆ।

## ਇਸ ਕਿਲ੍ਹੇ ਦੀ ਕਿਲ੍ਹਾਦਾਰੀ ਮਿਲਣੀ

ਇਸ ਕਿਲ੍ਹੇ ਨੂੰ ਦੇਖਦਿਆਂ ਤੇ ਕਿਲ੍ਹੇ ਦੀ ਵਸਾਣ ਦੀ ਲੋੜੀਂਦੀ ਥਾਂ ਦੀ ਚੋਣ ਨੂੰ ਸੋਚਿਆ ਸਰਦਾਰ ਮੰਗਲ ਸਿੰਘ ਦੇ ਫ਼ੌਜੀ ਹੁਨਰ ਤੇ ਸਿਆਣਪ ਦਾ ਸਿਕਾ ਅਜ ਵੀ ਮਨਾਂ ਪਰ ਉਕਰ ਪੈਂਦਾ ਹੈ[2]।

ਇਸ ਕਿਲ੍ਹੇ ਦੀ ਉਸਾਰੀ ਦੇ ਉਪਰੰਤ ਇਸ ਕਿਲ੍ਹੇ ਦੀ ਕਿਲ੍ਹਾਦਾਰੀ ਅਤੇ ਇਸ ਇਲਾਕੇ ਦੀ ਰਖਵਾਲੀ ਦਾ ਕੰਮ ਵੀ ਆਪ ਦੇ ਹੱਥ ਸੌਂਪਿਆ ਜੋ ਬੜੀ ਕਠਨ ਜਿੰਮੇਵਾਰੀ ਸੀ[3]।

ਇਸ ਬੜੇ ਖਤਰੇ ਦੀ ਸੇਵਾ ਨੂੰ ਜਿਸ ਨਿਰਭੈਤਾ ਤੇ ਸੂਰਮਤਾ ਨਾਲ ਆਪ ਨੇ ਨਿਭਾਇਆ ਇਸ ਨੂੰ ਅੱਜ ਤਕ ਇਸ ਇਲਾਕੇ ਦੇ ਲੋਕ ਨਹੀਂ ਭੁਲੇ। ਬ੍ਰਿਧ ਅਫਰੀਦੀ ਹੁਣ ਤਕ ਬਹਾਦਰ ਸਰਦਾਰ ਮੰਗਲ ਸਿੰਘ ਦਾ ਨਾਮ ਸਤਿਕਾਰ ਨਾਲ ਲੈਂਦੇ ਹਨ।

---

1. ਕਰਨਲ ਹਿਸਟਗ ਤੇ ਗੋਪਾਲਦਾਸ ਰਚਿਤ ਤਵਾਰੀਖ ਪਿਸ਼ਾਰ ਸਫ਼ਾ ੫੩।
2. ਪਿਸ਼ਾਵਰ ਗਜ਼ਟੀਅਰ।
3. ਇਹ ਕਿਲ੍ਹਾ ਅਜ ਤਕ ਮੌਜੂਦ ਹੈ ਜਿਹੜਾ ਸਰਹੱਦ ਵਿਚ ਸ: ਮੰਗਲ ਸਿੰਘ ਦੀ ਸਦੀਵੀ ਯਾਦਗਾਰ ਹੈ।



Sri Satguru Jagjit Singh Ji eLibrary NamdhariElibrary@gmail.com

## ਜੰਗਿ ਖ਼ੈਬਰ

ਸੰਨ ੧੮੩੭ ਦਾ ਇਤਿਹਾਸਕ ਸੰਗ੍ਰਾਮ ਜੋ ਖੈਬਰ ਦੀ ਲੜਾਈ ਦੇ ਨਾਮ ਨਾਲ ਪ੍ਰਸਿਧ ਹੈ, ਇਸ ਵਿਚ ਖਾਲਸੇ ਦੇ ਫਤਹ ਯੋਗ ਸੂਰਮੇ ਸਰਦਾਰ ਹਰੀ ਸਿੰਘ ਨਲੂਏ ਨੇ ਆਪਣਾ ਆਪ ਵਾਰਿਆ ਸੀ। ਸਰਦਾਰ ਮੰਗਲ ਸਿੰਘ ਇਸ ਜੰਗ ਵਿਚ ਸਣੇ ਆਪਣੇ ਕਈ ਹਜ਼ਾਰ ਸਵਾਰਾਂ ਦੇ ਸ਼ਾਮਲ ਸਨ। ਖਾਸ ਕਰ ੩੦ ਅਪ੍ਰੈਲ ਦੀ ਗਹਿਗਚ ਲੜਾਈ ਵਿਚ ਅਫ਼ਗਾਨਾਂ ਨਾਲ ਹਥੋ ਹਥ ਲੜਾ ਕੇ ਆਪ ਨੇ ਖਾਲਸਾ ਫੌਜ ਦਾ ਨਾਂ ਉੱਚਾ ਕੀਤਾ ਸੀ।

ਇਸ ਸਮੇਂ ਕੇਵਲ ਆਪ ਨੇ ਆਪਣੀ ਫੌਜ ਨਾਲ ੬ ਤੋਪਾਂ ਵੈਰੀ ਤੋਂ ਨੇਜ਼ਿਆਂ ਦੀਆਂ ਨੋਕਾਂ ਦੇ ਬਲ ਨਾਲ ਖੋਹ ਕੇ ਆਪਣੇ ਕਬਜ਼ੇ ਵਿਚ ਕਰ ਲਈਆਂ ਸਨ।

ਇਸ ਰਣ ਤਤੇ ਵਿਚ ਆਪ ਦਾ ਘੋੜਾ ਆਪ ਦੀਆਂ ਗਨਾਂ ਵਿਚ ਗੋਲੀ ਖਾ ਕੇ ਉਥੇ ਹੀ ਮਰ ਗਿਆ ਸੀ, ਅਤੇ ਆਪ ਨੂੰ ਵੀ ਰਾਨ ਪਰ ਡੂੰਘਾ ਘਾਓ ਲੱਗਾ ਸੀ। ਆਪ ਜ਼ਖਮੀ ਹੋਣ ਪਰ ਵੀ ਉਸ ਸਮੇਂ ਤਕ ਆਪਣੇ ਨੇਜ਼ੇ ਨਾਲ ਸ਼ਤਰੂਆਂ ਦੀਆਂ ਛਾਤੀਆਂ ਵਿਨ੍ਹਦੇ ਰਹੇ ਸਨ ਜਦ ਤਕ ਕਿ ਵੈਰੀ ਮੈਦਾਨ ਖਾਲਸੇ ਲਈ ਖਾਲੀ ਛੱਡ ਕੇ ਦੱਰਾ ਖੈਬਰ ਵਿਚ ਨਾ ਸੀ ਜਾ ਵੜਿਆ।

ਆਪ ਦੀ ਇਸ ਸਮੇਂ ਦੀ ਨਿਡਰਤਾ ਤੇ ਬੀਰਤਾ ਐਸੀ ਮਹਾਨ ਸੀ ਜਿਸ ਨੇ ਆਪ ਦੇ ਮਾਨਯੋਗ ਦਾਦਾ ਜੀ, ਸਰਦਾਰ ਜੱਸਾ ਸਿੰਘ ਦੇ ਕਾਰਨਾਮੇ ਮੁੜ ਅੱਖਾਂ ਮੂਹਰੇ ਆ ਖੜੇ ਕੀਤੇ ਸਨ।

## ਸਰਹੱਦ ਤੋਂ ਪੰਜਾਬ ਵਿਚ

ਸੰਨ ੧੮੩੯ ਵਿਚ ਸਰਦਾਰ ਮੰਗਲ ਸਿੰਘ ਦੀ ਸੇਵਾ ਦੀ ਖਾਲਸਾ ਰਾਜ ਲਈ ਪੰਜਾਬ ਵਿਚ ਲੋੜ ਪ੍ਰਤੀਤ ਹੋਈ ਤਦ ਆਪ ਨੂੰ ਪਿਸ਼ਾਵਰ ਤੋਂ ਪੰਜਾਬ ਮੰਗਾ ਲਿਆ ਗਿਆ, ਅਤੇ ਸਤਲੁਜ ਤੇ ਬਿਆਸ ਦੇ ਵਿਚਾਲੇ ਦੇ ਪਹਾੜੀ ਇਲਾਕੇ ਦੇ ਪ੍ਰਬੰਧ ਲਈ ਆਪ ਨਾਜ਼ਮ ਨੀਯਤ ਕੀਤੇ ਗਏ।

ਪਿਸ਼ਾਵਰ ਦੀਆਂ ਕਠਨ ਘਾਲਾਂ ਬਦਲੇ ਆਪ ਦੀ ਜਗੀਰ ਵਿਚ ਹੋਰ ਵਾਧਾ ਕੀਤਾ ਗਿਆ।

## ਚਲਾਣਾ

ਇੰਞ ਆਪ ਆਪਣਾ ਸਾਰਾ ਜੀਵਨ ਖਾਲਸਾ ਰਾਜ ਦੀ ਉਸਾਰੀ ਲਈ ਵੱਡੀਆਂ ਘਾਲਾਂ ਘਾਲਦੇ ਹੋਏ ਆਪਣੇ ਪਿਛੇ ਵੱਡਾ ਖਿੜਿਆ ਫਲਿਆ ਪਰਵਾਰ ਛੱਡ ਕੇ ਸੰਨ ੧੮੭੯ ਵਿਚ ਚੜ੍ਹਾਈ ਕਰ ਗਏ[1]।

## ਸਤਿਕਾਰ ਭਰੀ ਬੇਨਤੀ

ਸਾਡੀ ਸਤਿਕਾਰ ਭਰੇ ਹਿਰਦੇ ਨਾਲ ਰਾਮਗੜ੍ਹੀਆ ਪਿਆਰਿਆਂ ਦੀ ਸੇਵਾ ਵਿਚ ਇਹ ਨਿਸ਼ਕਾਮ ਬਿਨੈ ਹੈ ਕਿ ਚੂੰਕਿ ਆਪ ਸਦਾ ਖਾਲਸਾ ਪੰਥ ਦਾ ਇਕ ਮਾਨਯੋਗ ਤੇ ਜੀਵਨ ਅੰਗ ਰਹੇ ਹੋ, ਆਪ ਨਾ ਕਦੇ ਪਹਿਲਾਂ ਪੰਥ ਤੋਂ ਵੱਖ ਰਹੇ ਹੋ ਅਤੇ ਨਾ ਹੀ ਹੁਣ ਹੋ ਸਕਦੇ ਹੋ। ਪੰਥ ਆਪ ਦਾ ਹੈ ਤੇ ਆਪ ਪੰਥ ਦੇ ਹੋ, ਦੋਹਾਂ ਦਾ ਸਮੁੱਚਾ ਭਲਾ ਇਸੇ ਵਿਚ ਹੈ ਕਿ ਆਪ ਦਾ ਆਪਣੇ ਬੀਰ ਬਜ਼ੁਰਗਾਂ ਵਾਂਗ 'ਪਹਿਲਾ ਨਿਸ਼ਾਨਾ ਪੰਥ' ਤੇ ਇਸ ਦੇ ਬਾਅਦ ਕੁਝ ਹੋਰ ਹੋਣ ਦੀ ਸੰਭਾਵਨਾ ਹੋਵੇ।

---

1. ਸਰਦਾਰ ਮੰਗਲ ਸਿੰਘ ਦੀ ਸਮਾਧ ਸ੍ਰੀ ਅੰਮ੍ਰਿਤਸਰ ਵਿਚ 'ਰਾਮਾਸਰ' ਦੇ ਲਾਗੇ ਮੌਜੂਦ ਹੈ।



Sri Satguru Jagjit Singh Ji eLibrary NamdhariElibrary@gmail.com

ਨਿਡਰ ਚਿਮਨਾ ਸਰਦਾਰ

# ਸ: ਹੁਕਮਾ ਸਿੰਘ ਚਿਮਨੀ

ਸਰਦਾਰ ਹੁਕਮਾ ਸਿੰਘ ੭ ਵਰ੍ਹੇ ਦਾ ਬਾਲ ਸੀ ਕਿ ਆਪ ਦਾ ਪਿਤਾ ਸਰਦਾਰ ਰਾਮ ਸਿੰਘ, ਸੁਕ੍ਰਚਕੀਏ ਸਰਦਾਰਾਂ ਲਈ ਭਲਾ-ਕੜਿਆਲਾਂ ਦੇ ਮੈਦਾਨਿ ਜੰਗ ਵਿਚ ਲੜਦਾ ਹੋਇਆ ਆਪਾ ਵਾਰ ਗਿਆ ਸੀ।

ਸਰਦਾਰਾ ਹੁਕਮ ਸਿੰਘ ਦੇ ਸੁੱਧ ਸੰਭਾਲਦਿਆਂ ਹੀ ਮਹਾਰਾਜਾ ਸਾਹਿਬ ਨੇ ਇਸ ਦੇ ਪਿਤਾ ਦੀ ਕੁਰਬਾਨੀ ਨੂੰ ਮੁਖ ਰਖਦੇ ਹੋਏ, ਇਸ ਨੂੰ ਖਾਲਸਾ ਫ਼ੌਜ ਵਿਚ ਲੈ ਲਿਆ।

## ਪਹਿਲੀ ਵਾਰ ਫੱਟੜ ਹੋਣਾ

ਸੰਨ ੧੮੦੭ ਦੀ ਕਸੂਰ ਦੀ ਫਤਹ ਖਾਲਸੇ ਲਈ ਕਈ ਐਸੀਆਂ ਜੀਵਤ ਯਾਦਗਾਰਾਂ ਛੱਡ ਗਈ, ਜੋ ਪੰਥ ਵਿਚ ਸਦਾ ਯਾਦ ਰਹਿਣਗੀਆਂ। ਇਸੇ ਰਣਭੂਮੀ ਵਿਚ ਖਾਲਸਾ ਕੌਮ ਦੇ ਕੁਝ ਹੋਣਹਾਰ ਨੌਜੁਆਨਾਂ ਨੂੰ ਮਹਾਰਾਜਾ ਸਾਹਿਬ ਦੇ ਸਾਹਮਣੇ ਅਪਣੇ ਜੰਗੀ ਜੌਹਰ ਦੱਸਣ ਦਾ ਸਮਾਂ ਮਿਲਿਆ। ਜਿਸ ਦਾ ਫਲ ਅਗੇ ਨੂੰ ਉਨ੍ਹਾਂ ਦੀ ਉਨਤੀ ਲਈ ਇਹ ਸੀੜ੍ਹੀ (ਪੌੜੀ) ਦਾ ਪਹਿਲਾ ਅੱਡਾ ਸਾਬਤ ਹੋਇਆ। ਇਨ੍ਹਾਂ ਵਿਚੋਂ ਕੁਝ ਲਿਖਤ ਗੋਚਰੇ ਨਾਮ ਇਹ ਹਨ : ਸਰਦਾਰ ਹਰੀ ਸਿੰਘ ਨਲੂਏ ਨੂੰ ਪਹਿਲਾਂ ਇਥੋਂ ਹੀ ਸਰਦਾਰੀ ਮਿਲੀ ਜੋ ਅੱਗੇ ਜਾ ਕੇ ਖਾਲਸਾ ਫੌਜ ਦਾ ਕਮਾਂਡਰ-ਇਨਚੀਫ਼ ਬਣਿਆ। ਬਾਬਾ ਫੂਲਾ ਸਿੰਘ ਦੇ ਜੀਵਨ ਦੇ ਕਾਰਨਾਮੇ ਵੀ ਇਥੋਂ ਹੀ ਆਰੰਭ ਹੋਏ ਅਤੇ ਆਪ ਨੇ ਆਪਣੀਆਂ ਕੁਰਬਾਨੀਆਂ ਤੇ ਨਿਰਭੈਤਾ ਨਾਲ ਖਾਲਸਾ ਫੌਜਾਂ ਵਿਚ ਮਹਾਨ ਉੱਚੇ ਆਗੂ ਦਾ ਮਰਾਤਬਾ ਪਾਇਆ। ਇਸੇ ਤਰ੍ਹਾਂ ਸਰਦਾਰ ਹੁਕਮਾ ਸਿੰਘ ਚਿਮਨੀ ਨੂੰ ਵੀ ਇਥੋਂ ਹੀ ਸਰਦਾਰੀ ਤੇ ਪਹਿਲੀ ਜਗੀਰ ਮਿਲੀ ਸੀ, ਜੋ ਅਗੇ ਜਾ ਕੇ ਬੜੇ ਕਾਮਯਾਬ ਜਰਨੈਲੀ ਦੇ ਅਹੁਦੇ ਪੁਰ ਪੁਜਾ ਅਤੇ ਆਪ ਦੀ ਜਗੀਰ ੩੪੫੦੦੦ ਰੁਪਿਆ ਸਾਲਾਨਾ ਆਮਦਨੀ ਤਕ ਪਹੁੰਚ ਗਈ। ਕਸੂਰ ਦੀ ਲੜਾਈ ਵਿਚ ਆਪ ਨੇ ਸ਼ੇਰਿ ਪੰਜਾਬ ਦੀਆਂ ਅੱਖਾਂ ਸਾਹਮਣੇ ਆਪਣੀ ਤੇਗ਼ ਦੇ ਉਹ ਕਮਾਲ ਦਸੇ ਸਨ ਜਿਨ੍ਹਾਂ ਨੂੰ ਦੇਖ ਕੇ ਮਹਾਰਾਜਾ ਦੇ ਮਨ ਵਿਚ ਆਪ ਨੇ ਸਤਿਕਾਰ ਦੀ ਉਹ ਥਾਂ ਪ੍ਰਾਪਤ ਕਰ ਲਈ ਜਿਹੜੀ ਅਗੇ ਨੂੰ ਦਿਨੋਂ ਦਿਨ ਵਧਦੀ ਹੀ ਚਲੀ ਗਈ।

ਇਸ ਸਮੇਂ ਨਵਾਬ ਕੁਤਬੋਦੀਨ ਖਾਨ ਦੇ ਖ਼ਾਸ ਰਸਾਲੇ ਦੇ ਟਾਕਰੇ ਪਰ, ਜਿਸ ਦੀ ਅਗਵਾਈ ਨਵਾਬ ਆਪ ਕਰ ਰਿਹਾ ਸੀ, ਨੌਜਵਾਨ ਹੁਕਮਾਂ ਸਿੰਘ ਆਪਣੇ ਸਿਰ ਧੜ ਦੀ ਬਾਜ਼ੀ ਲਾ ਕੇ ਐਸਾ ਵੈਰੀਆਂ ਪਰ ਪਿਆ ਕਿ ਥੋੜੇ ਸਮੇਂ ਵਿਚ ਹੀ ਅਨੇਕਾਂ ਦਾ ਸਫ਼ਾਇਆ ਕਰ ਦਿੱਤਾ।

ਇਸੇ ਲਹੂ-ਡੋਲ੍ਹਵੀਂ ਲੜਾਈ ਵਿਚ ਆਪ ਨੂੰ ਐਸਾ ਭਿਆਨਕ ਫਟ ਲੱਗਾ ਜਿਸ ਦੇ ਕਾਰਨ ਆਪ ਦੇ ਬਚਣ ਦੀ ਬਹੁਤ ਘੱਟ ਆਸ ਰਹਿ ਗਈ ਸੀ ਪਰ ਸ਼ੇਰਿ ਪੰਜਾਬ ਦੇ ਖਾਸ ਧਿਆਨ ਦੇਣ ਦੇ ਕਾਰਨ ਆਪ ਦਾ ਫੱਟ ਮੋੜਾ ਖਾ ਗਿਆ।



Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਆਪ ਨੂੰ ਮੁੜ ਨਵਾਂ ਜੀਵਨ ਮਿਲਿਆ। ਕਦਰ ਦਾਨ ਮਹਾਰਾਜਾ ਸਾਹਿਬ ਨੇ ਆਪ ਨੂੰ ਇਸ ਕੁਰਬਾਨੀ ਬਦਲੇ ਰਾਮ ਨਗਰ ਦੀ ਕਾਰਦਾਰੀ ਤੇ ਵੱਡੀ ਜਾਗੀਰ ਬਖਸ਼ੀ।

## ਚਿਮਨੀ ਦਾ ਖ਼ਿਤਾਬ ਮਿਲਣਾ

ਸ਼ੇਰਿ ਪੰਜਾਬ ਸੰਨ ੧੮੦੮ ਦੇ ਅਰੰਭ ਵਿਚ ਪਠਾਨਕੋਟ, ਜਸਰੋਟਾ, ਚੰਬਾ ਅਤੇ ਬਸੌਲੀ ਆਦਿ ਪਹਾੜੀ ਇਲਾਕੇ ਤੋਂ ਬਾਜਗੁਜ਼ਾਰੀ ਉਗਰਾਹੁੰਦੇ ਹੋਏ ਜਦ ਪੱਧਰ ਇਲਾਕੇ ਵਿਚ ਪਹੁੰਚੇ ਤਾਂ ਬਟਾਲੇ ਦੇ ਲਾਗੇ ਇਕ ਬਹੁਤ ਬੜਾ ਸ਼ਾਹੀ ਦਰਬਾਰ ਕਰਨ ਦਾ ਹੁਕਮ ਦਿੱਤਾ। ਇਸ ਦਰਬਾਰ ਵਿਚ ਸਾਰੇ ਰਈਸਾਂ ਤੇ ਬਾਜਗੁਜ਼ਾਰਾਂ ਨੂੰ ਹਾਜ਼ਰ ਹੋਣ ਲਈ ਸਦੇ ਭੇਜੇ।

ਮਲੂਮ ਹੁੰਦਾ ਹੈ ਕਿ ਇਸ ਦਰਬਾਰ ਦੇ ਕਰਨ ਤੋਂ ਮਹਾਰਾਜਾ ਸਾਹਿਬ ਦਾ ਭਾਵ ਇਹ ਸੀ ਕਿ ਸਰਕਾਰ ਨੂੰ ਪਤਾ ਲਗ ਜਾਏ ਕਿ ਕੇਹੜੇ ਕੇਹੜੇ ਰਈਸ, ਸਰਕਾਰ ਦੇ ਵਫਾਦਾਰ ਹਨ ਅਤੇ ਕੇਹੜੇ ਕੇਹੜੇ ਆਕੀ। ਸੋ ਇਹ ਪੱਤ੍ਰ ਜਿਸ ਜਿਸ ਨੂੰ ਮਿਲੇ ਉਹ ਸਭ ਦਰਬਾਰ ਵਿਚ ਪਹੁੰਚ ਗਏ। ਪਰ ਜੋ ਨਾ ਸੀ ਆਏ ਉਹ ਸਨ ਸਿਆਲਕੋਟ ਅਤੇ ਗੁਜਰਾਤ ਦੇ ਹੁਕਮਰਾਨ, ਜਿਨ੍ਹਾਂ ਨਾ ਹੀ ਆਪਣੀ ਗ਼ੈਰ ਹਾਜ਼ਰੀ ਦਾ ਕੋਈ ਮੰਨਣ ਯੋਗ ਕਾਰਨ ਲਿਖਿਆ ਅਤੇ ਨਾ ਹੀ ਆਉਣ ਦੀ ਖੇਚਲ ਕੀਤੀ[1]।

ਇਨ੍ਹਾਂ ਦੇ ਇਸ ਰਵਈਏ ਤੋਂ ਸ਼ੇਰਿ ਪੰਜਾਬ ਨੂੰ ਸਾਫ ਯਕੀਨ ਹੋ ਗਿਆ ਕਿ ਇਹ ਦੋਵੇਂ ਰਈਸ ਖਾਲਸਈ ਝੰਡੇ ਹੇਠ ਆਉਣ ਤੋਂ ਇਨਕਾਰੀ ਹਨ।

ਮਹਾਰਾਜਾ ਸਾਹਿਬ ਨੇ ਇਥੋਂ ਹੀ ਸਿਆਲਕੋਟ ਵਲ ਕੂਚ ਕਰ ਦੇਣ ਦਾ ਹੁਕਮ ਦੇ ਦਿੱਤਾ। ਚੂੰਕਿ ਪਹਾੜੀ ਸੰਗ੍ਰਾਮ ਵਿਚ ਸਰਕਾਰ ਨੇ ਨੌਜਵਾਨ ਹੁਕਮ ਸਿੰਘ ਦੇ ਜੰਗੀ ਕਰਤਵ ਆਪਣੀ ਅੱਖੀਂ ਦੇਖੇ ਸਨ। ਇਸ ਲਈ ਇਸ ਮੁਹਿੰਮ ਸਮੇਂ ਆਪ ਨੂੰ ਫੌਜੇ-ਖਾਸ ਦੀ ਸ਼ਰਦਾਰੀ ਸੌਂਪ ਦਿੱਤੀ।

ਸਿਆਲਕੋਟ ਦੇ ਰਈਸ ਨੇ ਜਦ ਖਾਲਸਾ ਫੌਜ ਦਾ ਉਧਰ ਵਲ ਕੂਚ ਸੁਣਿਆ ਤਾਂ ਅਗੋਂ ਉਸ ਨੇ ਵੀ ਟਾਕਰੇ ਦੀ ਸਭ ਤਰ੍ਹਾਂ ਤਿਆਰੀ ਕਰ ਲਈ। ਮਹਾਰਾਜਾ ਸਾਹਿਬ ਨੇ ਆਪਣੇ ਪ੍ਰਸਿੱਧ ਨਿਯਮ ਅਨੁਸਾਰ ਸਿਆਲ ਕੋਟ ਦੇ ਲਾਗੇ ਪਹੁੰਚ ਕੇ ਹੀ ਉਸ ਵਲ ਆਪਣਾ ਵਕੀਲ ਭੇਜਿਆ ਤਾਂਕਿ ਜੇ ਕਦੇ ਉਹ ਆਪਣੀ ਗ਼ੈਰ ਹਾਜ਼ਰੀ ਦੀ ਭੁਲ ਬਖਸ਼ਾ ਲਏ ਤੇ ਬਾਕੀ ਰਹਿੰਦੀ ਬਾਜ ਗੁਜ਼ਾਰੀ ਤਾਰ ਦੇਵੇ ਤਾਂ ਮਾਮਲਾ ਅਜੇ ਵੀ ਠਪਿਆ ਜਾ ਸਕਦਾ ਹੈ।

ਮਾਲੂਮ ਹੁੰਦਾ ਹੈ ਕਿ ਸਰਦਾਰ ਜੀਵਨ ਸਿੰਘ ਨੂੰ ਸਿਆਲ ਕੋਟ ਦੇ ਪੱਕੇ ਕੋਟ ਅਤੇ ਆਪਣੀ ਫੌਜ ਤੇ ਆਪਣੇ ਡੌਲਿਆਂ ਪਰ ਪੂਰਾ ਮਾਣ ਸੀ। ਇਸ ਲਈ ਉਸ ਨੇ ਮਹਾਰਾਜੇ ਦੇ ਵਕੀਲ ਵੱਲ ਕੋਈ ਧਿਆਨ ਨਾ ਦਿੱਤਾ[2]।

## ਹੈਰਾਨ ਕਰ ਦੇਣ ਵਾਲੀ ਨਿਡਰਤਾ

ਜਦ ਹੁਣ ਮੇਲ ਮਿਲਾਪ ਦੀ ਕੋਈ ਆਸ ਬਾਕੀ ਨਾ ਰਹੀ ਤਾਂ ਅਗਲੇ ਦਿਲ ਪਹੁ ਫੁਟਾਲੇ ਤੋਂ ਪਹਿਲਾਂ ਹੀ ਸਿਆਲ ਕੋਟ ਦੇ ਪ੍ਰਸਿੱਧ ਕਿਲ੍ਹੇ ਪਰ ਧਾਵਾ ਬੋਲ ਦਿੱਤਾ ਗਿਆ, ਕਿਲ੍ਹੇ ਦੀ ਰਖਿਆ

---

1. ਇਹਨਾਂ ਦੋਵਾਂ ਰਈਸਾਂ ਨੂੰ ਇਹ ਇਲਾਕੇ ਸਰਕਾਰ ਵਲੋਂ ਬਾਜਗੁਜ਼ਾਰੀ ਨਿਯਮ ਅਨੁਸਾਰ ਸੌਂਪੇ ਹੋਏ ਸਨ।
2. ਘਨਈਆ ਲਾਲ ਤਾਰੀਖ ਪੰਜਾਬ ਸਫਾ ੧੯੪।



Sri Satguru Jagjit Singh Ji eLibrary NamdhariElibrary@gmail.com

ਲਈ ਕਿਲ੍ਹੇਦਾਰ ਨੇ ਚੌਹਵਾਂ ਬੁਰਜਾਂ ਪਰ ਤੋਪਾਂ ਚੜ੍ਹਾਈਆਂ ਹੋਈਆਂ ਸਨ। ਇਕ ਹਜ਼ਾਰ ਤੋਂ ਵਧ ਫੌਜ ਕਿਲ੍ਹੇ ਦੇ ਬਚਾਣ ਲਈ ਸਭ ਤਰ੍ਹਾਂ ਤਿਆਰ ਖੜੋਤੀ ਸੀ। ਚੜ੍ਹਾਈ ਦਾ ਹੁਕਮ ਮਿਲਦੇ ਹੀ ਖ਼ਾਲਸਾ ਫੌਜ ਅਗੇ ਵਧੀ। ਅਗੋਂ ਬਹਾਦਰ ਸਰਦਾਰ ਜੀਵਨ ਸਿੰਘ ਸਿਰ ਤਲੀ ਪਰ ਧਰ ਕੇ ਬੜੀ ਸੂਰਮਤਾ ਨਾਲ ਲੜਿਆ। ਸਤ ਦਿਨ ਲਗਾਤਾਰ ਮੈਦਾਨ ਗਰਮ ਰਿਹਾ। ਅੱਠਵੇਂ ਦਿਨ ਸਵੇਰ ਸਾਹ ਹੀ ਕਿਲ੍ਹੇ ਦੇ ਦਰਵਾਜ਼ੇ ਅੱਗੇ ਚਾਰ ਤੋਪਾਂ ਬੀੜੀਆਂ ਗਈਆਂ। ਇਹਦੇ ਨਾਲ ਹੀ ਮਹਾਰਾਜਾ ਨੇ ਫੌਜ ਨੂੰ ਹੁਕਮ ਦਿੱਤਾ ਕਿ ਲਹਿੰਦੇ ਦੀ ਬਾਹੀ ਨਾਲ ਬਹੁਤ ਸਾਰੀਆਂ ਪੌੜੀਆਂ ਲਾ ਕੇ ਅੰਦਰ ਜਾ ਵੜੋ। ਬਸ ਫਿਰ ਕੀ ਸੀ ਹੁਣ ਵਸਦੀ ਅੱਗ ਵਿਚ ਸਰਦਾਰ ਹੁਕਮਾ ਸਿੰਘ ਦੀ ਅਗਵਾਈ ਵਿਚ ਆਪ ਦੇ ਕਈ ਸਾਥੀ ਆਪ ਦੇ ਨਾਲ ਪੌੜੀਆਂ ਰਾਹੀਂ ਕਿਲ੍ਹੇ ਦੀ ਕੰਧ ਪਰ ਚੜ੍ਹ ਗਏ ਅਤੇ ਇਨ੍ਹਾਂ ਹੀ ਪੌੜੀਆਂ ਨੂੰ ਉਪਰ ਖਿਚ ਕਿਲ੍ਹੇ ਦੇ ਅੰਦਰ ਵਲ ਲਾ ਕੇ ਅੱਖ ਦੇ ਫੁਰਕਾਰੇ ਵਿਚ ਕਿਲ੍ਹੇ ਦੇ ਅੰਦਰ ਉਤਰ ਗਏ।

ਇਸ ਸਮੇਂ ਕਿਲ੍ਹੇ ਵਾਲਿਆਂ ਜਦ ਆਪਣੇ ਆਪ ਨੂੰ ਸਭ ਪਾਸਿਆਂ ਤੋਂ ਖਤਰੇ ਵਿਚ ਡਿੱਠਾ ਤਾਂ ਉਨ੍ਹਾਂ ਹਥਿਆਰ ਰੱਖ ਦਿਤੇ ਅਤੇ ਇਤਾਇਤ ਮੰਨ ਲਈ। ਕਿਲ੍ਹੇ ਪਰ ਖ਼ਾਲਸਾ ਫੌਜ ਨੇ ਕਬਜ਼ਾ ਕਰ ਲਿਆ।

ਕਿਲ੍ਹੇ ਪਰ ਪੌੜੀਆਂ ਰਾਹੀਂ ਚੜ੍ਹਨ ਵਿਚ ਸਰਦਾਰ ਹੁਕਮਾ ਸਿੰਘ ਸਭ ਤੋਂ ਅਗੇ ਅਤੇ ਅੰਦਰ ਉਤਰਨ ਵਿਚ ਭੀ ਸਭ ਤੋਂ ਮੋਹਰੀ ਸੀ।

## ਮੇਰਾ ਇਹ ਚਿਮਨੀ ਸਰਦਾਰ

ਸ਼ੇਰਿ ਪੰਜਾਬ ਆਪ ਇਹ ਸਭ ਕੁਝ ਦੇਖ ਰਹੇ ਸਨ। ਫਤਹ ਦੇ ਉਪਰੰਤ ਜਦ ਸਰਦਾਰ ਹੁਕਮਾ ਸਿੰਘ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਤਾਂ ਸਰਕਾਰ ਨੇ ਆਪ ਨੂੰ ਆਪਣੀ ਹਿੱਕ ਨਾਲ ਲਾ ਕੇ ਬੜੇ ਜੋਸ਼ ਨਾਲ ਆਖਿਆ : 'ਮੇਰਾ ਇਹ ਚਿਮਨਾ ਸਰਦਾਰ ਐਨਾ ਬਹਾਦਰ ਹੈ ਕਿ ਇਸ ਨੇ ਅੱਜ ਆਪਣੇ ਨਾਲੋਂ ਦੂਣੇ ਕੱਦ ਵਾਲਿਆਂ ਪਰ ਫਤਹ ਪਾਈ ਹੈ। ਪੰਜਾਬੀ ਵਿਚ ਚਿਮਨਾ ਛੋਟੇ ਕੱਦ ਵਾਲੇ ਨੂੰ ਆਖਦੇ ਹਨ। ਸਰਦਾਰ ਹੁਕਮਾ ਸਿੰਘ ਦਾ ਕੱਦ ਵੀ ਉਚਾ ਨਹੀਂ ਸੀ। ਸੋ ਸ਼ੇਰਿ ਪੰਜਾਬ ਦਾ ਇਹ ਕਦਰਦਾਨੀ ਦਾ ਸ਼ਬਦ ਸਰਦਾਰ ਹੁਕਮਾ ਸਿੰਘ ਨੇ ਆਪਣੇ ਨਾਮ ਨਾਲ ਮਾਣ ਵਜੋਂ ਜੋੜ ਲਿਆ। ਇਸ ਦੇ ਬਾਅਦ ਆਮ ਬੋਲ ਚਾਲ ਅਤੇ ਸਰਕਾਰੀ ਕਾਗਜ਼ਾਂ ਤੇ ਸੰਨਦਾਂ ਵਿਚ ਆਪ ਦਾ ਨਾਮ 'ਬਹਾਦਰ ਸਰਦਾਰ ਹੁਮਕਾ ਸਿੰਘ ਚਿਮਨੀ' ਲਿਖਿਆ ਜਾਂਦਾ ਸੀ ਅਤੇ ਅਜ ਤਕ ਇਸ ਮਾਨਯੋਗ ਬੀਰਾਂ ਦੇ ਘਰਾਣੇ ਨਾਲ ਸ਼ਬਦ 'ਚਿਮਨੀ' ਸੰਮਿਲਿਤ ਚਲਾ ਆਂਵਦਾ ਹੈ।

## ਸਰਦਾਰ ਹੁਕਮਾ ਸਿੰਘ ਤੇ ਕੌਰ ਖੜਗ ਸਿੰਘ ਦਾ ਵਿਆਹ

ਸੰਨ ੧੮੧੨ ਦੇ ਅਰੰਭ ਹੁੰਦਿਆਂ ਹੀ ਸ਼ਾਹਜ਼ਾਦਾ ਖੜਗ ਸਿੰਘ ਦੇ ਵਿਆਹ ਦੀਆਂ ਤਿਆਰੀਆਂ ਹੋਵਨ ਲੱਗੀਆਂ। ਸ਼ੇਰਿ-ਪੰਜਾਬ ਦੀ ਇਹ ਦਿਲੀ ਸੱਧਰ ਸੀ ਕਿ ਰਾਜ ਘਰਾਣੇ ਦੀ ਇਹ ਪਹਿਲੀ ਸ਼ਾਦੀ ਬਹੁਤ ਬੜੀ ਧੂਮ ਧਾਮ ਨਾਲ ਕੀਤੀ ਜਾਏ। ਇਸ ਮਹਾਨ ਕਾਰਜ ਦਾ ਸਾਰਾ ਪ੍ਰਬੰਧ ਮਹਾਰਾਜਾ ਸਾਹਿਬ ਨੇ ਸਰਦਾਰ ਹੁਕਮਾ ਸਿੰਘ ਚਿਮਨੀ ਦੇ ਹੱਥ ਸੌਂਪਿਆ।

ਇਸ ਵਿਆਹ ਪਰ ਮਹਾਰਾਜਾ ਪਟਿਆਲਾ, ਮਹਾਰਾਜਾ ਨਾਭਾ, ਜੀਂਦ, ਰਾਜਾ ਭਾਈ ਲਾਲ ਸਿੰਘ ਕੈਂਥਲ, ਅੰਗ੍ਰੇਜ਼ੀ ਗੌਰਮਿੰਟ ਵਲੋਂ ਸਰ ਡੇਵਡ ਅਕਟਰ ਲੋਨੀ ਆਦਿ ਆਏ ਸਨ।



Sri Satguru Jagjit Singh Ji eLibrary NamdhariElibrary@gmail.com

ਇਸੇ ਤਰ੍ਹਾਂ ਰਾਜਾ ਸੰਸਾਰ ਚੰਦ ਕਾਂਗੜਾ, ਰਾਜਾ ਚੰਬਾ, ਰਾਜਾ ਜਸਰੋਟਾ, ਰਾਜਾ ਬਸੌਲੀ ਰਾਜਾ ਹਰੀ ਪੁਰੀਆ, ਰਾਜਾ ਮਾਨ ਕੋਟੀਆ, ਨਵਾਬ ਅਹਿਮਦ ਖਾਨ ਸਿਆਲ, ਨਵਾਬ ਮੁਜ਼ੱਫਰ ਖਾਨ ਮੁਲਤਾਨੀ, ਨਵਾਬ ਕੁਤਬੋਦੀਨ ਖਾਨ ਮਮਦੋਟ, ਨਵਾਬ ਰੁਕਨਲ ਦੌਲਾ ਸਾਦਕ ਅਲੀ ਖਾਨ ਬਹਾਵਲ ਪੁਰ ਅਤੇ ਨਵਾਬ ਸਰਬਿਲਧ ਖਾਨ ਆਦਿ ਵੱਡੇ ਵੱਡੇ ਰਈਸ ਪਹੁੰਚੇ ਹੋਏ ਸਨ।

ਸਾਰੇ ਰਾਜੇ ਤੇ ਨਵਾਬ ਆਪਣੀ ਸ਼ਾਨ ਅਨੁਸਾਰ ਹਾਥੀ, ਘੋੜੇ, ਫ਼ੌਜਾਂ ਅਤੇ ਅਹਿਲਕਾਰ ਆਦਿ ਆਪਣੇ ਨਾਲ ਲਿਆਏ ਸਨ। ਇਸ ਇਕੱਠ ਦੀ ਗਿਣਤੀ ਬਹੁਤ ਵੱਡੀ ਸੀ।

ਇਨ੍ਹਾਂ ਸਾਰਿਆਂ ਲਈ ਇਨ੍ਹਾਂ ਦੇ ਰੁਤਬੇ ਅਨੁਸਾਰ ਨਿਵਾਸ ਅਸਥਾਨ (ਕੈਂਪ) ਤਿਆਰ ਕਰਨੇ, ਅਨੇਕ ਤਰ੍ਹਾਂ ਦੀਆਂ ਖਡਾਂ, ਵਰਜ਼ਸਾਂ ਤਮਾਸ਼ਿਆਂ ਲਈ ਪ੍ਰਬੰਧ ਕਰਨਾ, ਬੜਾ ਥਕੇਵੇਂ ਤੇ ਹੌਂਸਲੇ ਦਾ ਕੰਮ ਸੀ, ਪਰ ਚਿਮਨੀ ਸਰਦਾਰ ਨੇ ਇਹ ਸਭ ਕੁਝ ਐਸੀ ਸੁਚੱਜਤਾ ਨਾਲ ਕੀਤਾ ਕਿ ਹਰ ਇਕ ਪ੍ਰਾਹੁਣੇ ਦੀਆਂ ਸਾਰੀਆਂ ਲੋੜਾਂ ਬੜੇ ਸ਼ਾਹਾਨਾ ਤਰੀਕੇ ਨਾਲ ਪੂਰੀਆਂ ਕੀਤੀਆਂ ਗਈਆਂ ਇਹੀ ਕਾਰਨ ਸੀ ਆਪੋ, ਆਪਣੀ ਥਾਂ ਪਰ ਸਾਰੇ ਪ੍ਰਾਹੁਣੇ ਪ੍ਰਸੰਨ ਸਨ ਤੇ ਆਪ ਦੇ ਪ੍ਰਬੰਧ ਦੀ ਬੜੀ ਸ਼ਲਾਘਾ ਕਰਦੇ ਸਨ।

ਸ਼ੇਰਿ ਪੰਜਾਬ ਆਪ ਦੇ ਇਸ ਮਹਾਨ ਕੰਮ ਪਰ ਐਨੇ ਪ੍ਰਸੰਨ ਹੋਏ ਕਿ ਆਪ ਨੂੰ ਬਹੁਤ ਬੜੀ ਜਾਗੀਰ ਸੈਦਗੜ ਵਿਚ ਬਖਸ਼ੀ ਅਤੇ ਇਸ ਤੋਂ ਛੁਟ ਬਹੁ-ਮੁੱਲਾ ਖਿੱਲਤ ਵੀ ਭਰੇ ਦਰਬਾਰ ਵਿਚ ਦਿੱਤਾ।

ਇਸ ਦੇ ਬਾਅਦ ਜਦ ਵੀ ਮਹਾਰਾਜਾ ਸਾਹਿਬ ਦੇ ਘਰਾਣੇ ਵਿਚ ਕੋਈ ਵਿਆਹ ਯਾ ਸਮਾਗਮ ਦਾ ਸਮਾਂ ਆਂਵਦਾ ਰਿਹਾ ਤਾਂ ਉਸ ਦਾ ਸਾਰਾ ਪ੍ਰਬੰਧ ਸਰਦਾਰ ਹੁਕਮਾ ਸਿੰਘ ਦੇ ਹੱਥ ਸੌਂਪਿਆ ਜਾਂਦਾ ਸੀ।

## ਅਟਕ ਦੀ ਕਿਲ੍ਹਾਦਾਰੀ

ਅਟਕ ਦਾ ਕਿਲ੍ਹਾ ਦਰਿਆ ਸਿੰਧ ਦੇ ਖੱਬੇ ਕੰਢੇ ਇਕ ਪਹਾੜ ਪਰ ਬੜੀ ਉਚੀ ਤੇ ਜ਼ਰੂਰੀ ਥਾਂ ਪਰ ਅਕਬਰ ਬਾਦਸ਼ਾਹ ਨੇ ਸੰਨ ੧੫੮੩ ਵਿਚ ਬਣਵਾਇਆ ਸੀ। ਜੋ ਅਟਕ ਤੋਂ ਪਾਰਲੇ ਬੰਨੇ ਅਫ਼ਗਾਨਿਸਤਾਨ ਵਲੋਂ ਵੈਰੀਆਂ ਦੇ ਹੱਲਿਆਂ ਨੂੰ ਪੂਰੀ ਤਰ੍ਹਾਂ ਅਟਕਾ ਪਾਣ ਲਈ ਬੜਾ ਲੋੜੀਂਦਾ ਮੋਰਚਾ ਸੀ। ਤਾਹੀਓਂ ਹੀ ਇਸ ਦਾ ਨਾਮ 'ਕਿਲ੍ਹਾ ਅਟਕ' ਰਖਿਆ ਗਿਆ ਸੀ।

ਖਾਲਸੇ ਨੇ ਇਸ ਨੂੰ ੧੩ ਜੁਲਾਈ ਸੰਨ ੧੮੧੩ ਵਿਚ ਫਤਹ ਕਰਕੇ ਇਸ ਪਰ ਕਬਜ਼ਾ ਕੀਤਾ ਅਤੇ ੨੧ ਮਾਰਚ ਸੰਨ ੧੮੪੯ ਤਕ ਇਹ ਖਾਲਸੇ ਦੇ ਹੱਥ ਰਿਹਾ। ਇਸ ਕਿਲ੍ਹੇ ਦੀ ਰਾਜਸੀ ਮਹਾਨਤਾ ਬਹੁਤ ਬੜੀ ਮੰਨੀ ਜਾਂਦੀ ਸੀ। ਇਸ ਦੇ ਕਬਜ਼ੇ ਨਾਲ ਜਿਥੇ ਦਰਿਆ ਸਿੰਧ (ਅਟਕ) ਦੇ ਪੱਤਣ ਖਾਲਸੇ ਦੇ ਹੱਥ ਆ ਗਏ ਸਨ ਉਥੇ ਨਾਲ ਹੀ ਛੱਛ ਅਤੇ ਹਜ਼ਾਰੇ ਦੇ ਪ੍ਰਸਿਧ ਉਪਜਾਊ ਇਲਾਕੇ ਵੀ ਖਾਲਸੇ ਦੇ ਅਧੀਨ ਹੋ ਗਏ।

ਚੂੰਕਿ ਸਰਦਾਰ ਹੁਕਮਾ ਸਿੰਘ ਰਾਵਲਪਿੰਡੀ ਤੇ ਪੋਠੋਹਾਰ ਦੇ ਇਲਾਕੇ ਵਿਚ ਕੁਝ ਸਮਾਂ ਹਕੂਮਤ ਕਰਨ ਵਿਚ ਪੂਰੇ ਕਾਮਯਾਬ ਰਹੇ ਸਨ। ਇਸ ਲਈ ਸ਼ੇਰਿ ਪੰਜਾਬ ਹੁਣ ਆਪ ਦੀ ਜੰਗੀ ਯੋਗਤਾ ਦੇ ਨਾਲ ਨਾਲ ਮੁਲਕੀ ਪ੍ਰਬੰਧ ਦੀ ਸਫਲਤਾ ਨੂੰ ਵੀ ਵੱਡੀ ਕਦਰ ਦੀ ਨਜ਼ਰ ਨਾਲ ਦੇਖਦੇ ਸਨ।



Sri Satguru Jagjit Singh Ji eLibrary NamdhariElibrary@gmail.com

ਕਿਲ੍ਹਾ ਅਟਕ ਜੋ ਪੰਜਾਬ ਦਾ ਬੂਹਾ ਮੰਨਿਆ ਜਾਂਦਾ ਹੈ ਅਤੇ ਜਿਸ ਘਰ ਦਾ ਬੂਹਾ ਚੰਗੀ ਤਰ੍ਹਾਂ ਸੁਰਖਿਅਤ ਹੋਵੇ ਤਾਂ ਬਾਕੀ ਦੇ ਘਰ ਨੂੰ ਖ਼ਤਰਾ ਨਹੀਂ ਰਹਿੰਦਾ। ਸੋ ਇਸ ਜ਼ਰੂਰੀ ਕਿਲ੍ਹੇ ਦੀ ਰਖਿਆ ਲਈ ਮਹਾਰਾਜਾ ਸਾਹਿਬ ਨੇ ਸਰਦਾਰ ਹੁਕਮਾ ਸਿੰਘ ਚਿਮਨੀ ਨੂੰ ਯੋਗ ਸਮਝਕੇ ਅਟਕ ਦਾ ਕਿਲ੍ਹਾਦਾਰ ਨੀਯਤ ਕੀਤਾ ਅਤੇ ਇਸ ਦੇ ਨਾਲ ਹੀ ਆਪ ਨੂੰ ਇਹ ਵੀ ਅਧਿਕਾਰ ਦੇ ਦਿੱਤਾ ਕਿ ਆਪ ਆਪਣੀ ਥਾਂ ਆਪਣੇ ਸਰਦਾਰਾਂ ਵਿਚੋਂ ਜਿਸ ਨੂੰ ਯੋਗ ਸਮਝਣ, ਰਾਵਲਪਿੰਡੀ ਦੀ ਹਕੂਮਤ ਉਸ ਨੂੰ ਸੌਂਪ ਦੇਣ। ਸਰਦਾਰ ਹੁਕਮਾ ਸਿੰਘ ਨੇ ਆਪਣੀ ਥਾਵੇਂ ਆਪਣੇ ਮਿੱਤ੍ਰ ਸਰਦਾਰ ਮੱਖਣ ਸਿੰਘ ਨੂੰ ਨਾਇਬ ਨਾਜ਼ਮ ਨੀਯਤ ਕੀਤਾ ਅਤੇ ਆਪ ਸਣੇ ਆਪਣੀ ਫ਼ੌਜ ਦੇ ਕਿਲ੍ਹਾ ਅਟਕ ਪਹੁੰਚ ਕੇ ਸੰਬੰਧਤ ਇਲਾਕੇ ਦੀ ਹਕੂਮਤ ਸਾਂਭ ਲਈ। ਇਹ ਗੱਲ ਸਤੰਬਰ ਸੰਨ ੧੮੧੭ ਦੀ ਹੈ।

## ਸਰਦਾਰ ਮੱਖਣ ਸਿੰਘ ਹਜ਼ਾਰੇ ਵਿਚ

ਸਰਦਾਰ ਮੱਖਣ ਸਿੰਘ ਸਣੇ ੫੦੦ ਸਵਾਰਾਂ ਦੇ ਅਕਤੂਬਰ ਸੰਨ ੧੮੧੮ ਵਿਚ ਹਜ਼ਾਰੇ ਦੀ ਸੁਧਾਈ ਲਈ ਆਇਆ ਅਤੇ ਹਜ਼ਾਰੇ ਦੇ ਮੈਦਾਨੀ ਇਲਾਕੇ ਪਰ ਪੂਰੀ ਸਫ਼ਲਤਾ ਪ੍ਰਾਪਤ ਕਰ ਕੇ ਇਨ੍ਹਾਂ ਦਾ ਬਕਾਇਆ ਨਜ਼ਰਾਨਾ ਅਤੇ ੨੦੦੦ ਰੁਪਇਆ ਇਨ੍ਹਾਂ ਦਾ ਹਜ਼ਾਰੇ ਵਿਚ ਉਧੜ ਧੁੰਮੀ ਮਚਾਣ ਦੇ ਜ਼ੁਰਮ ਵਜੋਂ ਤਾਵਾਨ ਵਸੂਲ ਕਰਕੇ ਰਾਵਲਪਿੰਡੀ ਵਲ ਪਰਤ ਆਇਆ ਅਤੇ ਸਰਦਾਰ ਹੁਕਮਾ ਸਿੰਘ ਨੂੰ ਜੋ ਕਿਲ੍ਹਾ ਅਟਕ ਵਿਚ ਸੀ, ਹਜ਼ਾਰੇ ਦਾ ਸਾਰਾ ਸਮਾਚਾਰ ਲਿਖ ਭੇਜਿਆ।

## ਸਰਦਾਰ ਮੱਖਣ ਸਿੰਘ ਦੀ ਕੁਰਬਾਨੀ

ਅਗਲੇ ਸਾਲ ਮੁੜ ਸਰਦਾਰ ਮੱਖਣ ਸਿੰਘ ਨੂੰ ਹੁਕਮ ਮਿਲਿਆ ਕਿ ਹਜ਼ਾਰੇ ਦੀ ਬਾਜਗੁਜ਼ਾਰੀ ਦੀ ਵਸੂਲੀ ਲਈ ਉਧਰ ਜਾਏ। ਇਹ ਸਰਦਾਰ ਜਦ ਹਜ਼ਾਰੇ ਪੁੱਜਾ ਤਾਂ ਇਥੋਂ ਦੇ ਲੋਕ ਅਗੋਂ ਬੜੇ ਪਿਆਰ ਨਾਲ ਮਿਲੇ ਅਤੇ ਛੇਤੀ ਹੀ ਬਾਜ ਦੇ ਤਾਰ ਦੇਣ ਦੇ ਵਾਇਦੇ ਕੀਤੇ। ਪਰ ਮਨੋਂ ਇਨ੍ਹਾਂ ਦੀ ਨੀਯਤ ਖੋਟੀ ਸੀ। ਇਨ੍ਹਾਂ ਅੰਦਰੋ ਅੰਦਰ ਲਸ਼ਕਰ ਇਕੱਠਾ ਕਰਕੇ ਇਕ ਹਨੇਰੀ ਰਾਤ ਸਮੇਂ ਪਿੰਡ ਸ਼ਾਹ ਮਾਮੂਤ ਦੇ ਲਾਗੇ ਜਿਹੜਾ ਦੌੜ ਨਦੀ ਦੇ ਕਿਨਾਰੇ ਪਰ ਵਸਦਾ ਸੀ, ਸਰਦਾਰ ਮੱਖਣ ਸਿੰਘ ਦੇ ਡੇਰੇ ਪਰ ਛਪੋਲ ਮਾਰ ਦਿਤਾ।

ਅਗੋਂ ਖਾਲਸੇ ਨੇ ਵੀ ਵੈਰੀਆਂ ਨੂੰ ਕਰਾਰੇ ਹੱਥ ਦਸੇ। ਉਹ ਮੈਦਾਨ ਵਿਚ ਖਾਲਸੇ ਦੀ ਤੇਗ਼ ਅੱਗੇ ਨਾ ਠਹਿਰ ਸਕੇ ਤੇ ਜਿਧਰ ਤੋਂ ਆਏ ਸਨ ਉਧਰ ਨੂੰ ਭਜ ਨੱਠੇ। ਸਰਦਾਰ ਜੀ ਸਣੇ ਆਪਣੇ ਜਵਾਨਾਂ ਦੇ ਇਨ੍ਹਾਂ ਦਾ ਪਿੱਛਾ ਕਰਦੇ ਹੋਏ, ਕਈਆਂ ਨੂੰ ਤਲਵਾਰ ਦੀ ਧਾਰ ਤੋਂ ਪਾਰ ਕੀਤਾ। ਇਸ ਸਮੇਂ ਭਜੇ ਜਾਂਦੇ ਵੈਰੀਆਂ ਵਿਚੋਂ ਇਕ ਨੇ ਆਪਣੀ ਬੰਦੂਕ, ਪਿਛਾ ਕਰਨ ਵਾਲੇ ਸਵਾਰਾਂ ਪਰ ਚਲਾਈ ਜਿਸ ਦੀ ਗੋਲੀ ਸਰਦਾਰ ਮੱਖਣ ਸਿੰਘ ਨੂੰ ਲੱਗੀ, ਤੇ ਉਹ ਉਥੇ ਹੀ ਪ੍ਰਾਨ ਤਿਆਗ ਗਏ।

## ਸਰਦਾਰ ਹੁਕਮਾ ਸਿੰਘ ਦਾ ਹਜ਼ਾਰੇ ਪੁਰ ਧਾਵਾ

ਇਹ ਦੁਖ ਭਰੀ ਖਬਰ ਜਦ ਸਰਦਾਰ ਹੁਕਮਾ ਸਿੰਘ ਚਿਮਨੀ ਨੂੰ ਅਟਕ ਵਿਚ ਮਿਲੀ ਤਾਂ ਆਪ ਬਿਨਾਂ ਦੇਰ ਦੇ ਰਾਤੋ ਰਾਤ ਲੰਮਾ ਕੂਚ ਕਰ ਕੇ ਹਜ਼ਾਰੇ ਪਰ ਆ ਗਏ ਅਤੇ ਵੈਰੀਆਂ ਦੇ ਉਨ੍ਹਾਂ ਪਿੰਡਾਂ ਨੂੰ ਜਿਨ੍ਹਾਂ ਦੇ ਵਸਨੀਕਾਂ, ਸਰਦਾਰ ਮੱਖਣ ਸਿੰਘ ਦੇ ਡੇਰੇ ਪਰ ਛਪੋਲ ਮਾਰਿਆ ਸੀ, ਘੇਰ ਲਿਆ ਤੇ ਸਭ ਨੂੰ ਫੂਕ ਦਿਤਾ।



Sri Satguru Jagjit Singh Ji eLibrary NamdhariElibrary@gmail.com

ਸਰਦਾਰ ਹੁਕਮਾ ਸਿੰਘ ਨੂੰ ਇਸ ਘਟਨਾ ਬਾਰੇ ਪੁਛ ਗਿਛ ਕਰਨ ਤੋਂ ਪਤਾ ਲਗਾ ਕਿ ਇਸ ਸਾਰੀ ਸਾਜ਼ਸ਼ ਦਾ ਬਾਨੀ ਸੈਦਖਾਨ ਨੰਬਰਦਾਰ ਕੋਟ ਹੁਸਨ ਅਲੀ ਵਾਲਾ ਸੀ। ਸਰਦਾਰ ਹੁਕਮਾ ਸਿੰਘ ਨੇ ਆਪਣੇ ਸਵਾਰਾਂ ਨਾਲ ਕੋਟ ਹਸਨ ਅਲੀ ਪਰ ਹੱਲਾ ਕਰਕੇ ਕੋਟ ਨੂੰ ਘੇਰ ਲਿਆ ਅਤੇ ਨਸੇ ਜਾਂਦੇ ਸੈਦ ਖਾਨ ਨੂੰ ਫੜ ਲਿਆ।

## ਸੈਦ ਖਾਨ ਨੂੰ ਫਾਂਸੀ ਦੀ ਸਜ਼ਾ

ਅਗਲੇ ਦਿਨ ਚਿਮਨੀ ਸਰਦਾਰ ਨੇ ਦੂਰ ਦੂਰ ਤਕ ਇਲਾਕੇ ਵਿਚ ਢੋਲ ਵਜਵਾ ਕੇ, ਮੁਨਾਦੀ ਕਰਵਾ ਦਿਤੀ, ਅਤੇ ਇਲਾਕੇ ਦੇ ਮੁਖੀਆਂ ਤੇ ਆਮ ਲੋਕਾਂ ਦੇ ਸਾਹਮਣੇ ਸੈਦਖਾਨ ਨੂੰ ਇਕ ਵਡੇ ਬਿਛ ਨਾਲ ਲਟਕਾ ਕੇ ਫਾਹੇ ਲੁਵਾ ਦਿਤਾ[1]। ਤਾਕਿ ਅਗੇ ਨੂੰ ਖਾਲਸੇ ਨਾਲ ਕੋਈ ਵਸਾਹਘਾਤ ਦਾ ਵਰਤਾ ਨਾ ਕਰੇ। ਇਸ ਦਾ ਹਜ਼ਾਰੇ ਦੇ ਵਸਨੀਕਾਂ ਪਰ ਬੜਾ ਪ੍ਰਭਾਵ ਪਿਆ ਤੇ ਇਹ ਡਾਢੇ ਸਹਿਮ ਗਏ।

ਇਸ ਤਰ੍ਹਾਂ ਕਰਨ ਵਿਚ ਸਰਦਾਰ ਹੁਕਮਾ ਸਿੰਘ ਦੀ ਦ੍ਰਿਸ਼ਟੀ ਸਾਹਮਣੇ ਦੋ ਭਾਵ ਦਿਸ ਰਹੇ ਮਾਲੂਮ ਹੁੰਦੇ ਹਨ, ਇਕ ਤਾਂ ਇਹ ਕਿ ਇਸ ਇਕ ਨੂੰ ਇਸ ਤਰ੍ਹਾਂ ਆਮ ਜਨਤਾ ਦੇ ਸਾਹਮਣੇ ਕਰੜੀ ਸਜ਼ਾ ਦੇਣ ਨਾਲ ਹੋਰ ਸੈਕੜਿਆਂ ਨੂੰ ਸਜ਼ਾ ਨਾ ਦੇਣੀ ਪਵੇਗੀ। ਦੂਜਾ- ਜਿਹਾ ਕਿ ਅਸੀਂ ਉਪਰ ਦਸ ਆਏ ਹਾਂ ਭਾਈ ਮੱਖਣ ਸਿੰਘ ਸਰਦਾਰ ਹੁਕਮਾ ਸਿੰਘ ਦੇ ਅਤਿ ਪਿਆਰੇ ਮਿੱਤਰਾਂ ਵਿਚੋਂ ਸੀ ਜਿਸ ਨਾਲ ਸੈਦਖਾਨ ਨੇ ਵਸਾਹਘਾਤ ਕੀਤਾ ਉਸ ਦੇ ਕਤਲ ਨੂੰ ਇਹ ਨਮੂਨੇ ਦੀ ਸਜ਼ਾ ਦੇਣਾ ਆਪਣਾ ਫਰਜ਼ ਸਮਝਦਾ ਸੀ।

## ਮਹਾਰਾਜੇ ਦੇ ਦਰਬਾਰ ਵਿਚ ਫਰਿਯਾਦ

ਸ: ਹੁਕਮਾ ਸਿੰਘ ਹਜ਼ਾਰੇ ਦਾ ਯੋਗ ਪ੍ਰਬੰਧ ਕਰਕੇ ਕਿਲ੍ਹੇ ਅਟਕ ਵਲ ਪਰਤ ਆਇਆ। ਚਿਮਨੀ ਸਰਦਾਰ ਦੇ ਹਜ਼ਾਰੇ ਵਿਚੋਂ ਚਲੇ ਜਾਣ ਦੇ ਬਾਅਦ ਸੈਦਖਾਨ ਦੇ ਧੜੇ ਦੇ ਕੁਝ ਲੋਕ ਸਣੇ ਉਸ ਦੇ ਸੰਬੰਧੀਆਂ ਦੇ ਲਾਹੌਰ ਪਹੁੰਚੇ। ਸ਼ੇਰਿ ਪੰਜਾਬ ਦਾ ਦਰਬਾਰ ਫਰਯਾਦੀਆਂ ਲਈ ਸਦਾ ਖੁਲ੍ਹਾ ਰਹਿੰਦਾ ਸੀ ਅਤੇ ਇਸ ਤਰ੍ਹਾਂ ਹਰ ਇਕ ਫਰਿਯਾਦ ਸਰਕਾਰ ਆਪ ਸੁਣਦੀ ਹੁੰਦੀ ਸੀ[2]।

ਹਜ਼ਾਰੇ ਦੇ ਇਨ੍ਹਾਂ ਫਰਯਾਦੀਆਂ ਨੇ ਬੜੇ ਦਰਦਨਾਕ ਤਰੀਕੇ ਨਾਲ ਆਪਣਾ ਰੋਣਾ ਪਿਟਣਾ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਕੀਤਾ, ਸਭ ਤੋਂ ਵੱਡੀ ਗੱਲ ਇਹ ਕੀਤੀ ਕਿ ਇਹ ਲੋਕ ਕੁਰਾਨ ਸ਼ਰੀਫ਼ ਆਪਣੇ ਨਾਲ ਲੈ ਗਏ ਸਨ ਅਤੇ ਮਹਾਰਾਜਾ ਸਾਹਿਬ ਦੇ ਹਜ਼ੂਰ ਇਨ੍ਹਾਂ ਨੇ ਇਸ ਪਰ ਸੁਗੰਧ ਖਾਕੇ ਯਕੀਨ ਦਿਵਾ ਦਿਤਾ ਕਿ ਸਰਦਾਰ ਹੁਕਮਾ ਸਿੰਘ ਨੇ ਬਿਨਾਂ ਪੂਰੀ ਖੋਜ ਪੜਤਾਲ ਦੇ ਸੈਦ ਖਾਨ ਨੂੰ ਜ਼ਾਤੀ ਵੈਰ ਦੇ ਕਾਰਨ ਛੇਤੀਂ ਹੀ ਫਾਹੇ ਲਵਾ ਦਿਤਾ।

ਇਸ ਪਰ ਸ਼ੇਰਿ ਪੰਜਾਬ ਵਲੋਂ ਚਿਮਨੀ ਸਰਦਾਰ ਤੋਂ ਪੁਛ ਕੀਤੀ ਗਈ। ਸਰਦਾਰ ਜੀ ਨੇ ਜੋ ਅਸਲੀਅਤ ਸੀ ਲਿਖ ਘਲੀ। ਪਰ ਸੈਦ ਖਾਨ ਦੇ ਸੰਬੰਧੀਆਂ ਨੇ ਆਪਣ ਕੀਰਨਿਆਂ ਦਾ

---

1. ਮਿਸਟਰ ਚੋਪੜਾ, ਚੀਫ਼ਸ ਐਂਡ ਫੈਮਲੀਜ਼ ਆਫ਼ ਸਿੱਖਸ ਜਿ: ੨ ਸ: ੧੩੩।
2. ਲਾਹੌਰ ਦੇ ਕਿਲ੍ਹੇ ਦੇ ਦਰਵਾਜ਼ੇ ਦੇ ਬਾਹਰ, ਇਕ ਸੰਦੂਕਚੀ ਰਖੀ ਹੋਈ ਸੀ ਜਿਸ ਵਿਚ ਹਰ ਇਕ ਫਰਯਾਦੀ, ਆਪਣਾ ਬੇਨਤੀ ਪਤ੍ਰ ਪਾ ਸਕਦਾ ਸੀ। ਇਸ ਬਕਸੇ ਦੀ ਕੁੰਜੀ ਸਰਕਾਰ ਦੇ ਆਪਣੇ ਪਾਸ ਹੁੰਦੀ ਸੀ। ਮਹਾਰਾਜਾ ਸਾਹਿਬ ਰੋਜ਼ਾਨਾ ਇਹ ਫਰਯਾਦਾਂ ਆਪ ਸੁਣਦੇ ਹੁੰਦੇ ਸਨ। ਹਰ ਇਕ ਸ਼ਕਾਇਤ ਬਾਰੇ ਪੂਰੀ ਪੂਰੀ ਪੜਤਾਲ ਤੁਰਤ ਕਰਕੇ ਯੋਗ ਫੈਸਲਾ ਕੀਤਾ ਜਾਂਦਾ ਸੀ।



Sri Satguru Jagjit Singh Ji eLibrary NamdhariElibrary@gmail.com

ਮਹਾਰਾਜਾ ਪਰ ਐਨਾ ਪ੍ਰਭਾਵ ਪਾ ਲਿਆ ਕਿ ਸਰਦਾਰ ਹੁਕਮਾ ਸਿੰਘ ਦੇ ਉੱਤਰ ਨਾਲ ਮਹਾਰਾਜਾ ਦੀ ਪੂਰੀ ਤਸੱਲੀ ਨਾ ਹੋ ਸਕੀ। ਸ਼ੇਰਿ ਪੰਜਾਬ ਦਾ ਫ਼ੈਸਲਾ ਇਹ ਸੀ ਕਿ ਚਿਮਨੀ ਸਰਦਾਰ ਨੇ ਇਸ ਮਾਮਲੇ ਵਿਚ ਬਿਨਾਂ ਪੂਰੀ ਖੋਜ ਦੇ ਕਾਹਲੀ ਤੋਂ ਕੰਮ ਲਿਆ ਹੈ ਜੋ ਠੀਕ ਨਹੀਂ ਸੀ। ਸਰਕਾਰ ਨੇ ਸੈਦਖਾਨ ਦੇ ਸੰਬੰਧੀਆਂ ਨੂੰ ਸਰਦਾਰ ਹੁਕਮਾ ਸਿੰਘ ਦੀ ਜਾਗੀਰ ਵਿਚੋਂ ੧੨੫੦੦੦ ਰੁਪਿਆ ਖ਼ੂਨ-ਬਹਾ ਵਜੋਂ ਦਿਤਾ।

## ਅਸਲੀਅਤ ਦਾ ਪ੍ਰਗਟ ਹੋਣਾ

ਸਰਦਾਰ ਹੁਕਮਾ ਸਿੰਘ ਵਰਗੇ ਅਣਖੀਲੇ ਜੋਧੇ ਲਈ ਇਸ ਤਰ੍ਹਾਂ ਇਕ-ਪਾਸੀ ਫੈਸਲੇ ਅਗੇ ਚੁਪ ਚਾਪ ਝੁਕ ਜਾਣਾ ਉਸ ਦੇ ਸੁਤੰਤ੍ਰ ਸੁਭਾਵ ਦੇ ਅਨਕੂਲ ਸੀ। ਆਪ ਇਸ ਫੈਸਲੇ ਦੇ ਉਲਟ ਰੋਸ ਵਜੋਂ ਲੰਮੀ ਛੁਟੀ ਪਰ ਆਪਣੇ ਘਰ ਆ ਗਏ।

## ਸ਼ੇਰਿ ਪੰਜਾਬ ਦਾ ਭੁਲ ਮੰਨਣਾ

ਇਸ ਦੇ ਕੁਝ ਸਮੇਂ ਬਾਅਦ ਸ਼ੇਰਿ ਪੰਜਾਬ ਨੂੰ ਉਪਰੋਕਤ ਮਾਮਲੇ ਬਾਰੇ ਸਾਰੀ ਅਸਲੀਅਤ ਦਾ ਪਤਾ ਲਗ ਗਿਆ। ਨਵੀਂ ਪੜਤਾਲ ਅਨੁਸਾਰ ਸੈਦ ਖਾਨ ਭਾਈ ਮੱਖਣ ਸਿੰਘ ਦੇ ਕਤਲ ਦਾ ਬਾਨੀ ਸਮਝਿਆ ਗਿਆ ਅਤੇ ਸਰਦਾਰ ਹੁਕਮਾ ਸਿੰਘ ਦਾ ਫੈਸਲਾ ਸੋਲਾਂ ਆਨੇ ਨਿਆਂਸ਼ੀਲ ਸਾਬਤ ਹੋਇਆ।

ਸ਼ੇਰਿ ਪੰਜਾਬ ਵਿਚ ਇਹ ਵੱਡੀ ਖ਼ੂਬੀ ਸੀ ਕਿ ਜਦ ਉਸ ਨੂੰ ਆਪਣੀ ਭੁਲ ਦਾ ਵਿਸ਼ਵਾਸ਼ ਹੋ ਜਾਂਦਾ ਸੀ ਤਾਂ ਇਸ ਦੇ ਖੁਲਮਖੁਲਾ ਮੰਨ ਲੈਣ ਵਿਚ ਇਕ ਭੋਰਾ ਵੀ ਸੰਕੋਚ ਨਹੀਂ ਸੀ ਕਰਦਾ ਹੁੰਦਾ। ਇਸ ਮਾਮਲੇ ਵਿਚ ਵੀ ਆਪ ਨੇ ਉਹੀ ਤਰੀਕਾ ਵਰਤਿਆ, ਅਤੇ ਸਰਦਾਰ ਹੁਕਮਾ ਸਿੰਘ ਨੂੰ ਭਰੇ ਦਰਬਾਰ ਵਿਚ ਬੁਲਾ ਕੇ ਆਪਣੀ ਭੁਲ ਮਨ ਲਈ। ਆਪ ਦੀ ਜਗੀਰ ਵਿਚੋਂ ਕੱਟੀ ਗਈ ਰਕਮ ਨਾਲ ਉਨੀ ਹੋਰ ਆਪਣੇ ਵਲੋਂ ਸਰਕਾਰ ਨੇ ਆਪਣੇ ਉਪਰ ਜੁਰਮਾਨਾ ਲਾ ਕੇ ਦੂਣੀ ਰਕਮ ਅਰਥਾਤ ੨੫੦੦੦੦ ਰੁਪਿਆ ਸ਼ਾਹੀ ਖਜ਼ਾਨੇ ਵਿਚੋਂ ਸਣੇ ਬਹੁਮੁਲੇ ਖਿਲਤ ਦੇ ਸਰਦਾਰ ਹੁਕਮਾ ਸਿੰਘ ਨੂੰ ਬਖਸ਼ ਦਿੱਤਾ ਅਤੇ ਅਗੇ ਨੂੰ ਆਪ ਨੂੰ ਆਪਣੇ ਜ਼ਾਤੀ ਸਲਾਹਕਾਰ ਦਾ ਮਾਨਯੋਗ ਮੁਰਾਤਬਾ ਦੇ ਕੇ ਹੁਣ ਸਰਕਾਰ ਨੇ ਆਪ ਨੂੰ ਸਦਾ ਲਈ ਆਪਣੇ ਪਾਸ ਦਰਬਾਰ ਵਿਚ ਰਹਿਣ ਦਾ ਹੁਕਮ ਦਿੱਤਾ।

## ਚਲਾਣਾ

ਸਰਦਾਰ ਹੁਕਮਾ ਸਿੰਘ ਆਪਣਾ ਸਾਰਾ ਜੀਵਨ ਖਾਲਸਾ ਰਾਜ ਦੀ ਉਸਾਰੀ ਦੀਆਂ ਘਾਲਾਂ ਵਿਚ ਬਿਤਾਂਦੇ ਹੋਏ ਆਪਣੇ ਪਿਛੇ ਚਾਰ ਪੁਤ੍ਰ ਸਰਦਾਰ ਸ਼ੇਰ ਸਿੰਘ, ਅਮਰ ਸਿੰਘ, ਮੇਹਰ ਸਿੰਘ ਤੇ ਕਿਸ਼ਨ ਸਿੰਘ ਛੱਡ ਕੇ ਪ੍ਰਲੋਕ ਸਿਧਾਰ ਗਏ। ਆਪ ਦੇ ਸਪੁਤ੍ਰਾਂ ਨੂੰ ਖਾਲਸਾ ਰਾਜ ਵਿਚ ਬੜੇ ਉਚੇ ਅਹੁਦੇ ਮਿਲੇ ਹੋਏ ਸਨ।



Sri Satguru Jagjit Singh Ji eLibrary NamdhariElibrary@gmail.com

ਸ਼ੇਰ-ਦਿਲ ਰਸੂਲਪੁਰੀਏ

# ਸ. ਜੋਧ ਸਿੰਘ ਰਸੂਲ ਪੁਰੀਆ

ਖਾਲਸਾ ਰਾਜ ਦੇ ਉਸਰਈਏ ਵਿਚੋਂ ਰਸੂਲ ਪੁਰੀਏ ਸਰਦਾਰਾਂ ਦਾ ਪਾਇਆ ਬੜਾ ਉੱਚਾ ਮੰਨਿਆ ਜਾਂਦਾ ਹੈ। ਸ਼ੇਰਿ-ਪੰਜਾਬ ਦੀ ਏਨ੍ਹਾਂ ਪਰ ਖਾਸ ਕ੍ਰਿਪਾ ਦ੍ਰਿਸ਼ਟੀ ਸੀ। ਇਨ੍ਹਾਂ ਦਾ ਵੱਡੀਆਂ ਜਾਗੀਰਾਂ ਦਾ ਮਾਲਕ ਹੋਣਾ ਇਨ੍ਹਾਂ ਦੀ ਵਡਿਆਈ ਦਾ ਲਖਾਇਕ ਹੈ। ਖਾਲਸਾ ਰਾਜ ਲਈ ਇਨ੍ਹਾਂ ਦੀਆਂ ਘਾਲਾਂ ਵੱਡੀ ਕਦਰ ਦੀ ਨਿਗਾਹ ਨਾਲ ਦੇਖੀਆਂ ਜਾਂਦੀਆਂ ਸਨ।

## ਮਹਾਰਾਜਾ ਦੇ ਘਰਾਣੇ ਨਾਲ ਸੰਬੰਧ

ਉਂਵ ਤਾਂ ਸਰਦਾਰ ਜੋਧ ਸਿੰਘ ਦੇ ਬਹਾਦਰ ਪਿਤਾ ਸਰਦਾਰ ਸੁਜਾਨ ਸਿੰਘ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੇ ਦਾਦੇ ਤੇ ਪਿਤਾ ਦੋਹਾਂ ਨਾਲ ਪਹਿਲਾਂ ਤੋਂ ਹੀ ਪੀੜ੍ਹੀਓਂ ਪੀੜ੍ਹੀ ਚਲਾ ਆਉਂਦਾ ਸੀ ਅਤੇ ਸੁਕ੍ਰਚਕੀਏ ਮਿਸਲਦਾਰਾਂ ਨਾਲ ਮਿਲਕੇ, ਇਨ੍ਹਾਂ ਦੂਰ ਦੂਰ ਤਕ ਤੇਗਾਂ ਮਾਰੀਆਂ ਸਨ। ਜਿਸ ਨਾਲ ਆਪਣੇ ਘਰਾਣੇ, ਅਤੇ ਮਿਸਲ ਦੋਵਾਂ ਦੇ ਨਾਮ ਨੂੰ, ਬੀਰਾਂ ਦੇ ਗਗਨ ਪਰ ਚਮਕਾਉਣ ਤੇ ਉੱਚਾ ਕਰਨ ਵਿਚ ਕਈ ਵੇਰਾਂ ਇਨ੍ਹਾਂ ਅਪਣਾ ਬਹੁ-ਮੁਲਾ ਲਹੂ ਵਗਾਇਆ ਸੀ।

ਏਹੋ ਕਾਰਨ ਸੀ ਕਿ ਪੁਰਾਣੀਆਂ ਲਿਖਤਾਂ ਨੂੰ ਪੜਚੋਲਿਆਂ ਪਤਾ ਮਿਲਦਾ ਹੈ ਕਿ ਰਸੂਲ ਪੁਰੀਏ ਸਰਦਾਰਾਂ ਦੀਆਂ ਜਾਗੀਰਾਂ ਕੇਵਲ ਇਕ ਥਾਂ ਨਹੀਂ ਹਨ, ਸਗੋਂ ਕਈਆਂ ਪਰਗਨਿਆਂ ਵਿਚ ਖਿਲਰੀਆਂ ਹੋਈਆਂ ਸਨ।

ਇਸ ਦੇ ਉਪਰੰਤ ਖਾਲਸੇ ਦਾ ਨਵਾਂ ਜੁਗ ਅਰੰਭ ਹੁੰਦਾ ਹੈ ਅਤੇ ਸ਼ੇਰਿ ਪੰਜਾਬ ਦਾ ਸਮਾਂ ਆਉਂਦਾ ਹੈ। ਇਸ ਵਿਚ ਮਹਾਰਾਜਾ ਸਾਹਿਬ ਵਲੋਂ ਸਰਦਾਰ ਜੋਧ ਸਿੰਘ ਨੂੰ ਖਾਲਸਾ ਰਾਜ ਦੀ ਉਸਾਰੀ ਲਈ ਵੱਡੀ ਜ਼ਿਮੇਂਵਾਰੀ ਦਾ ਫੌਜੀ ਅਹੁਦਾ ਸੌਂਪਿਆ ਗਿਆ ਅਤੇ ੧੦੦੦੦ ਰੁਪਏ ਦੀ ਆਮਦਨੀ ਦੀ ਨਵੀਂ ਜਗੀਰ ਦਿਤੀ। ਖ਼ਾਲਸਾ ਦਰਬਾਰ ਦੇ ਰੀਕਾਰਡ ਦੇ ਵਾਚਿਆਂ ਇਹੋ ਜੇਹੀ ਨਜ਼ੀਰ ਬਹੁਤ ਘਟ ਮਿਲਦੀ ਹੈ, ਜਦ ਕਦੇ ਕਿਸੇ ਨੂੰ ਪਹਿਲਾਂ ਪਹਿਲ ਹੀ ਐਨੀ ਵੱਡੀ ਜਾਗੀਰ ਮਿਲੀ ਹੋਵੇ।

## ਸਰਦਾਰ ਜੋਧ ਸਿੰਘ ਦੇ ਕਾਰਨਾਮੇ

ਸਰਦਾਰ ਜੋਧ ਸਿੰਘ ਦੇ ਮੈਦਾਨਿ ਜੰਗ ਦੇ ਕਾਰਨਾਮਿਆਂ ਤੋਂ ਛੁਟ ਆਪ ਆਪਣੀ ਦੂਰ ਦੀ ਸੂਝ ਵਾਲੀ ਰਾਏ ਰਖਣ ਦੇ ਕਾਰਨ ਖਾਲਸਾ ਦਰਬਾਰ ਦੇ ਚੋਣਵੇਂ ਦਰਬਾਰੀਆ ਵਿਚੋਂ ਮੰਨੇ ਜਾਂਦੇ ਸਨ। ਸ਼ੇਰਿ ਪੰਜਾਬ ਆਪ ਦੀ ਸਿਆਣਪ ਭਰੀ ਰਾਏ ਨੂੰ ਵੱਡੀ ਕਦਰ ਦੀ ਨਜ਼ਰ ਨਾਲ ਦੇਖਦੇ ਸਨ



Sri Satguru Jagjit Singh Ji eLibrary NamdhariElibrary@gmail.com

ਅਤੇ ਵਧੇਰੇ ਫੈਸਲੇ ਆਪ ਦੀ ਸੰਮਤੀ ਅਨੁਸਾਰ ਕਰਦੇ ਹੁੰਦੇ ਸਨ। ਆਪ ਦਾ ਲਗ ਪਗ ਸਾਰਾ ਜੀਵਨ ਖਾਲਸਾ ਰਾਜ ਦੇ ਵਾਧੇ ਤੇ ਪਕਿਆਈ ਵਿਚ ਲਗਾ।

## ਪਰਤਾਵੇ ਦਾ ਸਮਾਂ

ਸਰਦਾਰ ਜੋਧ ਸਿੰਘ ਦੇ ਜੀਵਨ ਵਿਚ ਕਈ ਹੋਰਨਾਂ ਸਰਦਾਰਾਂ ਦੀ ਤਰ੍ਹਾਂ ਸੰਨ ੧੮੪੮-੪੯ ਦੇ ਸਾਲ ਇਕ ਵੱਡੀ ਪਰੀਖਿਆ ਦਾ ਸਮਾਂ ਸੀ। ਮੁਲਤਾਨ ਦੇ ਰੌਲੇ ਸਮੇਂ ਪਹਿਲਾਂ ਕੋਈ ਨਹੀਂ ਸੀ ਸਮਝਦਾ ਕਿ ਕੇਹੜੇ ਰਾਹ ਪਰ ਤੁਰਿਆ ਜਾਏ ਜਿਸ ਨਾਲ ਖਾਲਸੇ ਦੀ ਪਤ ਨੂੰ ਦਾਗ ਨਾ ਲਗੇ। ਆਪ ਨੇ ਲੰਮੀ ਵਿਚਾਰ ਦੇ ਉਪਰੰਤ ਆਪਣੇ ਮਿੱਤਰ ਸਰਦਾਰ ਸੂਰਤ ਸਿੰਘ ਤੇ ਰਾਜਾ ਸ਼ੇਰਿ ਸਿੰਘ ਨਾਲ ਮਿਲ ਕੇ ਚਿਲੀਆਂ ਵਾਲੇ ਦੇ ਘਮਸਾਨ ਦੇ ਰਣ ਵਿਚ ਸ਼ੇਰਾਂ ਦੀ ਤਰ੍ਹਾਂ ਤੇਗਾਂ ਮਾਰੀਆਂ ਸਨ।

ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਸੰਮਿਲਤ ਕਰ ਲੈਣ ਦੇ ਉਪਰੰਤ, ਸਰਦਾਰ ਜੋਧ ਸਿੰਘ ਦੀ ਬਹੁਤ ਸਾਰੀ ਜਾਗੀਰ ਜ਼ਬਤ ਕਰ ਲਈ ਗਈ ਸੀ। ਕੇਵਲ ੨੦੦੦ ਰੁਪਏ ਆਮਦਨੀ ਗੁਜ਼ਾਰੇ ਲਈ ਰਹਿਣੀ ਦਿੱਤੀ ਗਈ।

## ਬਹਾਦਰਾਂ ਦੀ ਮਿਤ੍ਰਤਾ ਤੇ ਸ਼ਤ੍ਰਤਾ ਅਤਿ ਦੀ ਹੁੰਦੀ ਹੈ

ਬਹਾਦਰਾਂ ਦਾ ਇਹ ਇਕ ਮੰਨਿਆ ਹੋਇਆ ਨਿਯਮ ਹੈ ਕਿ ਉਨ੍ਹਾਂ ਦਾ ਵੈਰ ਵੀ ਡਾਢਾ ਕੌੜਾ ਹੁੰਦਾ ਹੈ ਅਤੇ ਜਦ ਇਹ ਵੈਰ ਮਿਤ੍ਰਤਾ ਵਿਚ ਪਲਟ ਜਾਏ ਤਾਂ ਮਿਤ੍ਰਤਾ ਵੀ ਡਾਢੀ ਮਿਠੀ ਹੁੰਦੀ ਹੈ।

## ਸਰਦਾਰ ਪੰਜਾਬ ਸਿੰਘ

ਇਸ ਸੁਨਿਹਰੀ ਸਿਧਾਂਤ ਅਨੁਸਾਰ ਸਰਦਾਰ ਜੋਧ ਸਿੰਘ ਦੇ ਪੋਤੇ ਸਰਦਾਰ ਪੰਜਾਬ ਸਿੰਘ ਨੇ ਆਪਣੇ ਫੌਜੀ ਜੀਵਨ ਵਿਚ ਉਹ ਨਿਰਭੈਤਾ ਦੇ ਕਾਰਨਾਮੇ ਕੀਤੇ ਜਿਨ੍ਹਾਂ ਨੂੰ ਵੱਡੇ ਵੱਡੇ ਨਾਮੀ ਅਫ਼ਸਰ ਦੇਖ ਦੇਖ ਕੇ ਹੈਰਾਨ ਹੁੰਦੇ ਸਨ।

ਇਹ ਸਰਦਾਰ ੩੨ ਲੜਾਈਆਂ ਵਿਚ ਛਾਤੀ ਤਾਣ ਕੇ ਲੜਿਆ ਸੀ। ਇਸ ਘਰਾਣੇ ਦੀਆਂ ਸੰਨਦਾਂ ਤੇ ਮਾਨ ਪੱਤਰਾਂ ਦੇ ਵਾਚਿਆਂ ਸੌਖਾ ਹੀ ਮਾਲੂਮ ਹੋ ਜਾਂਦਾ ਹੈ ਕਿ ਇਨ੍ਹਾਂ ਦੇ ਅਦੁਤੀ ਗੁਣਾਂ ਨੂੰ ਕਿੰਨੇ ਮਾਨ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ।

ਸਰਦਾਰ ਪੰਜਾਬ ਸਿੰਘ ਦੇ ਚਲਾਣੇ ਦੇ ਉਪਰੰਤ ਉਨ੍ਹਾਂ ਦਾ ਸਯੋਗ ਪੁੱਤ੍ਰ ਸਰਦਾਰ ਜਵਾਲਾ ਸਿੰਘ ਵੀ ਵੱਡੀ ਸ਼ਾਨ ਵਾਲਾ ਸਰਦਾਰ ਮੰਨਿਆ ਜਾਂਦਾ ਸੀ। ਆਪ ਦੇ ਘਰ ਦੋ ਸਪੁੱਤ੍ਰ ਸਰਦਾਰ ਸੰਤ ਸਿੰਘ ਤੇ ਸਰਦਾਰ ਜੋਗਿੰਦਰ ਸਿੰਘ ਜਨਮੇ।

## ਸਰਦਾਰ ਜੋਗਿੰਦਰ ਸਿੰਘ ਦੀ ਵਿਦਿਆ ਦੀ ਧੁੰਮ

ਸਰਦਾਰ ਜੋਗਿੰਦਰ ਸਿੰਘ ਨੇ ਆਪਣੀ ਮਹਾਨ ਵਿਦਵਤਾ ਅਤੇ ਪੰਥਕ ਸੇਵਾ ਦੇ ਮੈਦਾਨ ਵਿਚ ਸਦਾ ਖਾਲਸੇ ਦੇ ਮੋਢੇ ਨਾਲ ਮੋਢਾ ਜੋੜ ਕੇ ਘਾਲਾਂ ਘਾਲਣ ਦੇ ਕਾਰਨ ਆਪਣੇ ਘਰਾਣੇ ਦੇ ਵਡੇ ਵਡੇਰਿਆਂ ਦਾ ਨਾਮ ਹੋਰ ਉੱਚਾ ਕਰਕੇ ਮੁੜ ਕੌਮ ਦੇ ਸਾਹਮਣੇ ਲੈ ਆਂਦਾ ਹੈ।



Sri Satguru Jagjit Singh Ji eLibrary NamdhariElibrary@gmail.com

## ਵਿਦਿਅਕ ਚਮਤਕਾਰ

ਸਰਦਾਰ ਜੋਗਿੰਦਰ ਸਿੰਘ ਅੰਗ੍ਰੇਜ਼ੀ ਵਿਦਿਆ ਦੇ ਐਨੇ ਫ਼ਾਜ਼ਲ ਹਨ ਕਿ ਆਪ ਦੀ ਲੇਖਣੀ ਦੀ ਮਹਾਨਤਾ ਨਾ ਕੇਵਲ ਹਿੰਦੁਸਤਾਨ ਵਿਚ ਹੀ ਮੰਨੀ ਜਾਂਦੀ ਹੈ ਸਗੋਂ ਯੂਰਪ ਦੇ ਵਿਦਵਾਨ ਵੀ ਆਪ ਦੀਆਂ ਲਿਖਤਾਂ ਨੂੰ ਬੜੇ ਆਦਰ ਦੀ ਨਜ਼ਰ ਨਾਲ ਪੜ੍ਹਦੇ ਹਨ। ਰਸਾਲਾ 'ਈਸਟ ਐਂਡ-ਵੈਸਟ' ਵਿਚ ਆਪ ਦੇ ਪ੍ਰਕਾਸ਼ਤ ਹੋ ਚੁਕੇ ਲੇਖ ਸਾਹਿੱਤ ਦਾ ਉੱਚਾ ਨਮੂਨਾ ਹਨ।

ਆਪ ਨੇ ਕਈ ਪੁਸਤਕਾਂ ਅੰਗਰੇਜ਼ੀ ਵਿਚ ਲਿਖੀਆਂ ਹਨ ਜਿਨ੍ਹਾਂ ਵਿਚੋਂ 'ਨੂਰ-ਜਹਾਨ' ਤੇ 'ਕਮਲਾ' ਵਿਦਵਾਨਾਂ ਦੀ ਨਿਗਾਹ ਵਿਚ ਖਾਸ ਪ੍ਰਭਤਾ ਰਖਦੀਆਂ ਹਨ।

ਧਾਰਮਕ ਦ੍ਰਿਸ਼ਟੀਕੋਨ ਤੋਂ 'ਦਸ ਸਪੋਕ ਗੁਰੂ ਨਾਨਕ' 'Thus Spoke Guru Nanak' ਅਤੇ 'ਸਿਖ ਸੈਰੇਮਨੀਜ਼' 'Sikh Ceremonies' ਆਪ ਦੀ ਯਾਦਗਾਰ ਨੂੰ ਸਦਾ ਲਈ ਅਟੱਲ ਰਖਣ ਵਾਲੀਆਂ ਚੀਜ਼ਾਂ ਹਨ।



Sri Satguru Jagjit Singh Ji eLibrary NamdhariElibrary@gmail.com

ਕੌਮੀ-ਪਰਵਾਨੇ ਠੇਠਰ

# ਸਰਦਾਰ ਸ਼ਮੀਰ ਸਿੰਘ

ਸਰਦਾਰ ਸ਼ਮੀਰ ਸਿੰਘ ਠੇਠਰ (ਲਾਹੌਰ) ਨਿਵਾਸੀ ਆਪਣੇ ਸਮੇਂ ਦਾ ਅਦੁਤੀ ਨਿਸ਼ਾਨੇ-ਬਾਜ਼ ਮੰਨਿਆ ਜਾਂਦਾ ਸੀ। ਇਸ ਦੀ ਬੰਦੂਕ ਤੇ ਤੀਰ ਦਾ ਨਿਸ਼ਾਨਾ ਐਸਾ ਅਚੂਕ ਹੁੰਦਾ ਸੀ ਜਿਹੜਾ ਸਦਾ ਨਿਸ਼ਾਨੇ ਪਰ ਵਜਦਾ ਸੀ।

ਸਰਦਾਰ ਸ਼ਮੀਰ ਸਿੰਘ ਸਣੇ ਆਪਣੇ ਤਿੰਨ ਹੋਰਨਾਂ ਭਾਈਆਂ ਦੇ ਖਾਲਸਾ ਰਾਜ ਦੀ ਉਸਾਰੀ ਦੇ ਕੰਮ ਵਿਚ ਸ਼ੇਰਿ ਪੰਜਾਬ ਦੀਆਂ ਮੁਢਲੀਆਂ ਜਿੱਤਾਂ ਵਿਚ ਸ਼ਾਮਲ ਰਹੇ ਸਨ।

## ਹਾਰੀ ਹੋਈ ਬਾਜ਼ੀ ਜਿੱਤਣੀ

ਸਰਦਾਰ ਸ਼ਮੀਰ ਸਿੰਘ ਚੱਠਿਆਂ ਦੀ ਪ੍ਰਸਿੱਧ ਲੜਾਈ ਜੇਹੜੀ ਮਾਨਚੜ ਦੇ ਮੈਦਾਨ ਵਿਚ ਲੜੀ ਗਈ ਸੀ ਬੜੇ ਨਾਜ਼ਕ ਸਮੇਂ ਸ਼ੇਰਿ ਪੰਜਾਬ ਦੇ ਕੰਮ ਆਇਆ ਸੀ। ਇਥੇ ਚੱਠੇ ਮੈਦਾਨ ਫਤਹ ਕਰਨ ਵਾਲੇ ਹੀ ਸਨ ਅਤੇ ਇਸ ਦੇ ਨਾਲ ਹੀ ਸ਼ੇਰਿ ਪੰਜਾਬ ਇਨ੍ਹਾਂ ਦੇ ਘੇਰੇ ਵਿਚ ਡਾਢਾ ਫਸ ਗਿਆ ਸੀ। ਠੀਕ ਇਸ ਅਤਿ ਕਠਨ ਸਮੇਂ ਬਹਾਦਰ ਸ਼ਮੀਰ ਸਿੰਘ ਨੇ ਆਪਣੀ ਬੰਦੂਕ ਤੋਂ ਐਸੀ ਸਹੀ ਨਿਸ਼ਾਨੇ ਪਰ ਗੋਲੀ ਚਲਾਈ ਜਿਸ ਨਾਲ ਚੱਠਿਆਂ ਦੇ ਆਗੂ ਨੂੰ ਫੁੰਡ ਸੁਟਿਆ ਤੇ ਉਹ ਉਥੇ ਹੀ ਤੜਫ ਕੇ ਠੰਡਾ ਹੋ ਗਿਆ। ਇਸ ਤਰ੍ਹਾਂ ਸ਼ੇਰਿ ਪੰਜਾਬ ਦੀ ਹਾਰੀ ਹੋਈ ਬਾਜ਼ੀ ਅੱਖ ਦੇ ਫ਼ਰਕਾਰੇ ਵਿਚ ਪੂਰਨ ਜਿੱਤ ਵਿਚ ਪਲਟ ਗਈ।

ਸਰਦਾਰ ਸ਼ਮੀਰ ਸਿੰਘ ਦੀ ਬੰਦੂਕ ਦੇ ਇਸ ਨਿਸ਼ਾਨੇ ਦੇ ਅਸਚਰਜ ਅਸਰ ਨੂੰ ਦੇਖ ਕੇ ਸ਼ੇਰਿ ਪੰਜਾਬ ਦਾ ਖ਼ਿਆਲ ਇਕਾਇਕ ਬਦਲ ਗਿਆ। ਇਸ ਤੋਂ ਪਹਿਲਾਂ ਆਪ ਆਖਿਆ ਕਰਦੇ ਸਨ ਕਿ 'ਮੈਦਾਨ ਜੰਗ ਵਿਚ ਤਲਵਾਰ ਦੀਆਂ ਨਹੀਂ ਰੀਸਾਂ' ਪਰ ਹੁਣ ਇਸ ਦਿਨ ਤੋਂ ਆਪ ਨੇ ਖਾਲਸਾ ਫੌਜ ਵਿਚ ਤਲਵਾਰ ਦੇ ਨਾਲ ਬੰਦੂਕ ਦਾ ਆਪਣੇ ਪਾਸ ਰਖਣਾ ਵੀ ਹਰ ਜਵਾਨ ਲਈ ਜ਼ਰੂਰੀ ਕਰ ਦਿੱਤਾ।

## ਕੋਟ ਬੁੱਢੇ ਖ਼ਾਨ ਦੀ ਫਤਹ

ਸੰਨ ੧੮੦੭ ਵਿਚ ਜਦ ਕਸੂਰੀ ਪਠਾਣਾਂ ਪਰ ਮਹਾਰਾਜਾ ਸਾਹਿਬ ਨੇ ਚੜ੍ਹਾਈ ਕੀਤੀ ਤਾਂ ਸਰਦਾਰ ਸ਼ਮੀਰ ਸਿੰਘ ਨੂੰ ਸਣੇ ਆਪਣੇ ਤਿੰਨਾਂ ਭਾਈਆਂ ਤੇ ਰਸਾਲੇ ਦੇ ਕੋਟ ਬੁੱਢੇ ਖਾਨ ਨੂੰ ਫਤਹ ਕਰਨ ਦਾ ਹੁਕਮ ਦਿਤਾ। ਇਹ ਧਾਵਾ ਆਪ ਨੇ ਇੰਨੀ ਬੀਰਤਾ ਨਾਲ ਕੀਤਾ ਕਿ ਬਹਾਦਰ ਪਠਾਣਾਂ, ਜਿਨ੍ਹਾਂ ਦੀ ਧਾਂਕ ਸਾਰੇ ਪੰਜਾਬ ਵਿਚ ਬੈਠੀ ਹੋਈ ਸੀ ਇਸ ਸਮੇਂ ਵਡੀ ਦਲੇਰੀ ਨਾਲ ਲੜਨ ਦੇ ਬਾਵਜੂਦ, ਸਰਦਾਰ ਸ਼ਮੀਰ ਸਿੰਘ ਦੇ ਤੂਫਾਨੀ ਧਾਵੇ ਨੂੰ ਨਾ ਠਲ੍ਹ ਸਕੇ। ਇਥੇ ਬੜੀ ਲਹੂ ਡੋਹਲਵੀਂ ਲੜਾਈ ਹੋਈ ਪਰ ਛੇਕੜ ਠੇਠਰ ਸਰਦਾਰ ਦਾ ਕਿਲ੍ਹੇ ਪਰ ਪੂਰਾ ਪੂਰਾ ਕਬਜ਼ਾ ਹੋ ਗਿਆ।



Sri Satguru Jagjit Singh Ji eLibrary NamdhariElibrary@gmail.com

ਕੋਟ ਬੁੱਢੇ ਖਾਨ ਤਾਂ ਫਤਹ ਹੋ ਗਿਆ, ਪਰ ਸਰਦਾਰ ਸ਼ਮੀਰ ਸਿੰਘ ਅਤੇ ਆਪ ਦੇ ਵੱਡੇ ਭਾਈ ਸਰਦਾਰ ਲੱਖਾ ਸਿੰਘ ਨੂੰ ਇਥੇ ਹਥੋ ਹਥ ਲੜਾਈ ਵਿਚ ਐਨੇ ਡੂੰਘੇ ਫਟ ਲਗੇ ਸਨ ਕਿ ਆਪ ਦੇ ਬਚੇ ਰਹਿਣ ਦੀ ਕੋਈ ਆਸ ਬਾਕੀ ਨਾ ਸੀ ਰਹੀ।

ਸਰਦਾਰ ਲੱਖਾ ਸਿੰਘ ਤਾਂ ਰਣਤਤੇ ਵਿਚ ਹੀ, ਸ਼ਮੀਰ ਸਿੰਘ ਦੀਆਂ ਅੱਖਾਂ ਦੇ ਸਾਹਮਣੇ, ਆਪਣਾ ਤਨ ਵਾਰ ਕੇ ਕੌਮੀ ਫਰਜ਼ ਪੂਰਾ ਕਰ ਗਿਆ ਅਤੇ ਸਰਦਾਰ ਸ਼ਮੀਰ ਸਿੰਘ ਵਿਚ ਅਜੇ ਕੁਝ ਸਵਾਸ ਧੜਕਦੇ ਸਨ। ਚੰਗੇ ਭਾਗਾਂ ਨੂੰ ਇਸ ਹਫੜਾ ਦਫੜੀ ਵਿਚ ਆਪ ਦੇ ਰਸਾਲੇ ਦੇ ਕੁਝ ਸਰਦਾਰਾਂ ਦੀ ਨਜ਼ਰ ਆਪ ਪਰ ਪਈ ਉਨ੍ਹਾਂ ਝਟ ਆਪ ਨੂੰ ਉਠਾ ਕੇ ਸੁਰਖਿਯਤ ਥਾਂ ਤੇ ਪੁਚਾ ਦਿਤਾ।

ਇਥੇ ਆਪ ਦੇ ਫੱਟ ਬੱਧੇ ਗਏ ਅਤੇ ਕਾਫੀ ਦਿਨਾਂ ਦੇ ਉਪਰੰਤ ਮਸਾਂ ਕਿਤੇ ਅਰੋਗਤਾ ਪ੍ਰਾਪਤ ਹੋਈ।

ਸ਼ੇਰਿ ਪੰਜਾਬ ਦੇ ਮਨ ਪਰ ਸਰਦਾਰ ਲੱਖਾਂ ਸਿੰਘ ਦੀ ਕੁਰਬਾਨੀ ਤੇ ਸਰਦਾਰ ਸ਼ਮੀਰ ਸਿੰਘ ਦੇ ਫ਼ੱਟੜ ਹੋਣ ਦਾ ਬੜਾ ਡੂੰਘਾ ਪ੍ਰਭਾਵ ਪਿਆ। ਇਸ ਸੇਵਾ ਬਦਲੇ ਆਪ ਨੂੰ ਵੱਡੀ ਜਗੀਰ ਤੇ ਹੋਰ ਜ਼ਿਮੇਵਾਰੀ ਦਾ ਉੱਚਾ ਅਹੁਦਾ ਦਿਤਾ।

## ਮਨਾਂ ਨੂੰ ਕੰਬਾ ਦੇਣ ਵਾਲੀ ਕੁਰਬਾਨੀ

ਸੰਨ ੧੯੦੮ ਦੇ ਅਰੰਭ ਵਿਚ ਸ਼ੇਰਿ ਪੰਜਾਬ ਨੇ ਪਹਾੜੀ ਇਲਾਕਾ, ਜਸਰੋਟਾ, ਚੰਬਾ, ਨੂਰ ਪੂਰ ਤੇ ਬਸੋਲੀ ਆਦਿ ਨੂੰ ਖਾਲਸਾ ਰਾਜ ਨਾਲ ਮਿਲਾਣ ਲਈ, ਆਪਣੇ ਨਾਮੀ ਸਰਦਾਰ ਤੇ ਚੋਣਵੀਂ ਫ਼ੌਜ ਨਾਲ ਚੜ੍ਹਾਈ ਕੀਤੀ। ਰਸਤੇ ਵਿਚ ਪਠਾਨਕੋਟ ਦੇ ਪ੍ਰਸਿਧ ਕਿਲ੍ਹੇ ਨੂੰ ਸਰ ਕਰਨ ਲਈ ਹੱਲਾ ਕੀਤਾ ਗਿਆ, ਅਗੋਂ ਕਿਲ੍ਹੇ ਵਾਲਿਆਂ ਬੜੀ ਦਲੇਰੀ ਨਾਲ ਡਟ ਕੇ ਟਾਕਰਾ ਕੀਤਾ। ਸਾਰਾ ਦਿਨ ਦੋਹਾਂ ਧਿਰਾਂ ਵਲੋਂ ਅੰਧਾ ਧੁੰਧ ਗੋਲੀਆਂ ਦਾ ਮੀਂਹ ਵਰ੍ਹਦਾ ਰਿਹਾ। ਸੂਰਮੇਂ ਆਪਣੇ ਜੰਗੀ ਕਮਾਲ ਇਕ ਦੂਜੇ ਨਾਲੋਂ ਵਧ ਚੜ੍ਹ ਕੇ ਦਸ ਰਹੇ ਸਨ। ਇਸ ਸਮੇਂ ਠੇਠਰ ਸਰਦਾਰਾਂ ਸਣੇ ਆਪਣੀ ਫੌਜ ਦੇ ਕਿਲ੍ਹੇ ਪਰ ਪੌੜੀਆਂ ਲਾ, ਤੁਰਤ ਫੁਰਤ ਜਾਨਾਂ ਹੂਲ ਕੇ ਉਪਰ ਚੜ੍ਹ ਗਏ।

ਉਪਰ ਪਹੁੰਚਦੇ ਹੀ ਸ: ਸ਼ਮੀਰ ਸਿੰਘ ਨੇ ਕਿਲ੍ਹੇ ਦੇ ਅੰਦਰ ਛਲਾਂਗ ਮਾਰ ਦਿਤੀ। ਇਸ ਨੂੰ ਦੇਖ ਕੇ ਇਸ ਦੇ ਹੋਰ ਦੋਹਾਂ ਬਹਾਦਰ ਭਾਈਆਂ, ਸਰਦਾਰ ਸਾਹਿਬ ਸਿੰਘ ਤੇ ਸਰਦਾਰ ਅਮੀਰ ਸਿੰਘ ਨੇ ਵੀ ਇਕਾ ਇਕ ਕਿਲ੍ਹੇ ਦੇ ਅੰਦਰ ਛਾਲਾਂ ਮਾਰੀਆਂ।

ਅਗੋਂ ਕਿਲ੍ਹੇ ਵਾਲੇ ਕਿਲ੍ਹੇ ਨੂੰ ਬਚਾਣ ਲਈ ਸੂਤੀਆਂ ਤੇਗਾਂ ਨਾਲ ਇਨ੍ਹਾਂ ਪਰ ਟੁਟ ਪਏ।

## ਤਿੰਨਾਂ ਭਾਈਆਂ ਦਾ ਆਪਾ ਵਾਰਨਾ

ਇਸ ਸਮੇਂ ਕਿਲ੍ਹੇ ਦੇ ਅੰਦਰ ਇਨ੍ਹਾਂ ਭਾਈਆਂ ਐਸੀ ਨਿਡਰਤਾ ਤੇ ਬੀਰਤਾ ਦੱਸੀ ਕਿ ਸੂਰਮਤਾ ਦੀ ਹੱਦ ਮੁਕਾ ਦਿਤੀ। ਇਥੇ ਉਹ ਭਗਉਤੀ ਚਲੀ ਕਿ ਸਭ ਹੈਰਾਨ ਰਹਿ ਗਏ। ਚੂੰਕਿ ਕਿਲ੍ਹੇ ਦੇ ਬਚਾਣ ਵਾਲਿਆਂ ਦੀ ਗਿਣਤੀ ਬਹੁਤ ਵਧੇਰੀ ਸੀ ਅਤੇ ਇਸ ਪਰ ਕਬਜ਼ਾ ਕਰਨ ਵਾਲੇ ਬਹੁਤ ਥੋੜੇ ਸਨ ਇਸ ਲਈ ਇਨ੍ਹਾਂ ਵਿਚੋਂ ਸਰਦਾਰ ਸਾਹਿਬ ਸਿੰਘ ਤੇ ਅਮੀਰ ਸਿੰਘ ਤਾਂ ਆਪਣਾ ਨਾਮ ਸੂਰਮਿਆਂ ਦੇ ਗਗਨ ਪਰ, ਸਦਾ ਲਈ ਚਮਕਦਾ ਛਡ ਕੇ ਆਪਣੇ ਸਰੀਰ ਬਲੀਦਾਨ ਕਰ ਗਏ ਅਤੇ ਸਰਦਾਰ ਸ਼ਮੀਰ ਸਿੰਘ ਮੁੜ ਸਖ਼ਤ ਫਟੜ ਹੋਇਆ। ਪਾਠਕਾਂ ਨੂੰ ਇਹ ਮਲੂਮ ਰਹੇ ਕਿ



Sri Satguru Jagjit Singh Ji eLibrary NamdhariElibrary@gmail.com

ਇਹਨਾਂ ਬੀਰਾਂ ਦੀਆਂ ਇਹ ਅਦੁਤੀ ਕੁਰਬਾਨੀਆਂ ਬਿਰਥੀਆਂ ਨਹੀਂ ਸੀ ਗਈਆਂ। ਇਸ ਕੁਰਬਾਨੀ ਦਾ ਕਿਲ੍ਹੇ ਵਾਲਿਆਂ ਪਰ ਐਸਾ ਭੈ ਛਾਇਆ ਕਿ ਉਨ੍ਹਾਂ ਹਥਿਆਰ ਸੁਟ ਦਿੱਤੇ ਅਤੇ ਸਰਕਾਰ ਦੀ ਈਨ ਮੰਨ ਲਈ।

ਇਸ ਤਰ੍ਹਾਂ ਨਾ ਕੇਵਲ ਇਸ ਕਿਲ੍ਹੇ ਪਰ ਹੀ ਖਾਲਸਾ ਰਾਜ ਦਾ ਝੰਡਾ ਝੁਲਾ ਦਿਤਾ ਗਿਆ, ਸਗੋਂ ਇਸ ਦੇ ਅਸਰ ਨਾਲ ਪਠਾਨਕੋਟ ਦਾ ਸਾਰਾ ਪਰਗਨਾ, ਸੁਜਾਨ ਪੁਰ ਤੇ ਕਾਂਗੜੇ ਦਾ ਬਹੁਤ ਸਾਰਾ ਇਲਾਕਾ ਖਾਲਸਾ ਰਾਜ ਦਾ ਇਕ ਵਡਾ ਭਾਗ ਬਣ ਗਿਆ।

ਵਾਕਿਆਤ ਦਸਦੇ ਹਨ ਕਿ ਚੰਦ ਮਹੀਨਿਆਂ ਦੇ ਅੰਦਰ ਠੇਠਰ ਭਾਈਆਂ ਵਿਚੋਂ ਤਿੰਨਾਂ ਵੀਰਾਂ ਤਾਂ ਆਪਣੀਆਂ ਬਹੁਮੁੱਲੀਆਂ ਜਾਨਾਂ ਆਪਣੇ ਖਾਲਸਾ ਰਾਜ ਦੀ ਬ੍ਰਿਧੀ ਲਈ ਨਿਛਾਵਰ ਕਰ ਦਿਤੀਆਂ ਅਤੇ ਚੌਥੇ ਸ਼ਮੀਰ ਸਿੰਘ ਨੇ ਏਨੇ ਹੀ ਥੋੜੇ ਸਮੇਂ ਵਿਚ ਸਰੀਰ ਪਰ ਅਨੇਕ ਘਾਓ ਖਾ ਕੇ ਆਪਣਾ ਬਹੁਤ ਸਾਰਾ ਲਹੂ ਪਾਣੀ ਵਤ ਵਗਾਇਆ।

## ਅਲੌਕਿਕ ਨਜ਼ਾਰਾ

ਇਸ ਸੰਗ੍ਰਾਮ ਦੀ ਫਤਹ ਉਪਰੰਤ ਜਦ ਇਨ੍ਹਾਂ ਦੋਹਾਂ ਕੌਮੀ ਸ਼ਹੀਦਾਂ ਦੀਆਂ ਖ਼ੂਨ ਵਿਚ ਲਥ ਪਥ ਹੋਈਆਂ ਦੇਹਾਂ, ਅਤੇ ਤੀਜੇ ਭਾਈ ਦਾ ਸਿਸਕ ਰਿਹਾ ਸਰੀਰ, ਮਹਾਰਾਜਾ ਸਾਹਿਬ ਦੇ ਸਾਹਮਣੇ ਲਿਆਂਦਾ ਗਿਆ ਤਾਂ ਸਰਕਾਰ ਦਾ ਮਨ ਕੌਮੀ ਪਿਆਰ ਦਾ ਇਹ ਵਿਚਿਤ੍ਰ ਚਿਤ੍ਰ ਦੇਖ ਕੇ ਅਥਾਹ ਜੋਸ਼ ਵਿਚ ਹੁਲਾਰੇ ਖਾਣ ਲਗਾ। ਸਰਕਾਰ ਨੇ ਝਟ ਆਪਣੇ ਕਮਰਕੱਸੇ ਦੀ ਬਹੁਮੁੱਲੀ ਸ਼ਾਲ ਇਨ੍ਹਾਂ ਕੌਮੀ ਪ੍ਰਵਾਨਿਆਂ ਪਰ ਸਤਿਕਾਰ ਵਜੋਂ ਪਾ ਦਿਤੀ, ਅਤੇ ਆਪਣੀ ਸਿਰੀ ਸਾਹਿਬ ਨੂੰ ਉਛਾਲ ਕੇ ਆਖਿਆ ਕਿ ਖਾਲਸਾ ਰਾਜ ਐਸੇ ਸੂਰਬੀਰਾਂ ਦੀਆਂ ਕੁਰਬਾਨੀਆਂ ਦੀ ਨੀਂਹ ਪਰ ਉੱਸਰ ਰਿਹਾ ਹੈ। ਜਿਸ ਦੀ ਫੌਜ ਵਿਚ ਇਹੋ ਜਿਹੇ ਸੂਰਮੇ ਹੋਣ ਉਨ੍ਹਾਂ ਦੇ ਮਾਲਕ ਨੂੰ ਕਿੰਨਾ ਫਖ਼ਰ ਕਰਨਾ ਚਾਹੀਦਾ ਹੈ।

ਇਸ ਦੇ ਬਾਅਦ ਬਹੁਤ ਬੜੀ ਫੌਜੀ ਸ਼ਾਨ ਨਾਲ, ਜਿਸ ਵਿਚ ਸ਼ੇਰਿ-ਪੰਜਾਬ ਆਪ ਵੀ ਸ਼ਾਮਲ ਸਨ ਇਨ੍ਹਾਂ ਅਤੇ ਹੋਰਨਾਂ ਸ਼ਹੀਦਾਂ ਦੀਆਂ ਪਾਵਨ ਮੜੋਲੀਆਂ ਨੂੰ ਬਸੰਤਰ ਦੀ ਭੇਟਾ ਕੀਤਾ ਗਿਆ।

ਖਾਲਸਾ ਰਾਜ ਦੀ ਇਸ ਬਹੁਮੁੱਲੀ ਸੇਵਾ ਦੀ ਖ਼ੁਸ਼ੀ ਵਿਚ ਮਹਾਰਾਜਾ ਸਾਹਿਬ ਨੇ ਇਸ ਘਰਾਣੇ ਦੀ ਜਾਗੀਰ ਵਿਚ ਹੋਰ ਬਹੁਤ ਸਾਰਾ ਵਾਧਾ ਕਰ ਦਿਤਾ। ਹੁਣ ਸ਼ੇਰਿ ਪੰਜਾਬ, ਇਸ ਘਰਾਣੇ ਦੀਆਂ ਇਨ੍ਹਾਂ ਕੁਰਬਾਨੀਆਂ ਦੇ ਉਪਰੰਤ ਸਰਦਾਰ ਸ਼ਮੀਰ ਸਿੰਘ ਦੀ ਬੜੀ ਇੱਜ਼ਤ ਕਰਦੇ ਹੁੰਦੇ ਸਨ।

## ਕਿਲ੍ਹਾ ਗੋਬਿੰਦ ਗੜ੍ਹ ਦੀ ਉਸਾਰੀ

ਸੰਨ ੧੮੦੮ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਜੀ ਦੀ ਵਧੇਰੀ ਰਖਿਆ ਲਈ ਇਕ ਬਹੁਤ ਬੜਾ ਸ਼ਾਨਦਾਰ ਕਿਲ੍ਹਾ ਉਸਾਰਨ ਦਾ ਹੁਕਮ ਦਿੱਤਾ। ਇਹ ਮਹਾਨ ਕੰਮ ਸਿਆਣੇ ਸਰਦਾਰ ਸ਼ਮੀਰ ਸਿੰਘ ਦੇ ਹੱਥ ਸੌਂਪਿਆ ਗਿਆ।

ਇਸ ਕਿਲ੍ਹੇ ਦੀ ਉਸਾਰੀ ਬਾਰੇ ਪਹਿਲਾਂ ਅੰਦਾਜ਼ਾ ਇਹ ਸੀ ਕਿ ਇਸ ਉਪਰ ਘੱਟੋ ਘਟ ਤਿੰਨ ਸਾਲ ਲਗਣਗੇ। ਪਰ ਸਰਦਾਰ ਸ਼ਮੀਰ ਸਿੰਘ ਦੀ ਦਿਨ ਰਾਤ ਦੀ ਅਥੱਕ ਘਾਲ ਦੇ ਕਾਰਨ ਕਿਲ੍ਹਾ



Sri Satguru Jagjit Singh Ji eLibrary NamdhariElibrary@gmail.com

ਨੀਯਤ ਸਮੇਂ ਤੋਂ ਬਹੁਤ ਪਹਿਲਾਂ ਤਿਆਰ ਹੋ ਗਿਆ। ਅਰਥਾਤ ਇਹ ਕਿਲ੍ਹਾ ਸੰਨ ੧੮੦੯ ਦੇ ਮੁਕਣ ਤੋਂ ਪਹਿਲਾਂ ਹੀ ਤਿਆਰ ਹੋ ਗਿਆ ਸੀ।[1]

ਇਸ ਪਰ ੩੫੦੦੦੦ ਰੁਪਿਆ ਖਰਚ ਆਇਆ ਸੀ। ਇਸ ਵਿਚ ੨੦੦ ਫੌਜੀ ਜਵਾਨਾਂ ਦੇ ਰਹਿਣ ਦਾ ਪੱਕਾ ਪ੍ਰਬੰਧ ਸੀ। ਕਿਲ੍ਹੇ ਦੀਆਂ ਫਸੀਲਾਂ ਪਰ ੨੦ ਵੱਡੀਆਂ ਤੋਪਾਂ ਬੀੜਨ ਦੇ ਬੁਰਜ ਸਨ।[2] ਇਸ ਵਿਚ ਖਾਲਸਾ ਰਾਜ ਦੇ ਸਭ ਤੋਂ ਵੱਡੇ ਖਜ਼ਾਨੇ ਜਮਾਂ ਕਰਨ ਲਈ ਪੱਕੇ ਜ਼ਮੀਨ ਦੋਜ਼ ਸਥਾਨ ਬਣਾਏ ਗਏ ਸਨ। ਜਿਨ੍ਹਾਂ ਵਿਚ ਪਿਛੋਂ ਜਾ ਕੇ ਸੋਨੇ ਚਾਂਦੀ ਦੀਆਂ ਇੱਟਾਂ, ਮੋਹਰਾਂ ਤੇ ਬੁਤਕੀਆਂ, ਜਿਨ੍ਹਾਂ ਦੀ ਮਾਲੀਅਤ ੮੦ ਕਰੋੜ ਰੁਪਿਆ ਸੀ ਅਤੇ ਇਸ ਤੋਂ ਵਖ ਦਸ ਕਰੋੜ ਰੁਪਿਆ ਰੋਕ ਵੀ ਇਥੇ ਜਮਾਂ ਕੀਤਾ ਗਿਆ ਸੀ।[3]

## ਇਸ ਕਿਲ੍ਹੇ ਦਾ ਨਾਮ ਰਖਣਾ

ਜਦ ਇਹ ਕਿਲ੍ਹਾ ਤਿਆਰ ਹੋ ਗਿਆ ਤਾਂ ਇਸ ਵਿਚ ਪ੍ਰਵੇਸ਼ ਕਰਨ ਦਾ ਬੜਾ ਦਰਬਾਰ ਕੀਤਾ ਗਿਆ, ਜਿਸ ਵਿਚ ਦੂਰ ਦੂਰ ਦੀਆਂ ਛਾਵਣੀਆਂ ਤੋਂ ਫੌਜੀ ਸਰਦਾਰ ਤੇ ਮੁਲਕੀ ਰਈਸਾਂ ਨੂੰ ਮੰਗਵਾਇਆ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੀ ਸੰਪੂਰਨਤਾ ਦੇ ਉਪਰੰਤ ਇਸ ਕਿਲ੍ਹੇ ਦੇ ਨਾਮ ਰੱਖਣ ਪਰ ਦਰਬਾਰ ਵਿਚ ਖੁਲ੍ਹੀ ਵਿਚਾਰ ਕਰਨ ਲਈ ਮਹਾਰਾਜਾ ਸਾਹਿਬ ਨੇ ਇੱਛਾ ਪ੍ਰਗਟ ਕੀਤੀ।

ਲੰਮੀ ਵਿਚਾਰ ਦੇ ਬਾਅਦ ਸ਼ੇਰਿ-ਪੰਜਾਬ ਦੀ ਹਜ਼ੂਰੀ ਵਿਚ ਉਸ ਸਮੇਂ ਜੇਹੜੇ ਨਾਮ ਪੇਸ਼ ਕੀਤੇ ਗਏ ਉਨ੍ਹਾਂ ਵਿਚੋਂ ਕੁਝ ਕੁ ਇਹ ਸਨ, "ਰਣਜੀਤ ਗੜ੍ਹ" "ਕੋਟ ਖੜਗ ਸਿੰਘ" "ਸ਼ੇਰ ਗੜ੍ਹ" ਆਦਿ। ਇਨ੍ਹਾਂ ਸਾਰੇ ਦਸੇ ਗਏ ਨਾਵਾਂ ਨੂੰ ਸੁਨਣ ਦੇ ਉਪਰੰਤ ਸ਼ੇਰਿ ਪੰਜਾਬ ਨੇ ਆਪਣੇ ਵਲੋਂ ਸੋਚਿਆ ਹੋਇਆ ਨਾਮ ਦਸਿਆ ਅਤੇ ਉਹ ਨਾਮ ਸੀ ਮਹਾਰਾਜਾ ਸਾਹਿਬ ਦੇ ਆਪਣੇ ਸਤਿਕਾਰ ਯੋਗ ਸਤਿ-ਗੁਰੂ ਸ੍ਰੀ ਦਸਮੇਸ਼ ਜੀ ਦੇ ਨਾਮ ਪਰ 'ਗੋਬਿੰਦਗੜ੍ਹ' ਸੀ। ਸ਼ੇਰਿ ਪੰਜਾਬ ਦੀ ਸ਼ਰਧਾ ਅਨੁਸਾਰ ਕਿਲ੍ਹੇ ਦਾ ਨਾਮ ਇਹ ਰਖਿਆ ਗਿਆ, ਇਸ ਨਾਮ ਨੂੰ ਸੁਣ ਕੇ ਸਾਰੇ ਦਰਬਾਰੀ ਧੰਨ ਧੰਨ ਕਰ ਉਠੇ।

ਮਹਾਰਾਜਾ ਰਣਜੀਤ ਸਿੰਘ ਦੀ ਆਪਣੇ ਸਤਿਗੁਰੂ ਲਈ ਸ਼ਰਧਾ ਦੇ ਪਿਆਰ ਦੀ ਇਹ ਦੂਜੀ ਮਿਸਾਲ ਸੀ। ਪਹਿਲੀ ਵੇਰ ਸਿੱਕਾ (ਜ਼ਰਬ ਚਲਾਣ ਸਮੇਂ, ਸਰਕਾਰ ਨੇ ਆਪਣੇ ਨਾਮ ਦੀ ਥਾਂਏ ਸਤਿਗੁਰੂ ਨਾਨਕ ਦੇਵ ਜੀ ਦੇ ਨਾਮ ਪਰ 'ਨਾਨਕ ਸ਼ਾਹੀ' ਰੁਪਿਆ ਚਾਲੂ ਕੀਤਾ ਸੀ ਅਤੇ ਹੁਣ ਦੂਜੀ ਵੇਰ ਇਸ ਯਾਦਗਾਰੀ ਕਿਲ੍ਹੇ ਦਾ ਨਾਮ ਆਪਣੇ ਯਾ ਆਪਣੇ ਸ਼ਾਹਜ਼ਾਦਿਆਂ ਦੇ ਨਾਮ ਪਰ ਰਖਣ ਦੀ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦੀ ਯਾਦਗਾਰ ਅਟੱਲ ਰਖਣ ਲਈ 'ਗੋਬਿੰਦ ਗੜ੍ਹ'[4] ਰਖਿਆ। ਸ਼ੇਰਿ ਪੰਜਾਬ ਦੇ ਇਨ੍ਹਾਂ ਅਮਲੀ ਕਰਤਵਾਂ ਤੋਂ ਸੌਖੇ ਹੀ ਸਰਕਾਰ ਦੇ ਧਾਰਮਕ ਜੀਵਨ ਦੀ ਝਲਕ ਅੱਖਾਂ ਅਗੇ ਆ ਖਲੋਂਦੀ ਹੈ।

---

1. ਅੰਮ੍ਰਿਤਸਰ ਡਿਸਟ੍ਰਿਕਟ, ਗਜ਼ਟੀਅਰ ਭਾਗ ਏ, ਸਫਾ ੧੬।
2. ਸੱਯਜ ਮੁਹੰਮਦ, ਲਤੀਫ, ਹਿਸਟਰੀ ਆਫ਼ ਦੀ ਪੰਜਾਬ, ੩੭੨।
3. ਕਰਨਲ ਸਟੀਨ ਬਾਚ, ਦੀ ਪੰਜਾਬ, ਸਫਾ ੧੬।
4. ਇਹ ਕਿਲ੍ਹਾ ਅਜੇ ਤਕ ਉਸੇ ਰੂਪ ਵਿਚ ਸ੍ਰੀ ਅੰਮ੍ਰਿਤਸਰ ਵਿਚ ਮੌਜੂਦ ਹੈ।



Sri Satguru Jagjit Singh Ji eLibrary NamdhariElibrary@gmail.com

## ਗੋਬਿੰਦ ਗੜ੍ਹ ਦੀ ਕਿਲ੍ਹਾਦਾਰੀ

ਇਸ ਕਿਲ੍ਹੇ ਦੀ ਉਸਾਰੀ ਦੇ ਕੰਮ ਨੂੰ ਠੇਠਰ ਸਰਦਾਰ ਦੇ ਐਸੀ ਯੋਜਨਾ ਨਾਲ ਸਿਰੇ ਚਾੜ੍ਹਨ ਦੇ ਕਾਰਨ ਸ਼ੇਰਿ ਪੰਜਾਬ ਸ: ਸ਼ਮੀਰ ਸਿੰਘ ਪਰ ਐਨੇ ਪ੍ਰਸੰਨ ਹੋਏ ਕਿ ਇਸ ਕਿਲ੍ਹੇ ਦਾ ਪਹਿਲਾ ਕਿਲ੍ਹੇਦਾਰ ਸਰਦਾਰ ਨੇ ਆਪ ਨੂੰ ਹੀ ਨੀਯਤ ਕੀਤਾ।

ਖਾਲਸਾ ਰਾਜ ਸਮੇਂ ਇਹ ਅਹੁਦਾ ਬੜਾ ਹੀ ਉੱਚਾ ਤੇ ਭਰੋਸੇ ਵਾਲਾ ਸਮਝਿਆ ਜਾਂਦਾ ਸੀ। ਕਈ ਕਰੋੜ ਰੁਪਏ ਦੇ ਖ਼ਜ਼ਾਨੇ ਤੋਂ ਛੁਟ ਜੰਗੀ ਹਥਿਆਰ ਤੇ ਬਹੁਤ ਭਾਰੀ ਜ਼ਖੀਰਾ ਗੋਲਾ ਬਰੂਦ ਅਤੇ ਹੋਰ ਜੰਗੀ ਸਾਮਾਨ ਇਸੇ ਕਿਲ੍ਹੇ ਵਿਚ ਰਖਿਆ ਗਿਆ ਸੀ।

ਇਸ ਭਾਰੀ ਜ਼ਿੰਮੇਵਾਰੀ ਦੇ ਅਹੁਦੇ ਪਰ ਆਪ ਦਸ ਸਾਲ ੮ ਮਹੀਨੇ ਰਹੇ। ਇਸ ਦੇ ਉਪਰੰਤ ਜਦ ਆਪ ਦੀ ਸੇਵਾ ਦੀ ਪਹਾੜੀ ਇਲਾਕੇ ਦੇ ਪ੍ਰਬੰਧ ਲਈ ਲੋੜ ਪ੍ਰਤੀਤ ਹੋਈ ਤਾਂ ਆਪ ਨੂੰ ਕਿਲ੍ਹਾ ਨੂਰਪੁਰ ਦੀ ਕਿਲ੍ਹਾਦਾਰੀ ਤੇ ਨਿਜ਼ਾਮਤ ਦਿਤੀ ਗਈ।

## ਨੂਰਪੁਰ ਦੀ ਕਿਲ੍ਹਾਦਾਰੀ

ਨੂਰਪੁਰ ਦੀ ਪਹਾੜੀ ਰਿਆਸਤ ਜਦ ਤੋਂ ਖਾਲਸਾ ਰਾਜ ਦੇ ਅਧੀਨ ਲੈ ਆਂਦੀ ਗਈ ਸੀ, ਉਥੋਂ ਦੇ ਰਈਸ ਦੀ ਸ਼ਰਾਰਤ ਦੇ ਕਾਰਨ ਇਸ ਇਲਾਕੇ ਵਿਚ ਕੁਝ ਨਾ ਕੁਝ ਰੌਲਾ ਰੱਪਾ ਹੁੰਦਾ ਰਹਿੰਦਾ ਸੀ। ਇਹ ਆਪਣਾ ਮਾਲੀਆ ਅਤੇ ਬਾਜ-ਗੁਜ਼ਾਰੀ ਦੇ ਤਾਰਨ ਵਿਚ ਸਦਾ ਗਾਫਲ ਰਹਿੰਦਾ ਸੀ। ਅਕਸਰ ਬਕਾਏ ਇਸ ਦੇ ਜ਼ਿੰਮੇ ਨਿਕਲਦੇ ਰਹਿੰਦੇ ਸਨ।

ਸ਼ੇਰਿ ਪਜਾਬ ਨੇ ਕਈ ਵੇਰਾਂ ਇਸ ਪਹਾੜੀਏ ਨੂੰ ਸਿਧੇ ਰਾਹੇ ਪਾਣ ਦਾ ਯਤਨ ਕੀਤਾ। ਕਈ ਜ਼ਿੰਮੇਵਾਰ ਅਫਸਰ ਇਥੇ ਭੇਜੇ ਗਏ। ਪਰ ਜਿਹੋ ਜਿਹਾ ਪ੍ਰਬੰਧ ਮਹਾਰਾਜਾ ਸਾਹਿਬ ਚਾਹੁੰਦੇ ਸਨ ਓਹੋ ਜਿਹਾ ਨਾ ਹੋ ਸਕਿਆ।

ਛੇਕੜ ਸੰਨ ੧੮੧੯ ਵਿਚ ਲੰਮੀ ਵਿਚਾਰ ਦੇ ਉਪਰੰਤ ਇਸ ਕੰਮ ਦੀ ਸਫਲਤਾ ਲਈ ਸ਼ੇਰਿ ਪੰਜਾਬ ਨੇ ਸਰਦਾਰ ਸ਼ਮੀਰ ਸਿੰਘ ਨੂੰ ਯੋਗ ਸਮਝ ਕੇ ਨੂਰਪੁਰ ਦਾ ਹਾਕਮ ਨੀਯਤ ਕਰਕੇ ਭੇਜਿਆ।

ਆਪ ਦੀ ਥਾਂ ਕਿਲ੍ਹਾ ਗੋਬਿੰਦ ਗੜ੍ਹ ਦਾ ਕਿਲ੍ਹਾਦਾਰ ਫਕੀਰ ਅਜ਼ੀਜ਼ੋਦੀਨ ਦਾ ਨਿੱਕਾ ਭਾਈ ਫਕੀਰ ਇਮਾਮੋਦੀਨ ਨੀਯਤ ਹੋਇਆ। ਸਰਦਾਰ ਸ਼ਮੀਰ ਸਿੰਘ ਨੇ ਨੂਰਪੁਰ ਪਹੁੰਚ ਕੇ ਆਪਣੇ ਅਧਿਕਾਰਾਂ ਦੀ ਐਸੀ ਯੋਗ ਵਰਤੋਂ ਕੀਤੀ ਕਿ ਜਿਸ ਦੇ ਅਸਰ ਨਾਲ ਇਥੇ ਦੇ ਰਈਸ ਤੇ ਵਸਨੀਕ ਸਿਧੇ ਤੀਰ ਹੋ ਗਏ।

ਪਿਛਲੇ ਬਕਾਏ ਦਾ ਇਕ ਇਕ ਪੈਸਾ ਉਨ੍ਹਾਂ ਤੋਂ ਪ੍ਰਾਪਤ ਕਰ ਲਿਆ ਤੇ ਅਗੇ ਨੂੰ ਸਾਰੇ ਜ਼ਰੂਰੀ ਦਾਖ਼ਲੇ ਸਮੇਂ ਸਿਰ ਹੋਣ ਲਗ ਪਏ।

## ਚਲਾਣਾ

ਮਹਾਰਾਜਾ ਸਾਹਿਬ ਆਪ ਦੀ ਇਸ ਸੇਵਾ ਪਰ ਅਤਿ ਪ੍ਰਸੰਨ ਹੋਏ ਤੇ ਆਪ ਦੀ ਪਹਿਲੀ ਜਾਗੀਰ ਵਿਚ ਹੋਰ ਵਾਧਾ ਕੀਤਾ ਗਿਆ। ਇਸ ਤਰ੍ਹਾਂ ਸਰਦਾਰ ਸ਼ਮੀਰ ਸਿੰਘ ਠੇਠਰ ਆਪਣਾ ਸਾਰਾ ਜੀਵਨ ਘਾਲਾਂ ਘਾਲਕੇ ਜਿਸ ਵਿਚ ਆਪਨੂੰ ਕਈ ਵਾਰੀ ਆਪਣੇ ਖ਼ੂਨ ਦੇ ਹੜ੍ਹ ਵਗਾਣੇ ਪਏ ਸਨ ਅਤੇ ਆਪਣੇ ਤਿੰਨਾਂ ਸ਼ੇਰ ਵਰਗੇ ਜਵਾਨ ਭਾਈਆਂ ਨੂੰ ਖਾਲਸਾ ਰਾਜ ਦੀ ਉਸਾਰੀ ਲਈ



Sri Satguru Jagjit Singh Ji eLibrary NamdhariElibrary@gmail.com

ਆਪਣੀਆਂ ਅੱਖਾਂ ਦੇ ਸਾਹਮਣੇ ਭੇਟਾ ਚੜ੍ਹਾਕੇ ਸੰਨ ੧੯੪੨ ਵਿਚ ਆਪਣੇ ਦੇਸ਼ ਵਿਚ ਆਪਣਾ ਨਾਮ ਸਦਾ ਲਈ ਅਮਿਟ ਛੱਡਕੇ ਪ੍ਰਲੋਕ ਸਿਧਾਰ ਗਿਆ।

## ਇਸ ਘਰਾਣੇ ਦੇ ਹੋਰ ਬੀਰ

ਸਰਦਾਰ ਸ਼ਮੀਰ ਸਿੰਘ ਦੇ ਚਲਾਣੇ ਦੇ ਉਪਰੰਤ ਆਪ ਦਾ ਸਪੁੱਤ੍ਰ ਸਰਦਾਰ ਬਚਨ ਸਿੰਘ ਅਤੇ ਭਤੀਜਿਆਂ ਵਿਚੋਂ ਸਰਦਾਰ ਸ਼ੇਰ ਸਿੰਘ ਨੇ ਖਾਲਸਾ ਰਾਜ ਦੇ ਵਾਧੇ ਲਈ ਕਈ ਸੰਗ੍ਰਾਮਾਂ ਵਿਚ ਬੜੀ ਨਿਡਰਤਾ ਨਾਲ ਹਿੱਸਾ ਲਿਆ। ਜਿਸ ਨਾਲ ਆਪ ਨੇ ਆਪਣੇ ਘਰਾਣੇ ਦੇ ਵਡੇ ਵਡੇਰਿਆਂ ਦੇ ਨਾਮ ਨੂੰ ਹੋਰ ਵਧ ਉਜਾਗਰ ਕਰ ਦਿੱਤਾ। ਖਾਸ ਕਰ ਕਸ਼ਮੀਰ, ਨੌਸ਼ੈਹਰਾ, ਤਰਕੀ, ਬੰਨੂੰ, ਖੈਰਾਬਾਦ ਅਤੇ ਪਿਸ਼ਾਵਰ ਦੀਆਂ ਰਣਭੂਮੀਆਂ ਵਿਚ ਆਪ ਦੇ ਸ਼ਾਨਦਾਰ ਕਾਰਨਾਮੇ ਕਦੇ ਨਾ ਭੁਲਣ ਵਾਲੇ ਸਨ, ਇਹੀ ਕਾਰਨ ਸੀ ਕਿ ਇਹ ਘਰਾਣਾ ਖਾਲਸਾ ਫੌਜ ਵਿਚ ਅਤਿ ਪਿਆਰਿਆ ਜਾਂਦਾ ਸੀ।



Sri Satguru Jagjit Singh Ji eLibrary NamdhariElibrary@gmail.com

ਅਣਖੀਲੇ ਰੂਸੇ

# ਸਰਦਾਰ ਜੋਧ ਸਿੰਘ

ਰੂਸੇ ਸਰਦਾਰਾਂ ਦਾ ਘਰਾਣਾ ਖਾਲਸਾ ਰਾਜ ਦੇ ਇਤਿਹਾਸ ਵਿਚ ਆਪਣੀਆਂ ਕੁਰਬਾਨੀਆਂ ਦੇ ਕਾਰਨ, ਬਹੁਤ ਉੱਚੀ ਥਾਂ ਰਖਦਾ ਹੈ। ਇਨ੍ਹਾਂ ਆਪਾ-ਵਾਰੂ ਸੂਰਮਿਆਂ ਨੇ ਖਾਲਸਾ ਰਾਜ ਦੀ ਉਸਾਰੀ ਤੇ ਇਸ ਦੀ ਰਖਿਆ ਲਈ ਬੇਗਿਣਤ ਜਾਨਾਂ ਵਾਰੀਆਂ ਸਨ।

ਇਸ ਖਾਨਦਾਨ ਦਾ ਬਾਨੀ ਸਰਦਾਰ ਜੋਧ ਸਿੰਘ ਰੂਸਾ ਉਹ ਮਹਾਨ ਹਸਤੀ ਸੀ, ਜਿਸ ਨੂੰ ਇਸ ਗੱਲ ਦੀ ਵਡਿਆਈ ਪ੍ਰਾਪਤ ਸੀ ਕਿ ਜਦ ਸ਼ੇਰਿ ਪੰਜਾਬ ਨੇ ਲਾਹੌਰ ਪਰ ਧਾਵਾ ਕਰਕੇ ਇਸ ਨੂੰ ਫ਼ਤਹ ਕੀਤਾ ਅਤੇ ਖਾਲਸਾ ਰਾਜ ਦੀ ਨੀਂਹ ਰਖੀ ਤਾਂ ਉਸ ਸਮੇਂ ਬਹਾਦਰ ਸਰਦਾਰ ਜੋਧ ਸਿੰਘ ਸਰਕਾਰ ਦੇ ਨਾਲ ਇਸ ਸੰਗ੍ਰਾਮ ਵਿਚ ਮੌਜੂਦ ਸੀ। ਸ਼ੇਰਿ-ਪੰਜਾਬ ਸਦਾ ਲਈ ਆਪਣੇ ਉਨ੍ਹਾਂ ਪਹਿਲੇ ਸਾਥੀਆਂ ਦੀ ਬੜੀ ਇੱਜ਼ਤ ਕਰਦੇ ਹੁੰਦੇ ਸਨ ਜਿਨ੍ਹਾਂ ਬੀਰਾਂ ਖਾਲਸਾ ਰਾਜ ਦੀ ਨੀਂਹ ਰਖਣ ਵਿਚ ਉਸ ਦੀ ਸਹਾਇਤਾ ਕੀਤੀ ਸੀ। ਸ਼ੇਰਿ-ਪੰਜਾਬ ਆਪ ਨੂੰ ਉਨ੍ਹਾਂ ਚੰਦ ਗਿਣਤੀ ਦੇ ਬਹਾਦਰ ਸਰਦਾਰਾਂ ਵਿਚੋਂ ਗਿਣਦੇ ਹੁੰਦੇ ਸਨ ਜੇਹੜੇ ਕਠਨ ਤੋਂ ਕਠਨ ਰਣਭੂਮੀਆਂ ਵਿਚ ਵੀ ਅਡੋਲ ਰਹਿਕੇ ਸਫਲਤਾ ਪ੍ਰਾਪਤ ਕਰਦੇ ਹੁੰਦੇ ਸਨ।

ਇਹੀ ਕਾਰਨ ਸੀ ਕਿ ਖਾਲਸਾ ਰਾਜ ਦੇ ਵਾਧੇ ਲਈ ਅਗੇ ਨੂੰ ਜਦ ਕੋਈ ਵੱਡੀ ਮੁਹਿੰਮ ਤਿਆਰ ਹੁੰਦੀ ਤਾਂ ਸਰਦਾਰ ਜੋਧ ਸਿੰਘ ਸਦਾ ਉਸ ਵਿਚ ਸਭ ਤੋਂ ਅਗੇ ਅਗੇ ਹੁੰਦਾ ਸੀ। ਆਪ ਦੇ ਜੀਵਨ ਦੇ ਕਾਰਨਾਮਿਆਂ ਵਿਚੋਂ ਪਿੰਡੀ ਭੱਟੀਆਂ, ਕਸੂਰ ਅਤੇ ਝੰਗ ਦੇ ਸੰਗ੍ਰਾਮ ਖਾਸ ਮਹਾਨਤਾ ਰਖਦੇ ਹਨ।

## ਪਿੰਡੀ ਭੱਟੀਆ ਦੀ ਫ਼ਤਹ

ਸੰਨ ੧੮੦੨ ਦੇ ਅਖੀਰ ਪਰ ਸ਼ੇਰਿ-ਪੰਜਾਬ ਨੂੰ ਕਈ ਫਰਿਯਾਦਾਂ ਪਹੁੰਚੀਆਂ ਕਿ ਪਿੰਡੀ ਭੱਟੀਆਂ ਅਤੇ ਚਿਨੋਟ ਦੇ ਹੁਕਮਰਾਨ ਪ੍ਰਜਾ ਪਰ ਅਤਿ ਦੇ ਕਹਿਰ ਢਾਹ ਰਹੇ ਹਨ[1]। ਜਿਸ ਨਾਲ ਸਾਰੇ ਇਲਾਕੇ ਵਿਚ ਹਾਹਾਕਾਰ ਮਚੀ ਹੋਈ ਹੈ।

ਸ਼ੇਰਿ-ਪੰਜਾਬ ਆਪਣੇ ਨਾਮੀ ਸਰਦਾਰਾਂ ਨੂੰ ਜਿਨ੍ਹਾਂ ਵਿਚੋਂ ਸਰਦਾਰ ਫਤਹ ਸਿੰਘ ਕਾਲਿਆਂ ਵਾਲਾ ਅਤੇ ਸਰਦਾਰ ਜੋਧ ਸਿੰਘ ਰੂਸੇ ਦਾ ਨਾ ਖਾਸ ਲਿਖਣ ਯੋਗ ਹੈ, ਹੁਕਮ ਦਿਤਾ ਕਿ ਇਕ ਤਕੜੀ ਮੁਹਿੰਮ ਤਿਆਰ ਕੀਤੀ ਜਾਏ ਤਾਕਿ ਪਿੰਡੀ ਭੱਟੀਆਂ ਅਤੇ ਚਿਨੋਟ ਦੇ ਇਲਾਕੇ ਦੇ ਦੁਖੀਆਂ ਨੂੰ ਉਨ੍ਹਾਂ ਦੇ ਨਿਰਦਈ ਹਾਕਮਾਂ ਦੀ ਸਖ਼ਤੀ ਤੋਂ ਛੁਟਕਾਰਾ ਦਿਵਾਇਆ ਜਾਏ।

ਮਹਾਰਾਜਾ ਸਾਹਿਬ ਦੇ ਇਸ ਹੁਕਮ ਅਨੁਸਾਰ ਥੋੜੇ ਦਿਨਾਂ ਵਿਚ ਹੀ ਸਾਰੇ ਲੋੜੀਂਦੇ ਪ੍ਰਬੰਧ

1. ਸੱਯਦ ਮੁਹੰਮਦ ਲਤੀਫ, ਹਿਸਟਰੀ ਆਫ ਦੀ ਪੰਜਾਬ, ਸਫਾ ੩੫੬।



Sri Satguru Jagjit Singh Ji eLibrary NamdhariElibrary@gmail.com

ਕਰ ਲੀਤੇ ਗਏ ਅਤੇ ਇਸ ਦੀ ਰਪੋਰਟ ਸਰਕਾਰ ਨੂੰ ਦੇ ਦਿਤੀ ਗਈ, ਜਿਸ ਨੇ ਤੁਰਤ ਹੀ ਕੂਚ ਦੇ ਫੁਰਮਾਨ ਜਾਰੀ ਕਰ ਦਿਤੇ। ਇਸ ਮੁਹਿੰਮ ਦੀ ਅਗਵਾਈ ਸ਼ੇਰਿ-ਪੰਜਾਬ ਨੇ ਆਪਣੇ ਹੱਥ ਰਖੀ।

ਓਧਰ ਜਦ ਪਿੰਡੀ ਭੱਟੀਆਂ ਦੇ ਹੁਕਮਰਾਨ ਨੇ ਖਾਲਸਾ ਫੌਜ ਦਾ ਰੁਖ਼ ਆਪਣੇ ਵਲ ਡਿਠਾ ਤਾਂ ਉਸ ਨੇ ਤੁਰਤ ਹੀ ਖਾਲਸੇ ਦੇ ਟਾਕਰੇ ਲਈ ਤਿਆਰੀ ਕਰ ਲਈ। ਜਦ ਖਾਲਸਾ ਫੌਜ ਨੇ ਪਹਿਲੇ ਦਿਨ ਭੱਟੀਆਂ ਦੀ ਬਾਹਰਲੀ ਗੜ੍ਹੀ ਪਰ ਧਾਵਾ ਕੀਤਾ ਤਾਂ ਅਗੋਂ ਗ਼ਨੀਮ ਜਾਨ ਤੋੜਕੇ ਲੜਿਆ ਪਰ ਖਾਲਸਾ ਫ਼ੌਜ ਦੀ ਸ਼ਕਤੀ ਦਾ ਇਸ ਨੂੰ ਚੰਗੀ ਤਰ੍ਹਾਂ ਪਤਾ ਲਗ ਗਿਆ ਸੀ ਕਿ ਖਾਲਸੇ ਨਾਲ ਲੜਨਾ ਕੋਈ ਸੌਖੀ ਜੇਹੀ ਖੇਡ ਨਹੀਂ। ਜਿਸ ਕਰਕੇ ਉਨ੍ਹਾਂ ਨੂੰ ਹਥਿਆਰ ਸੁਟਕੇ ਖਾਲਸੇ ਦੀ ਇਤਾਇਤ ਮੰਨਣ ਤੋਂ ਛੁਟ ਹੋਰ ਕੋਈ ਚੰਗਾ ਰਾਹ ਨਾ ਲੱਭਾ। ਸੋ ਇਨ੍ਹਾਂ ਬਿਨਾਂ ਕਿਸੇ ਸ਼ਰਤ ਦੇ ਆਪਣਾ ਆਪ ਖਾਲਸੇ ਦੇ ਹਵਾਲੇ ਕਰ ਦਿਤਾ। ਇਸ ਪਰ ਮਹਾਰਾਜੇ ਨੇ ਇਸ ਨੂੰ ਗੁਜ਼ਾਰੇ ਲਈ ਯੋਗ ਜਾਗੀਰ ਦੇ ਕੇ ਬਾਕੀ ਦਾ ਇਲਾਕਾ ਖਾਲਸਾ ਰਾਜ ਨਾਲ ਮਿਲਾ ਲਿਆ। ਇਸ[1] ਲੜਾਈ ਵਿਚ ਸਰਦਾਰ ਜੋਧ ਸਿੰਘ ਨੇ ਬੜੀ ਬਹਾਦਰੀ ਦਸੀ ਜਿਸ ਦਾ ਸ਼ੇਰਿ-ਪੰਜਾਬ ਦੇ ਮਨ ਪਰ ਬੜਾ ਅਸਰ ਪਿਆ।

## ਚਿਨੋਟ ਪਰ ਕਬਜ਼ਾ

ਪਿੰਡੀ ਭੱਟੀਆਂ ਦਾ ਯੋਗ ਪ੍ਰਬੰਧ ਕਰਨ ਦੇ ਉਪਰੰਤ ਮਹਾਰਾਜਾ ਸਾਹਿਬ ਨੇ ਸਣੇ ਆਪਣੀ ਫਤਹਯਾਬ ਫ਼ੌਜ ਦੇ ਚਿਨੋਟ ਵਲ ਵਾਗਾਂ ਮੋੜੀਆਂ।

ਇਥੇ ਦਾ ਕਿਲ੍ਹਾ ਆਪਣੀ ਪਕਿਆਈ ਲਈ ਬੜਾ ਪ੍ਰਸਿੱਧ ਸੀ। ਕਿਲ੍ਹੇਦਾਰ ਨੇ ਜਦ ਖਾਲਸਾ ਫੌਜ ਨੂੰ ਏਧਰ ਵਧਦਾ ਸੁਣਿਆਂ ਤਾਂ ਆਪਣੇ ਕਿਲ੍ਹੇ ਨੂੰ ਹੋਰ ਪੱਕਾ ਕਰਕੇ ਟਾਕਰੇ ਲਈ ਡਟ ਗਿਆ। ਖਾਲਸਾ ਫੌਜ ਨੂੰ ਇਕ ਦਿਨ ਆਰਾਮ ਦੇਣ ਦੇ ਉਪਰੰਤ, ਅਗਲੇ ਦਿਨ ਪਹੁ-ਫੁਟਾਲੇ ਤੋਂ ਪਹਿਲਾਂ ਹੀ ਚੰਦ ਦੀ ਚਾਂਦਨੀ ਵਿਚ ਕਿਲ੍ਹੇ ਪਰ ਹੱਲਾ ਬੋਲ ਦਿਤਾ।

ਹੁਣ ਬਾਹਰੋਂ ਹੱਲਾ ਕਰ ਰਹੀ ਫ਼ੌਜ ਅਤੇ ਅੰਦਰ ਹੱਲੇ ਨੂੰ ਰੋਕਣ ਵਾਲੀ ਸੈਨਾ, ਬੜੀ ਬੀਰਤਾ ਨਾਲ ਮੋਹਲੇ-ਧਾਰ ਮੀਂਹ ਵਾਂਗ ਗੋਲੀਆਂ ਵਸਾ ਰਹੀ ਸੀ। ਇਹ ਸਾਰਾ ਦਿਨ ਅਤੇ ਇਸ ਤੋਂ ਅਗਲਾ ਦਿਨ ਵੀ ਇਸੇ ਤਰ੍ਹਾਂ ਬੀਤ ਗਿਆ ਤੇ ਕਿਸੇ ਧਿਰ ਵਲੋਂ ਕਮੀ ਦੇ ਨਿਸ਼ਾਨ ਨਾ ਦਿੱਸੇ।

ਤੀਜੇ ਦਿਨ ਸ਼ੇਰਿ-ਪੰਜਾਬ ਨੇ ਸਰਦਾਰ ਜੋਧ ਸਿੰਘ ਨੂੰ ਹੁਕਮ ਦਿੱਤਾ ਕਿ ਅੱਜ ਵੱਡੀਆਂ ਤੋਪਾਂ ਕਿਲ੍ਹੇ ਦੇ ਦਰਵਾਜ਼ੇ ਦੇ ਸਾਹਮਣੇ ਬੀੜ ਕੇ ਇਸ ਨੂੰ ਉਡਾ ਦੇਵੇ ਤੇ ਇਸ ਲੜਾਈ ਨੂੰ ਅੱਜ ਹੀ ਫਤਹ ਕਰਕੇ ਮੁਕਾ ਦਿੱਤਾ ਜਾਏ।

ਸ਼ੇਰਿ-ਪੰਜਾਬ ਦੇ ਇਸ ਹੁਕਮ ਨੂੰ ਪੂਰਾ ਕਰਨ ਲਈ ਬਹਾਦਰ ਸਰਦਾਰ ਜੋਧ ਸਿੰਘ ਸਣੇ ਕੁਝ ਸਾਥੀਆਂ ਦੇ ਆਪਣੀ ਜਾਨ ਤੋਂ ਹਥ ਧੋ ਕੇ ਵਰ੍ਹਦੀਆਂ ਗੋਲੀਆਂ ਦੀ ਵਾਛੜ ਵਿਚੋਂ ਅਡੋਲ ਲੰਘ ਕੇ ਕਿਲ੍ਹੇ ਦੇ ਦਰਵਾਜ਼ੇ ਤਕ ਜਾ ਪੁਜਾ। ਕਰੜਾ ਟਾਕਰਾ ਹੋ ਰਿਹਾ ਸੀ, ਬਾਹਰੋਂ ਤੋਪਾਂ ਦੇ ਭਾਰੇ ਗੋਲੇ ਜਦ ਅੱਗੋਂ ਉਸੇ ਤਰ੍ਹਾਂ ਕਈ ਵਾਰ ਦਰਵਾਜ਼ੇ ਪਰ ਲੱਗੇ ਤਾਂ ਦਰਵਾਜ਼ਾ ਹਿੱਲ ਗਿਆ, ਉਪਰੋਂ ਹੋਰ ਚੋਟਾਂ ਲਾਉਣ ਨਾਲ ਦਰਵਾਜ਼ਾ ਡਿੱਗ ਪਿਆ। ਇਸ ਸਮੇਂ ਸੂਰਮਿਆਂ ਦਾ ਜੋਸ਼ ਛਲਕ ਪਿਆ ਅਤੇ ਉਹ ਆਪਣੀਆਂ ਭਗੌਤੀਆਂ ਧੂਹ ਕੇ ਕਿਲ੍ਹੇ ਦੇ ਦਰਵਾਜ਼ੇ ਪਰ ਟੁਟ ਪਏ।

---

2. ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ ਦੀ ਪੰਜਾਬ, ਸਫ਼ਾ ੩੫੬।



Sri Satguru Jagjit Singh Ji eLibrary NamdhariElibrary@gmail.com

ਇਨ੍ਹਾਂ ਹੱਲਾ ਕਰਨ ਵਾਲਿਆਂ ਵਿਚੋਂ ਸਰਦਾਰ ਜੋਧ ਸਿੰਘ ਰੁਸਾ, ਕੌਮੀ ਜੋਸ਼ ਵਿਚ ਮੱਤਾ ਹੋਇਆ ਸਭ ਤੋਂ ਪਹਿਲਾਂ ਕਿਲ੍ਹੇ ਵਿਚ ਵਾਹੋਦਾਹੀ ਜਾ ਵੜਿਆ ਅਤੇ ਐਸੀ ਤੇਗ ਚਲਾਈ ਕਿ ਦੇਖਣ ਵਾਲੇ ਹੈਰਾਨ ਰਹਿ ਗਏ।

ਅੱਗੋਂ ਕਿਲ੍ਹੇ ਵਾਲਿਆਂ ਵੀ ਦਿਲ ਖੋਲ੍ਹ ਕੇ ਬੀਰਤਾ ਦਾ ਸਬੂਤ ਦਿੱਤਾ। ਇਸ ਅਤਿ ਖ਼ਤਰਨਾਕ ਸਮੇਂ ਸਰਦਾਰ ਜੋਧ ਸਿੰਘ ਮਸਤ ਹਾਥੀ ਵਾਂਗ ਝੂਮਦਾ ਝਾਮਦਾ ਅੱਗੇ ਵਧਦਾ ਗਿਆ। ਹੁਣ ਹਥੋ ਹਥ ਲੜਦਿਆਂ ਸ਼ਤਰੂ ਵਲੋਂ ਇਕ ਜਵਾਨ ਨੇ ਆਪ ਪਰ ਆਪਣੇ ਸੇਲੇ ਦਾ ਐਸਾ ਵਾਰ ਕੀਤਾ ਜਿਸ ਨਾਲ ਰੁਸੇ ਸਰਦਾਰ ਨੂੰ ਬੜਾ ਕਾਰੀ ਫੱਟ ਲੱਗਾ ਪਰ ਆਪ ਉਸ ਵਕਤ ਤਕ ਬਰਾਬਰ ਤਲਵਾਰ ਚਲਾਉਂਦੇ ਰਹੇ, ਜਦ ਤੀਕ ਕਿਲ੍ਹੇ ਵਾਲਿਆਂ ਆਪਣੇ ਹਥਿਆਰ ਸੁਟ ਕੇ ਆਪਣੇ ਆਪ ਨੂੰ ਇਨ੍ਹਾਂ ਦੇ ਹਵਾਲੇ ਨਾ ਕਰ ਦਿੱਤਾ।

ਇਸ ਦੇ ਉਪਰੰਤ ਸਾਰੇ ਕਿਲ੍ਹੇ ਪਰ ਵਿਜਈ ਫੌਜ ਦਾ ਕਬਜ਼ਾ ਹੋ ਗਿਆ। ਇਸ ਕਿਲ੍ਹੇ ਵਿਚੋਂ ਕਈ ਹਜ਼ਾਰ ਰੁਪਿਆ ਰੋਕ, ਬਹੁਤ ਸਾਰੇ ਹਥਿਆਰ, ਜਿਨ੍ਹਾਂ ਵਿਚ ਦੋ ਤੋਪਾਂ ਠੀਕ ਹਾਲਤ ਵਿਚ ਖਾਲਸੇ ਦੇ ਹੱਥ ਲੱਗੀਆਂ, ਇਨ੍ਹਾਂ ਤੋਂ ਛੁਟ ਗੋਲਾ ਬਰੂਦ ਅਤੇ ਬਹੁਤ ਸਾਰੇ ਅਨਾਜ ਦੇ ਜ਼ਖੀਰੇ ਪਰ ਕਬਜ਼ਾ ਕਰ ਲਿਆ ਗਿਆ।

ਸ਼ੇਰਿ ਪੰਜਾਬ ਜਿਹੜੇ ਇਸ ਸਾਰੀ ਮੁਹਿੰਮ ਦੇ ਆਪ ਵੱਡੇ ਸਾਲਾਰ ਸਨ, ਸਰਦਾਰ ਜੋਧ ਸਿੰਘ ਦੀ ਬੀਰਤਾ ਤੇ ਯੋਗਤਾ ਤੋਂ ਐਨੇ ਪ੍ਰਸੰਨ ਹੋਏ ਜਿਸ ਦੀ ਕੋਈ ਹੱਦ ਨਹੀਂ ਸੀ। ਆਪ ਦੇ ਫੱਟ ਦੇ ਇਲਾਜ ਦਾ ਝਟਾ-ਪਟ ਪ੍ਰਬੰਧ ਕੀਤਾ ਗਿਆ। ਫਿਰ ਕਦਰ-ਦਾਨ ਮਹਾਰਾਜਾ ਨੇ ਬਹੁਤ ਬੜੀ ਜਾਗੀਰ ਸਣੇ ਬਹੁਮੁੱਲੇ ਖਿਲਤ ਦੇ ਆਪ ਨੂੰ ਬਖਸ਼ੀ।

ਇਸ ਤਰ੍ਹਾਂ ਚਿਨੋਟ ਦਾ ਸਾਰਾ ਇਲਾਕਾ ਖਾਲਸਾ ਰਾਜ ਨਾਲ ਮਿਲਾ ਲਿਆ ਗਿਆ। ਪਹਿਲੇ ਮਾਲਕਾਂ ਨੂੰ ਗੁਜ਼ਾਰੇ ਲਈ ਯੋਗ ਜਾਗੀਰ ਦਿੱਤੀ ਗਈ। ਇਸ ਸਫ਼ਲ ਮੁਹਿੰਮ ਦੇ ਬਾਅਦ ਸ਼ੇਰਿ-ਪੰਜਾਬ ਸਣੇ ਆਪਣੇ ਸੂਰਮਿਆਂ ਦੇ ਲਾਹੌਰ ਵਲ ਪਰਤ ਆਏ। ਇਹ ਗੱਲ ਦਸੰਬਰ ਸੰਨ ੧੮੦੨ ਦੀ ਹੈ।

## ਹੋਰ ਘਾਲਾਂ

ਉਪਰੋਕਤ ਸੰਗਰਾਮਾਂ ਦੇ ਉਪਰੰਤ ਆਪ ਸੰਨ ੧੮੧੯ ਤਕ ਹੋਈਆਂ ਸਾਰੀਆਂ ਲੜਾਈਆਂ ਵਿਚ ਮੋਹਰੀ ਹੋ ਕੇ ਹਿੱਸਾ ਲੈਂਦੇ ਰਹੇ।

ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚੋਂ ਸੰਨ ੧੮੧੩ ਵਿਚ ਅਟਕ ਅਤੇ ਸੰਨ ੧੮੧੮ ਵਿਚ ਮੁਲਤਾਨ ਦੀ ਫਤਹ ਨਾਲ ਖਾਲਸੇ ਨੇ ਅਫ਼ਗਾਨੀ ਹਕੂਮਤ ਦਾ ਅੰਤ ਕਰ ਦਿਤਾ ਸੀ। ਇਨ੍ਹਾਂ ਦਾ ਇਕੋ ਇਕ ਗੜ੍ਹ ਕਸ਼ਮੀਰ ਬਾਕੀ ਰਹਿ ਗਿਆ ਸੀ। ਸ਼ੇਰਿ ਪੰਜਾਬ ਇਸ ਭੇਦ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿ ਜਦ ਤਕ ਕਸ਼ਮੀਰ ਵਿਚ ਇਸਲਾਮੀ ਹਕੂਮਤ ਨੂੰ ਮੁਕਾਇਆ ਨਾ ਜਾਏ, ਪੰਜਾਬ ਨੂੰ ਖਤਰੇ ਤੋਂ ਪੂਰੀ ਤਰ੍ਹਾਂ ਸੁਰਖਯਤ ਨਹੀਂ ਕੀਤਾ ਜਾ ਸਕਦਾ।

ਦੂਜਾ ਇਨ੍ਹਾਂ ਦਿਨਾਂ ਵਿਚ ਹੀ ਪੰਡਤ ਬੀਰਬਲ ਅਤੇ ਕੁਝ ਹੋਰ ਦੁਖੀਏ ਜਿਹੜੇ ਕਸ਼ਮੀਰ ਦੇ ਹਾਕਮਾਂ ਦੇ ਜ਼ੁਲਮ ਤੋਂ ਬਰਬਾਦ ਹੋ ਚੁਕੇ ਸਨ ਸ਼ੇਰਿ ਪੰਜਾਬ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਇਨ੍ਹਾਂ ਐਸੇ ਕੀਰਨੇ ਪਾਏ, ਜਿਸ ਨੂੰ ਸੁਣ ਕੇ ਮਹਾਰਾਜਾ ਸਾਹਿਬ ਨੇ ਹੁਣ ਬਿਨਾਂ ਕਿਸੇ ਦੇਰ ਦੇ ਕਸ਼ਮੀਰ ਪਰ ਚੜ੍ਹਾਈ ਦੀ ਤਿਆਰੀ ਦਾ ਹੁਕਮ ਦੇ ਦਿਤਾ।



Sri Satguru Jagjit Singh Ji eLibrary NamdhariElibrary@gmail.com

ਉਪਰੋਕਤ ਹੁਕਮ ਅਨੁਸਾਰ ਸੰਨ ੧੮੧੯ ਦੀ ਗਰਮੀ ਦੀ ਰੁਤ ਦੇ ਅਰੰਭ ਹੁੰਦਿਆਂ ਹੀ ਸਾਰੇ ਪ੍ਰਬੰਧ ਆਪਣੀ ਦ੍ਰਿਸ਼ਟੀ ਹੇਠ ਤਿਆਰ ਕਰਵਾ ਲਏ। ਹੁਣ ੩੦,੦੦੦ ਫੌਜ ਆਪਣੇ ਨਾਮੀ ਸਰਦਾਰਾਂ ਦੀ ਸੌਂਪਣੀ ਵਿਚ ਸੌਂਪ ਕੇ ਕਸ਼ਮੀਰ ਪਰ ਚੜ੍ਹਾਈ ਕਰ ਦਿੱਤੀ।

## ਖਾਲਸਾ ਰਾਜ ਲਈ ਆਪਾ ਵਾਰਨਾ

ਕਸ਼ਮੀਰ ਨੂੰ ਖਾਲਸੇ ਦੇ ਹੱਥੋਂ ਬਚਾਉਣ ਲਈ ਬਹਾਦਰ ਬਾਰਕਜ਼ਈਆਂ ਲਗਦੇ ਵਾਹ ਆਪਣੇ ਵਲੋਂ ਕੋਈ ਕਸਰ ਪਿੱਛੇ ਨਾ ਰਹਿਣ ਦਿੱਤੀ। ਉਹ ਸੂਰਮਿਆਂ ਵਾਂਗ ਇਸ ਦੀ ਰੱਖਿਆ ਲਈ ਡਟ ਕੇ ਲੜੇ ਪਰ ਛੇਕੜ ਕੁਦਰਤ ਨੇ ਇਨ੍ਹਾਂ ਦੁਖੀ ਕਸ਼ਮੀਰੀਆਂ ਦੀਆਂ ਪੁਕਾਰਾਂ ਸੁਣ ਲਈਆਂ ਤੇ ਖਾਲਸੇ ਨੂੰ ਪੂਰੀ ਪੂਰੀ ਫਤਹ ਬਖਸ਼ੀ।

ਪਰ ਪਾਠਕਾਂ ਨੂੰ ਮਾਲੂਮ ਰਹੇ ਕਿ ਇਹ ਫਤਹ ਕੋਈ ਸਸਤੇ ਭਾ ਨਹੀਂ ਸੀ ਪ੍ਰਾਪਤ ਹੋਈ। ਇਸ ਮਹਾਂ ਕਾਰਜ ਨੂੰ ਸਿਰੇ ਚੜ੍ਹਾਣ ਲਈ ਬੜੀਆਂ ਕੀਮਤੀ ਜਾਨਾਂ ਨੇ ਆਪਣਾ ਬਲੀਦਾਨ ਕੀਤਾ ਸੀ। ਇਨ੍ਹਾਂ ਵਿਚੋਂ ਖਾਲਸੇ ਦੀ ਮਾਣਯੋਗ ਹਸਤੀ ਸਰਦਾਰ ਜੋਧ ਸਿੰਘ ਰੂਸਾ ਨੇ ਆਪਣੇ ਖਾਲਸਾ ਰਾਜ ਦੇ ਵਾਧੇ ਅਤੇ ਪਕਿਆਈ ਲਈ ਇਥੇ ਹੀ ਆਪਣੀ ਕੀਮਤੀ ਜਾਨ ਵਾਰੀ ਸੀ।

ਸ਼ੇਰਿ ਪੰਜਾਬ ਨੂੰ ਜਦ ਆਪ ਦੀ ਇਸ ਕੁਰਬਾਨੀ ਦਾ ਪਤਾ ਲੱਗਾ ਤਾਂ ਆਪ ਨੇ ਬੜਾ ਦੁਖ ਮਨਾਇਆ ਅਤੇ ਕਦਰਦਾਨੀ ਵਜੋਂ ਆਪ ਦੇ ਸਪੁੱਤ੍ਰਾਂ ਨੂੰ ਵੱਡੀ ਜ਼ਿਮੇਵਾਰੀ ਦੇ ਅਹੁਦੇ ਤੇ ਹੋਰ ਜਗੀਰਾਂ ਬਖਸ਼ੀਆਂ।

## ਸਭ ਤੋਂ ਵੱਡੀ ਕੁਰਬਾਨੀ

ਸਰਦਾਰ ਜੋਧ ਸਿੰਘ ਨੂੰ ਕਰਤਾਰ ਨੇ ਸੱਤ ਪੁਤ੍ਰ ਬਖਸ਼ੇ ਸਨ। ਜਿਨ੍ਹਾਂ ਦੇ ਨਾਮ ਇਹ ਹਨ :- (੧) ਸਰਦਾਰ ਦਿਆਲ ਸਿੰਘ, (੨) ਸਰਦਾਰ ਦੀਵਾਨ ਸਿੰਘ, (੩) ਸਰਦਾਰ ਭਗਵਾਨ ਸਿੰਘ, (੪) ਸਰਦਾਰ ਮੇਘ ਸਿੰਘ, (੫) ਸਰਦਾਰ ਤੇਗ ਸਿੰਘ, (੬) ਸਰਦਾਰ ਖਜ਼ਾਨ ਸਿੰਘ, (੭) ਸਰਦਾਰ ਮਰਦਾਨ ਸਿੰਘ।

ਇਹ ਸਾਰੇ ਖਾਲਸਾ ਰਾਜ ਦੀ ਜੰਗੀ ਸੇਵਾ ਕਰਦੇ ਰਹੇ ਇਨ੍ਹਾਂ ਵਿਚੋਂ ਸਰਦਾਰ ਮੇਘ ਸਿੰਘ ਨੇ ਮਾਂਗਲੀ (ਹਜ਼ਾਰੇ) ਦੀ ਪ੍ਰਸਿੱਧ ਫ਼ਤਹ ਲਈ ੧੮੨੧ ਵਿਚ ਆਪਾ ਵਾਰ ਦਿਤਾ ਸੀ। ਇਸੇ ਤਰ੍ਹਾਂ ਦਸੰਬਰ ਸੰਨ ੧੮੪੫ ਨੂੰ ਫੇਰੂ ਸ਼ਹਿਰ ਦੀ ਲੜਾਈ ਸਮੇਂ, ਰਣ ਤੱਤੇ ਵਿਚ ਸਰਦਾਰ ਦਿਆਲ ਸਿੰਘ, ਸਰਦਾਰ ਜੀਵਨ ਸਿੰਘ ਤੇ ਸਰਦਾਰ ਮਰਦਾਨ ਸਿੰਘ ਤਿੰਨ ਭਾਈ ਇਕ ਥਾਂ ਖਾਲਸੇ ਦੀ ਸ਼ਾਨ ਬਚਾਂਦੇ ਹੋਏ ਕੁਰਬਾਨ ਹੋਏ ਸਨ।



Sri Satguru Jagjit Singh Ji eLibrary NamdhariElibrary@gmail.com

# ਲਖਦਾਤਾ ਸ: ਜੁਵਾਲਾ ਸਿੰਘ

## ਪਢਾਣੀਆਂ ਘਰਾਣਾ

ਇਹ ਘਰਾਣਾ ਆਪਣੇ ਪ੍ਰਸਿੱਧ ਸੂਰਬੀਰਾਂ ਅਤੇ ਅਦੁੱਤੀ ਦਾਨੀ ਹੋਣ ਦੇ ਕਾਰਨ, ਸਾਰੇ ਪੰਜਾਬ ਵਿਚ ਖਾਸ ਮਹੱਤਤਾ ਰਖਦਾ ਹੈ।

ਇਸ ਖਾਨਦਾਨ ਵਿਚ ਗੁਰਸਿਖੀ ਦੀ ਦਾਤ ਪਹਿਲਾਂ ਪਹਿਲ ਮਾਨਯੋਗ ਸਰਦਾਰ ਸੁਖਾ ਸਿੰਘ ਨੇ ਸਣੇ ਆਪਣੇ ਦੋਹਾਂ ਆਗਿਆਕਾਰ ਪੁੱਤ੍ਰਾਂ, ਸਰਦਾਰ ਮਿਤ ਸਿੰਘ ਅਤੇ ਸਾਹਿਬ ਸਿੰਘ ਨੇ ਪ੍ਰਾਪਤ ਕੀਤੀ। ਇਨ੍ਹਾਂ ਤਿੰਨਾਂ ਇਕੋ ਬਾਟੇ ਵਿਚ ਅੰਮ੍ਰਿਤ ਪਾਨ ਕੀਤਾ ਸੀ।

## ਸਰਦਾਰ ਮਿਤ ਸਿੰਘ

ਸਰਦਾਰ ਮਿਤ ਸਿੰਘ ਦੀ ਬੀਰਤਾ ਤੇ ਸੁਘੜਤਾ ਦੇ ਕਾਰਨਾਮਿਆਂ ਦੇ ਕਾਰਨ ਇਸ ਘਰਾਣੇ ਨੇ ਵਡੀ ਪ੍ਰਸਿੱਧਤਾ ਪ੍ਰਾਪਤ ਕੀਤੀ। ਸਰਦਾਰ ਮਿਤ ਸਿੰਘ ਦਾ ਸਰਦਾਰ ਮਹਾਂ ਸਿੰਘ ਸੁਕ੍ਰਚਕੀਏ ਨਾਲ ਖਾਸ ਸਨੇਹ ਸੀ। ਸਮੇਂ ਦੀ ਲੋੜ ਅਨੁਸਾਰ ਇਹ ਇਕ ਦੂਜੇ ਦੇ ਸਹਾਈ ਬਣੇ ਰਹੇ।

ਸਰਦਾਰ ਮਹਾਂ ਸਿੰਘ ਦਾ ਜੀਵਨ ਬਹੁਤ ਲੰਮਾ ਨਹੀਂ ਸੀ। ਉਹ ਕੇਵਲ ੨੭ ਸਾਲ ਦੀ ਯੁਵਾ ਅਵਸਥਾ ਵਿਚ ੧੦ ਮਾਰਚ ਸੰਨ੧੭੯੨ ਵਿਚ ਪੇਚਸ਼ ਦੀ ਬੀਮਾਰੀ ਨਾਲ ਚੜ੍ਹਾਈ ਕਰ ਗਿਆ। ਇਹ ਬੜੀ ਅਸਚਰਜਤਾ ਦੀ ਗੱਲ ਹੈ ਕਿ ਜਿਹਾ ਸਰਦਾਰ ਮਹਾਂ ਸਿੰਘ ਆਪਣੇ ਪਿਤਾ, ਸਰਦਾਰ ਚੜ੍ਹਤ ਸਿੰਘ ਦੇ ਘਰ ਇਕਲੌਤਾ ਪੁੱਤ੍ਰ ਸੀ, ਤਿਹਾ ਹੀ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਸਰਦਾਰ ਮਹਾਂ ਸਿੰਘ ਦੇ ਘਰ ਇਕੋ ਲਾਲ ਸੀ।

## ਸ਼ੇਰਿ-ਪੰਜਾਬ ਦੀ ਬਾਲ ਅਵਸਥਾ ਵਿਚ ਪ੍ਰਿਤਪਾਲਣਾ ਕਰਨੀ

ਸਰਦਾਰ ਮਹਾਂ ਸਿੰਘ ਦੀਆਂ ਅਖਾਂ ਮੀਟਣ ਸਮੇਂ, ਲਾਡਲੇ ਰਣਜੀਤ ਸਿੰਘ ਦੀ ਉਮਰ ਦਸਾਂ ਸਾਲਾਂ ਤੋਂ ਵੀ ਘਟ ਸੀ। ਇਸ ਬਾਲਕ ਦੇ ਸਿਰ ਤੋਂ ਪਿਤਾ ਦਾ ਛਤ੍ਰ ਉਠ ਜਾਣ ਪਰ ਇਹ ਸੰਸਾਰ ਦੇ ਔਨੇ ਧੰਦਿਆ ਦੇ ਸਾਂਭਨ ਲਈ ਇਕੱਲਾ ਰਹਿ ਗਿਆ ਇਸ ਦਾ ਭਾਰੀ ਬੋਝ ਇਸ ਨੂੰ ਆਪਣੇ ਹੇਠਾਂ ਡਾਢਾ ਦਬਾ ਰਿਹਾ ਸੀ, ਪਰ ਕੁਦਰਤ ਨੇ ਤਾਂ ਇਸ ਨੂੰ ਕਿਸੇ ਮਹਾਨ ਕਾਰਜ ਦੀ ਸੰਪੂਰਨਤਾ ਲਈ ਜਨਮ ਦਿਤਾ ਸੀ। ਇਸ ਲਈ ਬਾਲ ਅਵਸਥਾ ਵਿਚ ਇਸ ਦੇ ਭਾਰ ਨੂੰ ਹੌਲਾ ਕਰਨ ਤੇ ਸਹਾਰੇ ਲਈ ਇਸ ਦੇ ਸਿਰ ਪਰ ਦੋ ਐਸੀਆਂ ਸੁਘੜ ਹਸਤੀਆਂ ਖੜੀਆਂ ਕਰ ਦਿੱਤੀਆਂ, ਜਿਨ੍ਹਾਂ ਦਾ ਸ਼ੁਭ ਸਿਖਿਆ ਤੇ ਸੰਗਤ ਨਾਲ ਉਹ ਉਨ੍ਹਾਂ ਸਾਰਿਆਂ ਮਹਾਨ ਗੁਣਾਂ ਵਿਚ ਨਿਪੁੰਨ ਹੋ ਗਿਆ ਜੋਹੜੇ ਕਿਸੇ ਉਚੇ ਪਾਏ ਦੇ ਆਗੂ ਲਈ ਲੋੜੀਂਦੇ ਸਨ।

ਉਨ੍ਹਾਂ ਦੋਹਾਂ ਵਿਅਕਤੀਆਂ ਵਿਚ ਇਕ ਤਾਂ ਸ਼ੇਰਿ-ਪੰਜਾਬ ਦੀ ਸੱਸ, ਰਾਣੀ ਸਦਾ ਕੌਰ



Sri Satguru Jagjit Singh Ji eLibrary NamdhariElibrary@gmail.com

ਸੀ. ਜਿਹੜੀ ਇਸਤ੍ਰੀ ਜਾਤੀ ਦੀ ਪੱਤ ਨੂੰ ਧੁਰ ਅਕਾਸ਼ ਪਰ ਸੂਰਜ ਵਾਂਗ ਚਮਕਾ ਗਈ ਹੈ, ਅਤੇ ਦੂਜਾ ਸਹਾਇਕ ਮਾਨਯੋਗ ਸਰਦਾਰ ਮਿੱਤ ਸਿੰਘ ਸੀ।

ਸਰਦਾਰ ਮਿੱਤ ਸਿੰਘ ਨੂੰ ਇਸ ਗੱਲ ਦੀ ਸਦੀਵੀ ਵਡਿਆਈ ਪ੍ਰਾਪਤ ਹੈ ਕਿ ਸ਼ੇਰਿ-ਪੰਜਾਬ ਨੂੰ ਏਨੇ ਉੱਚ ਗੁਣਾਂ ਨਾਲ ਭੂਸ਼ਤ ਕਰਨ ਵਿਚ ਬਹੁਤ ਸਾਰਾ ਹਿੱਸਾ ਏਸੇ ਪਢਾਣੀਏਂ ਸਰਦਾਰ ਨੇ ਹੀ ਲਿਆ ਸੀ।

## ਖਾਲਸਾ ਰਾਜ ਦੀ ਨੀਂਹ ਰਖਣ ਲਈ ਪ੍ਰੇਰਣਾ

ਇਥੇ ਹੀ ਬਸ ਨਹੀਂ, ਸਰਦਾਰ ਮਿਤ ਸਿੰਘ ਇਸ ਮਾਣ ਦਾ ਵੀ ਯੋਗ ਹਕਦਾਰ ਸੀ ਕਿ ਜਦ ਸ਼ੇਰਿ-ਪੰਜਾਬ ਜਵਾਨ ਹੋਇਆ ਤਾਂ ਇਸ ਨੂੰ ਪਿਆਰੇ ਪੰਜਾਬ ਨੂੰ ਗ਼ੈਰਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਨ ਵਾਲੇ ਪ੍ਰੇਰਕਾਂ ਵਿਚੋਂ ਆਪ ਦਾ ਨਾਮ ਖ਼ਾਸ ਲਿਖਤ ਯੋਗ ਹੈ।

## ਖਾਲਸਾ ਰਾਜ ਦੀ ਬ੍ਰਿਧੀ ਲਈ ਹੋਰ ਘਾਲਾਂ

ਪਿੰਡੀ ਭੱਟੀਆਂ ਤੇ ਚਨਿਓਟ ਦੇ ਸੰਗ੍ਰਾਮਾਂ ਵਿਚ ਆਪ ਨੇ ਵਧ ਚੜ੍ਹਕੇ ਤੇਗ਼ ਚਲਾਈ। ਇਸ ਕਾਰਨਾਮੇ ਬਾਰੇ ਮਹਾਰਾਜਾ ਸਾਹਿਬ ਨੇ ਆਪ ਨੂੰ ਵੱਡੀ ਜਾਗੀਰ ਬਖ਼ਸ਼ੀ। ਇਸ ਦੇ ਉਪਰੰਤ ਕਸੂਰ ਦੇ ਖੇਸ਼ਗੀ ਪਠਾਣਾਂ ਨਾਲ ਖਾਲਸੇ ਦੀ ਜ਼ੋਰ ਅਜ਼ਮਾਈ ਦਾ ਸਮਾਂ ਆਇਆ ਜਿਸ ਵਿਚ ਆਪ ਨੇ ਵਡਾ ਨਾਮਣਾ ਪਾਇਆ।

## ਸੀਸ ਵਾਰਨਾ

ਇਨ੍ਹਾਂ ਉਪਰੋਕਤ ਕਾਰਨਾਮਿਆਂ ਤੋਂ ਛੁਟ ਆਪ ਦੇ ਜੀਵਨ ਦਾ ਸਭ ਤੋਂ ਵੱਡਾ ਕਰਤਵ, ਜਿਸ ਨਾਲ ਆਪ ਦਾ ਤੇ ਆਪ ਦੇ ਮਾਨਯੋਗ ਘਰਾਣੇ ਦਾ ਨਾਮ ਸਦਾ ਲਈ ਅਮਿਟ ਹੋ ਗਿਆ ਸੀ ਉਹ ਸੰਨ ੧੮੧੪ ਵਾਲੀ ਕਸ਼ਮੀਰ ਦੀ ਮੁਹਿੰਮ ਸੀ। ਇਸ ਸਮੇਂ ਆਪ ਨੇ ਆਪਣਾ ਸੀਸ ਤਲੀ ਪਰ ਰਖਕੇ ਵੈਰੀ ਦੀਆਂ ਸਫਾਂ ਦਾ ਐਸਾ ਸਫਾਇਆ ਕੀਤਾ, ਕਿ ਇਕੱਲੇ ਹੱਥ ਕਈਆਂ ਨੂੰ ਤਲਵਾਰ ਦੀ ਧਾਰ ਤੋਂ ਪਾਰ ਬੁਲਾਇਆ। ਛੇਕੜ ਕਈਆਂ ਗ਼ਨੀਮਾਂ ਦੇ ਟਾਕਰੇ ਪਰ ਹੱਥੋ ਹੱਥ ਲੜਦਿਆਂ ਆਪ ਨੂੰ ਇਕ ਬਰਛੀ ਦਾ ਐਨਾ ਕਰੜਾ ਘਾਓ ਲਗਾ, ਜਿਸ ਨਾਲ ਆਪ ਦਾ ਭੌਰ ਉਥੇ ਹੀ ਉਡਾਰੀਆਂ ਲਾ ਗਿਆ।

## ਸਰਦਾਰ ਜੁਵਾਲਾ ਸਿੰਘ ਤੇ ਸ਼ੇਰਿ-ਪੰਜਾਬ ਦੀ ਪ੍ਰਤਿਗਿਆ

ਸਰਦਾਰ ਮਿਤ ਸਿੰਘ ਦੀ ਖਾਲਸਾ ਰਾਜ ਲਈ ਇਸ ਵੱਡਮੁੱਲੀ ਕੁਰਬਾਨੀ ਦਾ ਅਸਰ ਸ਼ੇਰਿ-ਪੰਜਾਬ ਦੇ ਮਨ ਪਰ ਐਸਾ ਡੂੰਘਾ ਪਿਆ ਜਿਹੜਾ ਸਰਕਾਰ ਨੂੰ ਜੀਵਨ ਪ੍ਰਯੰਤ ਕਦੇ ਨਾ ਭੁਲਿਆ।

ਆਪ ਨੇ ਇਕ ਭਰੇ ਦਰਬਾਰ ਵਿਚ ਸਰਦਾਰ ਮਿਤ ਸਿੰਘ ਦੀ ਰਾਜ ਭਗਤੀ ਦੀ ਸ਼ਲਾਘਾ ਬੜੇ ਜ਼ੋਰਦਾਰ ਸ਼ਬਦਾਂ ਵਿਚ ਕੀਤੀ ਅਤੇ ਨਾਲ ਹੀ ਇਹ ਵੀ ਪ੍ਰਤਿਗਿਆ ਕੀਤੀ ਸੀ ਕਿ ਜਿਸ ਤਰ੍ਹਾਂ ਬਾਲ ਅਵਸਥਾ ਵਿਚ ਹੀ ਸਰਦਾਰ ਮਿਤ ਸਿੰਘ ਨੇ ਮੇਰੇ ਪਿਤਾ ਜੀ ਦੇ ਚਲਾਣੇ ਦੇ ਬਾਅਦ



Sri Satguru Jagjit Singh Ji eLibrary NamdhariElibrary@gmail.com

ਮੇਰੀ ਪ੍ਰਵਰਸ਼ ਕੀਤੀ ਸੀ. ਉਸੇ ਤਰ੍ਹਾਂ ਮੈਂ ਵੀ ਹੁਣ ਸਰਦਾਰ ਮਿਤ ਸਿੰਘ ਦੇ ਪਿਛੇ ਰਹਿ ਗਏ ਨਿਕੇ ਸਪੁੱਤ੍ਰ ਜਵਾਲਾ ਸਿੰਘ ਦੀ ਪ੍ਰਿਤਪਾਲਨਾ ਆਪਣਾ ਧਰਮ ਸਮਝ ਕੇ ਕਰਾਂਗਾ।

ਸਰਕਾਰ ਨੇ ਆਪਣੀ ਇਸ ਪ੍ਰਤਿੱਗਿਆ ਨੂੰ ਪੂਰੀ ਤਰ੍ਹਾਂ ਨਿਭਾਇਆ। ਸਰਦਾਰ ਜੁਵਾਲਾ ਸਿੰਘ ਨੂੰ ਇਸੇ ਨਿਕੀ ਉਮਰ ਵਿਚ ਆਪਣੇ ਪਿਤਾ ਦੀ ਸਾਰੀ ਜਾਗੀਰ ਜੋ ੧੨੫੦੦੦ ਰੁਪਏ ਸਾਲਾਨਾ ਆਮਦਨੀ ਦੀ ਸੀ ਦੇ ਦਿੱਤੀ।

## ਸ਼ੇਰਿ-ਪੰਜਾਬ ਵਾਲੇ ਗੁਣ

ਸਰਦਾਰ ਜੁਵਾਲਾ ਸਿੰਘ ਦੀ ਪ੍ਰਿਤਪਾਲਨਾ ਸ਼ੇਰਿ ਪੰਜਾਬ ਦੀ ਆਪਣੀ ਨਿਗਰਾਨੀ ਵਿਚ ਹੋਈ ਸੀ ਇਸ ਲਈ ਉਸ ਬਹੁਤ ਸਾਰੇ ਉਚ ਗੁਣ, ਜੇਹੜੇ ਸ਼ੇਰਿ ਪੰਜਾਬ ਦੇ ਜੀਵਨ ਵਿਚ ਪਾਏ ਜਾਂਦੇ ਸਨ, ਉਨ੍ਹਾਂ ਵਿਚੋਂ ਬਹੁਤ ਸਾਰੇ ਸਰਦਾਰ ਜੁਆਲਾ ਸਿੰਘ ਦੇ ਵਿਚ ਵੀ ਮਿਲਦੇ ਸਨ। ਜਿਹਾ ਕਿ ਉਹ ਸਰਕਾਰ ਵਾਂਗ ਬਹਾਦਰ ਸੀ ਉਸੇ ਤਰ੍ਹਾਂ ਵਡਾ ਉਦਾਰ ਚਿਤ ਤੇ ਬਖਸ਼ੀਸ਼ ਸੁਭਾ ਦਾ ਮਾਲਕ ਸੀ। ਉਸ ਸਮੇਂ ਸਾਰੇ ਸਰਦਾਰਾਂ ਵਿਚ ਇਹ ਗੱਲ ਮੰਨੀ ਜਾਂਦੀ ਸੀ ਕਿ ਸਰਦਾਰ ਜੁਵਾਲਾ ਸਿੰਘ ਵਰਗਾ ਖੁਲ੍ਹ-ਦਿਲਾ ਦਾਨੀ ਸ਼ੇਰਿ ਪੰਜਾਬ ਤੋਂ ਉਤਰ ਕੇ ਹੋਰ ਕੋਈ ਨਹੀਂ ਸੀ ਮਿਲਦਾ।

## ਸਰਦਾਰ ਜੁਵਾਲਾ ਸਿੰਘ ਦੀ ਅਦੁਤੀ ਉਦਾਰ-ਚਿਤੀ

ਆਪ ਦੀ ਖੁਲ੍ਹ-ਦਿਲੀ ਦੀਆਂ ਅਨੇਕਾਂ ਮਿਸਾਲਾਂ ਵਿਚੋਂ ਕੁਝ ਕੁ ਪ੍ਰਸਿੱਧ ਨਜ਼ੀਰਾਂ ਇਥੇ ਦੇਂਦਾ ਹਾਂ। ਸਰਦਾਰ ਵਿਸਾਖਾ ਸਿੰਘ ਚਮਿਆਰੀ ਵਾਲਾ ਸ਼ਾਹਜ਼ਾਦਾ ਸ਼ੇਰ ਸਿੰਘ ਦੀ ਕਸ਼ਮੀਰ ਦੀ ਗਵਰਨਰੀ ਸਮੇਂ ਨਾਜ਼ਮ ਖਜ਼ਾਨਾ ਸੀ। ਆਪ ਦੀ ਤਹਿਤ ਵਿਚ ਕਈ ਕਸ਼ਮੀਰੀ ਮੁਤਸੱਦੀ ਸਨ ਜੇਹੜੇ ਰਜਿਸਟਰਾਂ ਦੀ ਲਿਖਤ ਪੜ੍ਹਤ ਤੇ ਹਿਸਾਬ ਰਖਣ ਦਾ ਕੰਮ ਕਰਦੇ ਸਨ।

ਸਰਦਾਰ ਵਿਸਾਖਾ ਸਿੰਘ ਸੁਭਾਵਕ ਬੜਾ ਨੇਕ ਪੁਰਸ਼ ਸੀ ਅਤੇ ਉਹ ਆਪਣੇ ਮੁਨਸ਼ੀਆਂ ਪਰ ਲੋੜ ਤੋਂ ਵਧ ਭਰੋਸਾ ਰਖਦਾ ਸੀ। ਸੰਸਾਰ ਪਰ ਬਹੁਤ ਘਟ ਲੋਕ ਐਸੇ ਹੋਣਗੇ ਜਿਹੜੇ ਕਿਸੇ ਦੇ ਭਰੋਸੇ ਦੀ ਸੁਚੱਜਤਾ ਨਾਲ ਵਰਤੋਂ ਜਾਣਦੇ ਹਨ।

ਸਰਦਾਰ ਜੀ ਦੀ ਇਸ ਕ੍ਰਿਯਾ ਦਾ ਅਯੋਗ ਲਾਭ ਪ੍ਰਾਪਤ ਕਰ ਕੇ ਇਨ੍ਹਾਂ ਮੁਨਸ਼ੀਆਂ ਤੇ ਸੰਦੂਕ-ਬਰਦਾਰਾਂ ਖਜ਼ਾਨੇ ਦਾ ਬਹੁਤ ਸਾਰਾ ਰੁਪਿਆ ਗਬਨ ਕਰ ਲਿਆ। ਮਹਾਰਾਜਾ ਸਾਹਿਬ ਨੇ ਜਦ ਸਰਦਾਰ ਵਿਸਾਖਾ ਸਿੰਘ ਨੂੰ ਲਾਹੌਰ ਬੁਲਾਕੇ ਹਿਸਾਬ ਦੀ ਪੜਤਾਲ ਕਰਵਾਈ ਤਾਂ ੧੨੫੦੦੦ ਰੁਪਏ ਦਾ ਘਾਟਾ ਨਿਕਲਿਆ।

ਸਰਦਾਰ ਵਿਸਾਖਾ ਸਿੰਘ ਬੜਾ ਪਤਵੰਤਾ ਸਰਦਾਰ ਸੀ, ਇਕ ਪਾਸੇ ਇਸ ਨੂੰ ਸ਼ੇਰਿ ਪੰਜਾਬ ਦੀ ਨਰਾਜ਼ਗੀ ਦਾ ਡਰ ਦੂਜਾ ਆਪਣੀ ਇੱਜ਼ਤ ਨੂੰ ਖਤਰੇ ਵਿਚ ਦੇਖ ਕੇ ਉਹ ਡਾਢਾ ਘਬਰਾ ਗਿਆ।

## ਸਰਦਾਰ ਵਿਸਾਖਾ ਸਿੰਘ ਦੇ ਬਦਲੇ ਸਵਾ ਲੱਖ ਰੁਪਿਆ ਤਾਰਨਾ

ਇਸ ਭੈ ਦਾ ਸਰਦਾਰ ਵਿਸਾਖਾ ਸਿੰਘ ਦੀ ਮਨ ਪਰ ਬੜਾ ਭੈੜਾ ਅਸਰ ਪਿਆ ਜਿਸ ਨਾਲ ਉਸ ਦੀ ਹੋਸ਼ ਟਿਕਾਣੇ ਨਾ ਰਹੀ। ਇਸ ਸਮੇਂ ਸੰਜੋਗ ਨਾਲ ਸ: ਜੁਵਾਲਾ ਸਿੰਘ ਦਰਬਾਰ ਵਲ ਆ ਰਿਹਾ ਸੀ। ਉਸ ਨੂੰ ਤੱਕ ਕੇ ਸ: ਵਿਸਾਖਾ ਸਿੰਘ, ਸਰਦਾਰ ਜੁਵਾਲਾ ਸਿੰਘ ਦੇ ਸਾਹਮਣੇ ਜਾ ਖਲੋਤਾ



Sri Satguru Jagjit Singh Ji eLibrary NamdhariElibrary@gmail.com

ਤੇ ਥਰ ਥਰ ਕੰਬਦੇ ਨੇ ਆਖਿਆ : 'ਲਖ ਦਾਤਾ ਸਰਦਾਰ ਜੀ ਮੇਰੀ ਪਤ ਵਡੇ ਖਤਰੇ ਵਿਚ ਹੈ। ਆਪਣੇ ਸਤਿਗੁਰੂ ਦੇ ਵਾਸਤੇ ਮੇਰੀ ਇਜ਼ਤ ਬਚਾ ਲਵੋ।' ਸਰਦਾਰ ਵਿਸਾਖਾ ਸਿੰਘ ਦੀ ਐਸੀ ਤਰਸ ਯੋਗ ਦਸ਼ਾ ਦੇਖ ਕੇ, ਸਰਦਾਰ ਜੁਵਾਲਾ ਸਿੰਘ ਦਾ ਮਨ ਭਰ ਆਇਆ ਤੇ ਆਪ ਕਿਸੇ ਲੰਮੀ ਸੋਚ ਵਿਚ ਪੈਣ ਤੋਂ ਬਿਨਾਂ ਹੀ ਸਿਧੇ ਸ਼ੇਰਿ ਪੰਜਾਬ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ ਸਰਦਾਰ ਵਿਸਾਖਾ ਸਿੰਘ ਦੀ ਕਮੀ ਦੇ ਰੁਪਏ ਦਾ ਮੈਂ ਜ਼ਿਮੇਂਵਾਰ ਹਾਂ ਅੱਜ ਲੌਢੇ ਪਹਿਰ ਤਕ ਸਾਰੇ ਰੁਪਏ ਮੈਂ ਤਾਰ ਦਿਆਂਗਾ ਅਤੇ ਇਸ ਨੂੰ ਬਖ਼ਸ਼ ਦਿਤਾ ਜਾਏ।

ਸ਼ੇਰਿ-ਪੰਜਾਬ ਨੇ ਇਸ ਵਿਚ ਕੀ ਉਜ਼ਰ ਕਰਨਾ ਸੀ। ਠੀਕ ਸਮੇਂ ਸਿਰ ਸਰਦਾਰ ਜੁਵਾਲਾ ਸਿੰਘ ਨੇ ੧੨੫੦੦੦ ਰੁਪਈਆ ਸਰਕਾਰੀ ਖਜ਼ਾਨੇ ਵਿਚ ਦਾਖਲ ਕਰਕੇ ਇਸ ਪਤਵੰਤੇ ਦੀ ਪਤ ਨੂੰ ਇਸ ਤਰ੍ਹਾਂ ਬਚਾ ਲਿਆ।

ਇਹ ਗੱਲ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਇਹ ਇਕ ਲੱਖ ਪਚੀ ਹਜ਼ਾਰ ਰੁਪਈਆ ਸਰਦਾਰ ਜੁਵਾਲਾ ਸਿੰਘ ਨੇ ਨਾ ਕਿਸੇ ਤੋਂ ਮੁੜ ਮੰਗਿਆ ਅਤੇ ਨਾ ਹੀ ਕਿਸੇ ਨੇ ਇਸ ਨੂੰ ਮੋੜ ਕੇ ਦਿਤਾ। ਇਸ ਤੋਂ ਅਸੀਂ ਸੌਖੇ ਹੀ ਅਨੁਭਵ ਕਰ ਸਕਦੇ ਹਾਂ ਕਿ ਸਰਦਾਰ ਜੁਵਾਲਾ ਸਿੰਘ ਕੈਸੇ ਵਿਸ਼ਾਲ ਹਿਰਦੇ ਦਾ ਮਾਲਕ ਸੀ।

ਆਪ ਨੇ ਆਪਣੀ ਬੀਮਾਰੀ ਸਮੇਂ ਵੀ ਲੱਖਾਂ ਰੁਪੈ ਧਰਮ ਕਾਰਜਾਂ ਲਈ ਦਾਨ ਕੀਤੇ ਸਨ। ਇਹੀ ਕਾਰਨ ਹੈ ਕਿ ਸਰਦਾਰ ਜੁਵਾਲਾ ਸਿੰਘ ਦਾ ਨਾਮ ਅਜੇ ਤੀਕ ਵੀ ਬੱਚੇ ਬੱਚੇ ਨੂੰ ਯਾਦ ਹੈ।

ਇਹ ਸਾਰੇ ਗੁਣ ਆਪ ਨੇ ਆਪਣੇ ਕ੍ਰਿਪਾਲੂ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਗ੍ਰੈਹਣ ਕੀਤੇ ਸਨ। ਆਪ ਬੜੀ ਪਤ ਤੇ ਸ਼ਾਨ ਨਾਲ ਆਪਣਾ ਜੀਵਨ ਬਤੀਤ ਕਰਦੇ ਹੋਏ ਸੰਨ ੧੮੩੫ ਦੀਆਂ ਗਰਮੀਆਂ ਵਿਚ ਸੰਸਾਰ ਤੋਂ ਚੜ੍ਹਾਈ ਕਰ ਗਏ, ਪਰ ਆਪਣਾ ਨਾਮ ਸਦਾ ਲਈ ਜੀਊਂਦਾ ਛੱਡ ਗਏ।

## ਇਸ ਘਰਾਣੇ ਦੀਆਂ ਰਾਜ ਲਈ ਹੋਰ ਘਾਲਾਂ

ਸਰਦਾਰ ਜੁਵਾਲਾ ਸਿੰਘ ਦੇ ਬਾਅਦ ਆਪ ਦਾ ਪੁੱਤ੍ਰ ਸਰਦਾਰ ਹਰਦਿਤ ਸਿੰਘ ਤੇ ਪੋਤ੍ਰਾ ਸਰਦਾਰ ਸਾਧੂ ਸਿੰਘ ਵੀ ਖਾਲਸਾ ਰਾਜ ਦੀ ਫੌਜੀ ਅਤੇ ਮੁਲਕੀ ਸੇਵਾ ਵਧ ਵਧ ਕੇ ਕਰਦੇ ਰਹੇ।

* * *



Sri Satguru Jagjit Singh Ji eLibrary NamdhariElibrary@gmail.com

# ਧਾਰਮਿਕ ਤੇ ਇਤਿਹਾਸਕ

| | | |
|---|---|---|
| ਨਾਨਕ ਨਿਰਮਲ ਪੰਥ ਚਲਾਇਆ | ਨਰੈਣ ਸਿੰਘ | 40.00 |
| ਸਿੱਖ ਇਤਿਹਾਸ | ਕਨਿੰਘਮ | 200.00 |
| ਸਿੱਖ ਇਤਿਹਾਸ ਦੇ ਸੋਮੇ (ਭਾਗ ਪਹਿਲਾ) | ਸੋਹਣ ਸਿੰਘ ਸੀਤਲ | 100.00 |
| ਚੁੱਪ ਪ੍ਰੀਤ ਦਾ ਸ਼ਹਿਨਸ਼ਾਹ | | |
| ਬਿਉਪਾਰੀ ਅਤੇ ਹੋਰ ਲੇਖ | ਪ੍ਰੋ. ਪੂਰਨ ਸਿੰਘ | 50.00 |
| ਗੁਰੂ ਮਾਨਿਓ ਗ੍ਰੰਥ | ਇਕਬਾਲ ਸਿੰਘ ਕੋਹਲੀ | 35.00 |
| ਗੁਰਬਾਣੀ ਉਚਾਰ ਭੇਦ | ਗਿ. ਬਚਨ ਸਿੰਘ ਸੋਹੀ | 100.00 |
| ਪਾਰਸ ਭਾਗ (ਪੇ. ਬੈਕ 60) | ਡਾ. ਗੁਰਮੁਖ ਸਿੰਘ | 80.00 |
| ਗਰੀਬੀ ਗ਼ਦਾ ਹਮਾਰੀ | ਪ੍ਰੋ. ਜੋਗਿੰਦਰ ਸਿੰਘ | 30.00 |
| ਕੱਤਕ ਕਿ ਵਿਸਾਖ | ਕਰਮ ਸਿੰਘ ਹਿਸਟੋਰੀਅਨ | 50.00 |
| ਦਸਮ ਗੁਰ ਜੀਵਨ ਤੇ ਸ਼ਖਸੀਅਤ (ਪੇ. ਬੈਕ 22) | ਡਾ. ਦੀਵਾਨ ਸਿੰਘ | 40.00 |
| ਜੀਵਨ ਚਰਿਤ੍ਰ ਬੀਬੀ ਨਾਨਕੀ (ਪੇ. ਬੈਕ 22) | ਕੇਸਰ ਸਿੰਘ ਮੁਲਤਾਨੀ | 40.00 |
| ਗੁਰੂ ਗੋਬਿੰਦ ਸਿੰਘ ਤੇ ਬੁਰਹਾਨਪੁਰ ਦਾ ਇਤਿਹਾਸ | ਬਚਨ ਸਿੰਘ ਬਚਨ | 15.00 |
| ਸਿੱਖ ਰਾਜ ਕਿਵੇਂ ਬਣਿਆ | ਸੋਹਣ ਸਿੰਘ ਸੀਤਲ | 70.00 |
| ਸਿੱਖ ਰਾਜ ਕਿਵੇਂ ਗਿਆ | ਸੋਹਣ ਸਿੰਘ ਸੀਤਲ | 80.00 |
| ਸਿੱਖ ਮਿਸਲਾਂ ਤੇ ਸਰਦਾਰ ਘਰਾਣੇ | ਸੋਹਣ ਸਿੰਘ ਸੀਤਲ | 40.00 |
| ਮੇਰੇ ਇਤਿਹਾਸਕ ਲੈਕਚਰ | ਸੋਹਣ ਸਿੰਘ ਸੀਤਲ | 40.00 |
| ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ | ਸੋਹਣ ਸਿੰਘ ਸੀਤਲ | 65.00 |
| ਸੀਤਲ ਹੁਲਾਰੇ | ਸੋਹਣ ਸਿੰਘ ਸੀਤਲ | 30.00 |
| ਸੀਤਲ ਸੁਨੇਹੇ | ਸੋਹਣ ਸਿੰਘ ਸੀਤਲ | 30.00 |
| ਸੀਤਲ ਤਰਾਨੇ | ਸੋਹਣ ਸਿੰਘ ਸੀਤਲ | 30.00 |
| ਸੀਤਲ ਤਰੰਗਾਂ | ਸੋਹਣ ਸਿੰਘ ਸੀਤਲ | 30.00 |
| ਸੀਤਲ ਪ੍ਰਕਾਸ਼ | ਸੋਹਣ ਸਿੰਘ ਸੀਤਲ | 30.00 |
| ਸੀਤਲ ਸੁਗਾਤਾਂ | ਸੋਹਣ ਸਿੰਘ ਸੀਤਲ | 30.00 |
| ਸੀਤਲ ਉਮੰਗਾਂ | ਸੋਹਣ ਸਿੰਘ ਸੀਤਲ | 30.00 |
| ਆਧੁਨਿਕ ਜਨਮ ਸਾਖੀ | ਡਾ. ਜਗਜੀਤ ਸਿੰਘ | 30.00 |
| ਯੁਗ ਪੁਰਸ਼ ਗੁਰੂ ਨਾਨਕ | ਅਮਰ ਕੋਮਲ | 25.00 |
| ਰਾਮ ਕਥਾ | ਬ੍ਰਿਜ ਲਾਲ ਸ਼ਾਸਤਰੀ | 30.00 |
| ਸਿੱਖ ਇਤਿਹਾਸ (1) | ਮੈਕਾਲਿਫ਼ | 75.00 |
| ਸਿੱਖ ਇਤਿਹਾਸ (2) | ਮੈਕਾਲਿਫ਼ | 120.00 |
| ਆਤਮ ਦਰਸ਼ਨ (ਭਾਗ 1 ਅਤੇ 2) | ਭਾਈ ਸ਼ੇਰ ਸਿੰਘ | 250.00 |
| ਵਾਹਿਗੁਰੂ ਦਰਸ਼ਨ ਭਾਗ 1 | ਭਾਈ ਸ਼ੇਰ ਸਿੰਘ | 50.00 |



Sri Satguru Jagjit Singh Ji eLibrary NamdhariElibrary@gmail.com

| | | |
|---|---|---|
| ਵਾਹਿਗੁਰੂ ਦਰਸ਼ਨ ਭਾਗ 2 | ਭਾਈ ਸ਼ੇਰ ਸਿੰਘ | 70.00 |
| ਸਤਿਗੁਰੂ ਦਰਸ਼ਨ | ਅਭੈ ਸਿੰਘ | 20.00 |
| ਭਗਤੀ ਮਤਿ ਅਤੇ ਗੁਰਮਤਿ | ਹਰਭਜਨ ਸਿੰਘ | 15.00 |
| ਸਲੋਕ ਸ਼ੇਖ ਫਰੀਦ ਸਟੀਕ | ਨਿਹਾਲ ਸਿੰਘ | 20.00 |
| ਜੀਵਨ-ਕਥਾ ਗੁਰੂ ਨਾਨਕ ਦੇਵ ਜੀ | ਪ੍ਰੋ. ਕਰਤਾਰ ਸਿੰਘ | 80.00 |
| ਜੀਵਨ-ਕਥਾ ਗੁਰੂ ਗੋਬਿੰਦ ਸਿੰਘ | ਪ੍ਰੋ. ਕਰਤਾਰ ਸਿੰਘ | 60.00 |
| ਆਸਾ ਦੀ ਵਾਰ ਸਟੀਕ | ਪ੍ਰੋ. ਕਰਤਾਰ ਸਿੰਘ | 20.00 |
| ਰਾਜ ਕੌਰ | ਮਾਨ ਸਿੰਘ | 10.00 |
| ਅਕਾਲੀ ਫੂਲਾ ਸਿੰਘ | ਬਾਬਾ ਪ੍ਰੇਮ ਸਿੰਘ ਹੋਤੀ | 30.00 |
| ਕੰਵਲ ਨੌਨਿਹਾਲ ਸਿੰਘ | ਬਾਬਾ ਪ੍ਰੇਮ ਸਿੰਘ ਹੋਤੀ | 30.00 |
| ਮਹਾਰਾਜਾ ਰਣਜੀਤ ਸਿੰਘ | ਬਾਬਾ ਪ੍ਰੇਮ ਸਿੰਘ ਹੋਤੀ | 75.00 |
| ਸ. ਹਰੀ ਸਿੰਘ ਨਲੂਆ | ਬਾਬਾ ਪ੍ਰੇਮ ਸਿੰਘ ਹੋਤੀ | 80.00 |
| ਮਹਾਰਾਜਾ ਸ਼ੇਰ ਸਿੰਘ | ਬਾਬਾ ਪ੍ਰੇਮ ਸਿੰਘ ਹੋਤੀ | 40.00 |
| ਨਵਾਬ ਕਪੂਰ ਸਿੰਘ | ਬਾਬਾ ਪ੍ਰੇਮ ਸਿੰਘ ਹੋਤੀ | 40.00 |
| ਖਾਲਸਾ ਰਾਜ ਦੇ ਉਸਰੱਈਏ-1-2 | ਬਾਬਾ ਪ੍ਰੇਮ ਸਿੰਘ ਹੋਤੀ | 150.00 |
| ਖਾਲਸਾ ਰਾਜ ਦੇ ਬਦੇਸ਼ੀ ਕਰਿੰਦੇ | ਬਾਬਾ ਪ੍ਰੇਮ ਸਿੰਘ ਹੋਤੀ | 80.00 |
| ਨੌਂ ਰਤਨ (ਪੇ. ਬੈਕ 100) | ਗਿ. ਮੇਹਰ ਸਿੰਘ | 120.00 |
| ਸਦਾਚਾਰ ਦਾ ਮਾਰਗ | ਹਰਨਾਮ ਦਾਸ | 20.00 |
| ਆਦਿ ਸਾਖੀਆਂ | ਡਾ. ਪਿਆਰ ਸਿੰਘ | 40.00 |
| ਅਨੰਤ ਦਰਸ਼ਨ | ਕਿਰਪਾਲ ਸਿੰਘ ਕਸੇਲ | 30.00 |
| ਪੰਜਾਬ ਦਾ ਸੰਖੇਪ ਇਤਿਹਾਸ | ਐਸ. ਐਸ. ਅਸ਼ੋਕ | 25.00 |
| ਸ੍ਰੀ ਅਕਾਲ ਤਖਤ ਸਾਹਿਬ (ਪੇ. ਬੈਕ 80.00) | ਸੁਖਦਿਆਲ ਸਿੰਘ | 125.00 |
| ਜਿਉਂ ਕਰ ਸੂਰਜ ਨਿਕਲਿਆ | ਬਲਜੀਤ ਸਿੰਘ ਬੱਲੀ | 20.00 |
| ਸਿੰਘ ਸਭਾ ਲਹਿਰ | ਡਾ. ਜਗਜੀਤ ਸਿੰਘ | 20.00 |
| ਜਪੁ ਵਿਆਖਿਆ | ਸੋਢੀ ਹਜ਼ਾਰਾ ਸਿੰਘ | 25.00 |
| ਭਗਤ ਰਵਿਦਾਸ ਜੀ ਤੇ ਉਨ੍ਹਾਂ ਦੀ ਬਾਣੀ | ਗੁਰਮੁਖ ਸ਼ਿਘ | 30.00 |
| ਸ੍ਰੀ ਗੁਰੂ ਤੇਗ ਬਹਾਦਰ ਜੀਵਨ ਦਰਸ਼ਨ ਤੇ ਕਲਾ | ਗੁਰਮੁਖ ਸਿੰਘ | 30.00 |
| ਜੀਵਨ ਗੁਰੂ ਤੇਗ ਬਹਾਦਰ ਜੀ | ਰਾਜਾ ਸਰ ਦਲਜੀਤ ਸਿੰਘ | 30.00 |
| ਲਾਸਾਨੀ ਸ੍ਰੀ ਗੁਰੂ ਤੇਗ ਬਹਾਦਰ ਜੀ | ਸੋਹਣ ਸਿੰਘ ਸੀਤਲ | 30.00 |
| ਅਕਾਲ ਉਸਤਤਿ ਵਿਸ਼ਲੇਸ਼ਣ ਤੇ ਵਿਆਖਿਆ | ਡਾ. ਗੁਰਮੁਖ ਸਿੰਘ | 30.00 |
| ਦੀਵਾਨ ਗੋਯਾ (ਗਜ਼ਲਾਂ ਭਾਈ ਨੰਦ ਲਾਲਲ) ਅਨੁ: | ਡਾ. ਗੁਰਦੇਵ ਸਿੰਘ ਪੰਦੋਹਲ | 70.00 |
| ਸਿੱਖੀ ਦੀ ਨਵੇਕਲੀ ਪਹਿਚਾਣ | ਸੁਰਜੀਤ ਸਿੰਘ ਭਾਟੀਆ | 150.00 |
| ਸਿੱਖ ਰਹਿਤ ਤੇ ਸਿੱਖ ਆਚਰਣ | ਸੁਰਜੀਤ ਸਿੰਘ ਭਾਟੀਆ | 150.00 |



Sri Satguru Jagjit Singh Ji eLibrary NamdhariElibrary@gmail.com